
20/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
Monthly Issue "Atam Marg"
September 2007
ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਸਾਲ ਤੇਰ੍ਹਵਾਂ, ਅੰਕ ਛੇਵਾਂ, ਮਹੀਨਾ ਸਤੰਬਰ 2007

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ

ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ


**FOREIGN (ਵਿਦੇਸ਼) CONTACT NO.**


U.S.A. - Baba Satnam Singh ji Atwal
Phone and Fax : 408-263-1844

Bhai Kuldeep Singh Sher Gill
Phone : 408-230-8319

Bibi Sukhvinder Kaur Bains
Phone : 403-270-3387

England - Bibi Gurbax Kaur / Jagtar Singh Jagi
Phone : 0121-200-2818
Fax : 0121-200-2879, **Raj Mobile** : 07968734058

Australia - Bhai Jiwan Singh ji
Phone : 03-943-65865, Fax : 03-943-65867


**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


**Postal Address for 'ATAM MARG' Enquiry, Money Order, Cheque, Draft & correspondence**

**V.G.R.M Charitable Trust 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb. India.**

**Office 'Atam Marg' Ph. No. - 0160-2255002, 2255009**

**Gurudwara Ishar Parkash Ratwara Sahib - 98551-32009**

**Mobile - 9417214391,79**

**For more information please visit us on internet at:-**

**Email : atammarg1@yahoo.co.in**

Website : www.ratwarasahib.org,
www.atammarguk.com



**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਸੰਤ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ** ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ **ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।**


# ਤੱਤਕਰਾ


1. ਬਾਰਾਮਾਹਾ 2

2. ਸੰਪਾਦਕੀ 3

3. ਚਉਥੈ ਪਹਿਰ ਸਬਾਹ ਕੈ 4

4. ਕੁੰਜੀ ਗੁਰ ਸਉਪਾਈ 5

5. ਮਨੋਭਾਵਾਂ ਦੀ ਰਚਨਾਤਮਕ ਵਰਤੋਂ 24

6. ਗੁਰਮਤਿ ਪ੍ਰਚਾਰ ਦਾ ਸੋਮਾ ਰਤਵਾੜਾ ਸਾਹਿਬ 29

6. ਮਾਨੁਖ ਤਨ ਦਾ ਪ੍ਰਯੋਜਨ 37

9. ਸੰਤ ਬਿਮਲਾ ਸਿੰਘ 49

10. ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ58


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**


ਪਰਮ ਸਤਿਕਾਰ ਯੋਗ ਬੀਜੀ - 9417214381

ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ - 9417214378

ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ 9417214383

ਜਰਨਲ - 9417214384, ਬੀ ਐਡ ਕਾਲਜ - 9417214382

ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380

ਆਡੀਓ ਵੀਡੀਓ ਲਾਇਬ੍ਰੇਰੀ 9417214385

ਅਖੰਡਪਾਠ ਬੁਕਿੰਗ 9417214386

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ0160-2255003

ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004


**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**

**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**

**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਅਸੁਨਿ

**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ।।
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਨਿ ਮਿਲਾਵੈ ਮਾਇ।।
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ।।
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ।।
ਜਿਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ।।
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ।।
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ।।
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ।।
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ।। ਅੰਗ - ੧੩੪-੩੫**

ਅੱਸੂ ਦੇ ਮਹੀਨੇ ਦੁਆਰਾ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਅੱਸੂ ਦੇ ਮਹੀਨੇ ਵਿਚ ਬਿਰਹੁ ਕੁੱਟੀ ਬਿਰਹਨ ਦੇ ਮਨ ਵਿਚ ਪ੍ਰੇਮ ਉਮੜਿਆ ਕਿ ਵਾਹਿਗੁਰੂ ਨੂੰ ਮਿਲੀਏ। ਜਗਿਆਸੂ ਦੇ ਮਨ ਤੇ ਤਨ ਵਿਚ ਪ੍ਰਭੂ ਦਰਸ਼ਨਾਂ ਦੀ ਪਿਆਸ ਲਗਦੀ ਹੈ, ਚਾਅ ਪੈਦਾ ਹੁੰਦਾ ਹੈ। ਇਹ ਸਭ ਖਿੱਚ ਜੀਵ ਅੰਦਰ ਕਦੋਂ ਪੈਦਾ ਹੁੰਦੀ ਹੈ। ਇਸ ਪ੍ਰਕਾਰ ਦੀ ਖਿੱਚ, ਚਾਅ, ਉਮਾਹ ਦੇ ਪਿਛੇ ਧੁਰ ਅੰਦਰ, ਜਿਥੇ ਪ੍ਰਭੂ ਦੀ ਅੰਸ, ਜੀਵ-ਆਤਮਾ ਦਾ ਵਾਸਾ ਹੈ, ਉਸ ਵਿਚ ਜਦੋਂ ਆਪਣੇ ਪੂਰਨ ਆਪੇ (pure-self) ਦੀ ਸੋਝੀ ਦਾ ਅਹਿਸਾਸ ਹੁੰਦਾ ਹੈ। ਇਹ ਅਹਿਸਾਸ ਕੀ ਹੈ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣ।।***

***ਅੰਗ - ੪੪੧***

ਤਾਂ ਜੀਵ, ਸਤਿਸੰਗੀਆਂ, ਗੁਰੂ ਪਿਆਰਿਆਂ, ਸੰਤਾਂ ਨੂੰ ਬੇਨਤੀ ਕਰਦਾ ਹੈ ਕਿ ਮੈਨੂੰ ਹਰੀ ਨਾਲ ਮਿਲਾਪ ਕਰਾ ਦਿਉ। ਜਗਿਆਸੂ ਨੂੰ ਇਹ ਪੂਰਨ ਵਿਸ਼ਵਾਸ਼ ਹੈ ਕਿ ਸੰਤ, ਜਿਨ੍ਹਾਂ ਨੂੰ ਪ੍ਰਭੂ ਸਾਸ-ਗਿਰਾਸ ਵਿਸਰਦਾ ਨਹੀਂ, ਪ੍ਰਭੂ ਪ੍ਰੇਮ ਦੇ ਸਹਾਈ ਹਨ, ਉਨ੍ਹਾਂ ਦੇ ਚਰਨੀਂ ਲੱਗਣ ਨਾਲ ਹੀ ਪ੍ਰਭੂ ਮਿਲਾਪ ਸੰਭਵ ਹੈ। ਗੁਰਬਾਣੀ ਵਿਚ ਸੰਤਾਂ-ਮਹਾਂਪੁਰਸ਼ਾਂ ਦੀ ਵਡਿਆਈ ਦਾ ਬੜਾ ਵਰਣਨ ਹੈ। ਅਸੀਂ ਕਈ ਵਾਰੀ ਅਗਿਆਨਤਾ ਵਸ ਸੰਤਾਂ ਦੀ ਨਿੰਦਾ ਕਰਕੇ ਆਪਣਾ-ਆਪ ਸੁਆਰਨ ਦੀ ਬਜਾਏ ਹੋਰ ਮੈਲ ਚੜ੍ਹਾ ਲੈਂਦੇ ਹਾਂ। ਗੁਰਬਾਣੀ ਦਾ ਕਥਨ ਹੈ -

***ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ।।***

***ਅੰਗ - ੭੯੩***

***ਸੰਤ ਸੰਗਿ ਅੰਤਰਿ ਪ੍ਰਭੁ ਡੀਠਾ।।***

***ਅੰਗ - ੨੯੩***

ਪ੍ਰਭੂ ਨੇ ਇਹ ਸੰਸਾਰ ਹੀ ਸੰਤਾਂ ਦੇ ਹਿਤ ਸਾਜਿਆ ਹੈ, ਭਾਵ ਜੀਵ ਦਾ ਜੀਵਨ ਮਨੋਰਥ ਸੰਤ ਵਾਲਾ ਜੀਵਨ ਧਾਰਨ ਕਰਨਾ ਹੈ। ਪ੍ਰਭੂ, ਸੰਤਾਂ ਦੇ ਸੰਗਿ ਵਸਦਾ ਹੈ ਭਾਵ ਸੰਤਾਂ ਨੇ ਪ੍ਰਭੂ ਨੂੰ ਪਾ ਲਿਆ ਹੁੰਦਾ ਹੈ। ਬਾਰਾਮਾਹ ਦੇ ਕਰਤਾ ਗੁਰੂ ਅਰਜਨ ਦੇਵ ਜੀ 'ਗੋਂਡ' ਰਾਗ ਵਿਚ ਲਿਖਦੇ ਹਨ -

***ਸੋਈ ਸੰਤੁ ਜਿ ਭਾਵੈ ਰਾਮ।। ਸੰਤ ਗੋਬਿੰਦ ਕੈ ਏਕੈ ਕਾਮ।।
ਸੰਤ ਕੈ ਸੰਗਿ ਬਸੈ ਦਿਨੁ ਰਾਤਿ।। ਸਾਸਿ ਸਾਸਿ ਸੰਤਹ ਪ੍ਰਤਿਪਾਲਿ।।***

***ਅੰਗ - ੮੬੭***

ਸੰਤਾਂ ਦੇ ਸੰਗ, ਪ੍ਰਭੂ ਰੰਗ ਚੜ੍ਹਦਾ ਹੈ। ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਕਰਨ ਨਾਲ ਪ੍ਰਭੂ ਪਿਆਰ ਪਰਪੱਕ ਹੁੰਦਾ ਹੈ ਅਤੇ ਦੁਨਿਆਵੀ ਪਿਆਰ ਫਿੱਕਾ ਦਿਸਣ ਲਗ ਪੈਂਦਾ ਹੈ। ਜਗਿਆਸੂ ਨੂੰ ਇਹ ਵਿਸ਼ਵਾਸ਼ ਬਣ ਜਾਂਦਾ ਹੈ ਕਿ ਪ੍ਰਭੂ ਦਾ ਸੁਖ ਹੀ ਅਸਲ ਸੁਖ ਹੈ। ਇਸ ਲਈ ਆਪਾ ਭਾਵ ਤਿਆਗ ਕੇ ਬੇਨਤੀ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ! ਸਾਨੂੰ ਵਿਛੜਿਆਂ ਨੂੰ ਲੜ ਲਾ ਲਉ। ਹਉਮੈ ਰੋਗ ਵੀ ਸੰਤਾਂ ਦੀ ਸੰਗਤ ਕਰਨ ਨਾਲ ਹੀ ਮਿਟਦਾ ਹੈ। ਗੁਰੂ ਅਰਜਨ ਦੇਵ ਜੀ ਗਉੜੀ ਰਾਗ ਵਿਚ ਲਿਖਦੇ ਹਨ -

***ਸੰਤ ਕੈ ਸੰਗਿ ਮਿਟਿਆ ਅਹੰਕਾਰੁ।। ਦ੍ਰਿਸਟਿ ਆਵੈ ਸਭੁ ਏਕੰਕਾਰੁ।।***

***ਅੰਗ - ੧੯੯***

ਸੰਤਾਂ ਦੀ ਸੰਗਤ ਪ੍ਰਭੂ ਮਿਲਾਪ ਦਾ ਪੱਕਾ ਸਾਧਨ ਹੈ। ਸੰਤਾਂ ਦੇ ਸੰਗ ਜਿਨ੍ਹਾਂ ਨੇ ਪ੍ਰਭੂ ਰਸ ਚਾਖਿਆ ਹੈ, ਉਹ ਪੂਰਨ ਤੌਰ ਤੇ ਤ੍ਰਿਪਤ ਹੋ ਜਾਂਦੇ ਹਨ, ਉਨ੍ਹਾਂ ਨੂੰ ਹਰਿ ਰਸ ਆਉਣ ਤੇ, ਉਹ ਅਨ-ਰਸਾਂ ਪ੍ਰਤਿ ਤਾਂਘਦੇ ਨਹੀਂ। ਗੁਰਬਾਣੀ, ਪ੍ਰਭੂ ਰਸ ਵਿਚ ਰੰਗੇ ਹੋਏ ਸੰਤਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿੰਦੀ ਹੈ। ਗੁਰੂ ਅਰਜਨ ਦੇਵ ਜੀ 'ਮਾਰੂ ਰਾਗ' ਵਿਚ ਵਰਣਨ ਕਰਦੇ ਹਨ -

***ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।।
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ।।***

***ਅੰਗ - ੧੧੦੨***

ਜਿਨ੍ਹਾਂ ਜੀਵ ਇਸਤਰੀਆਂ ਉਤੇ ਪ੍ਰਭੂ ਨੇ ਗੁਰੂ ਦੁਆਰਾ ਕ੍ਰਿਪਾ ਕਰਕੇ ਆਪਣੇ ਨਾਲ ਮਿਲਾ ਲਿਆ ਹੈ, ਉਨ੍ਹਾਂ ਨੂੰ ਫਿਰ ਵਿਛੋੜਾ ਨਹੀਂ। ਪ੍ਰਭੂ ਮਿਲਾਪ ਉਪਰੰਤ ਦੂਈ - ਦਵੈਤ ਦਾ ਖਾਤਮਾ ਹੋ ਜਾਂਦਾ ਹੈ; ਵਿਛੋੜਾ ਤਾਂ ਫਿਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਨਦੀ, ਸਮੁੰਦਰ ਵਿਚ ਮਿਲਕੇ ਆਪਾ ਭਾਵ ਮਿਟਾ ਦਿੰਦੀ ਹੈ। ਇਸ ਮਿਲਾਪ ਦੀ ਸ਼ਰਤ, ਆਪਾ ਭਾਵ ਦਾ ਤਿਆਗ ਹੈ। ਆਪਾ ਤਿਆਗ ਹੀ ਨ ਕਰਨਾ ਪ੍ਰਭੂ ਮਿਲਾਪ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਗੁਰੂ ਜੀ ਇਸੇ ਲਈ ਕਹਿ ਰਹੇ ਹਨ -

***ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ।।***

***ਅੰਗ - ੧੩੫***

ਗੁਰੂ ਜੀ ਪ੍ਰਭੂ ਪ੍ਰੇਮ ਨੂੰ ਅਵਿਨਾਸ਼ੀ ਦਸਦੇ ਹਨ। ਪ੍ਰਭੂ ਹੀ ਜੀਵ ਦਾ ਰਖਵਾਲਾ ਹੈ। ਇਸ ਲਈ ਜੀਵ ਪ੍ਰਤਿ ਉਪਦੇਸ਼ ਹੈ ਕਿ ਐਸੇ ਰਖਿਅਕ ਪ੍ਰਭੂ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਪ੍ਰਭੂ ਸ਼ਰਨ ਵਿਚ ਜਾਣ ਵਾਲੀ ਜਗਿਆਸੂ ਜੀਵ ਇਸਤਰੀ ਹੀ ਸੁਖ ਵਿਚ ਵਸਦੀ ਹੈ। ਪ੍ਰਭੂ ਸ਼ਰਨ ਦਾ ਸੁਖ ਹੀ ਸਦੀਵੀ ਸੁਖ ਹੈ। ਪ੍ਰਭੂ ਦਇਆ ਦੇ ਪਾਤਰ ਬਣਨ ਲਈ ਜੀਵ ਨੂੰ ਆਪਾ ਭਾਵ ਤਿਆਗ ਕੇ ਪ੍ਰਭੂ ਸ਼ਰਨ ਵਿਚ ਜਾਣਾ ਚਾਹੀਦਾ ਹੈ। ਆਪਾ ਤਿਆਗ ਤੇ ਸ਼ਰਨੀ ਜਾਣ ਦਾ ਰਸਤਾ ਸੰਤਾਂ, ਮਹਾਂਪੁਰਸ਼ਾਂ ਦੀ ਸੰਗਤ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਕਥਨ ਹੈ -

***ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ।।
ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ।।***

***ਅੰਗ - ੧੦੯੮***

# ਸੰਪਾਦਕੀ

ਵਿਸਾਖੀ ਅਪ੍ਰੈਲ 1995 ਨੂੰ ਆਤਮ ਮਾਰਗ ਮੈਗਜ਼ੀਨ ਦੀ ਸ਼ੁਰੂਆਤ ਕਰਨ ਵਾਲੇ ਆਤਮ ਰਸੀਏ ਮਹਾਨ ਯੁੱਗ ਪੁਰਸ਼ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦੀ ਯਾਦ ਪਾਠਕਾਂ ਦੇ ਦਿਲਾਂ ਵਿੱਚ ਸਦਾ ਵਾਸਤੇ ਸਮੋਈ ਹੋਈ ਹੈ। ਇਨ੍ਹਾਂ ਮਹਾਂਪੁਰਸ਼ਾਂ ਦੀ ਪਵਿੱਤਰ ਪਾਵਨ ਯਾਦ ਅੰਦਰ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਮਹਾਨ ਪਾਵਨ ਕਰਮ ਭੂਮੀ ਉਪਰ ਕੌਮਾਂਤਰੀ ਪ੍ਰਸਿੱਧਤਾ ਵਾਲਾ ਬਰਸੀ ਸਮਾਗਮ ਹਰ ਸਾਲ 28 ਤੋਂ 31 ਅਕਤੂਬਰ ਤੱਕ ਹੁੰਦਾ ਹੈ। ਚਾਰ ਰੋਜ਼ਾ ਮਹਾਨ ਗੁਰਮਤਿ ਸਮਾਗਮਾਂ ਦੀ ਸ਼ੁਰੂਆਤ ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਨੇ ਆਪਣੇ ਸਰੀਰਕ ਕਾਲ ਸਮੇਂ ਹੀ ਕਰ ਦਿੱਤੀ ਸੀ। ਰਤਵਾੜਾ ਸਾਹਿਬ ਦੇ ਰੂਹਾਨੀ ਸਮਾਗਮਾਂ ਦੀ ਵਿਲੱਖਣਤਾ ਇਹ ਰਹੀ ਹੈ ਕਿ ਸਾਰੇ ਹੀ ਸੰਪ੍ਰਦਾਵਾਂ ਦੇ ਮਹਾਂਪੁਰਸ਼ ਸ਼ਬਦ ਗੁਰੂ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਾਜ਼ਰੀ ਹਜ਼ੂਰੀ ਵਿੱਚ ਗੁਰਮਤਿ ਪ੍ਰਕਾਸ਼ ਚਾਨਣ ਅੰਦਰ ਆਪਣੇ ਅਨੁਭਵ ਤੋਂ ਪ੍ਰਵਚਨ ਕਰਦੇ ਹਨ। ਗੁਰਮਤਿ ਸਿਧਾਂਤ ਸਾਰੀ ਹੀ ਲੋਕਾਈ ਨੂੰ ਸੇਧ ਪ੍ਰਦਾਨ ਕਰਦੇ ਹਨ। ਜਿਥੇ ਕਿਸੇ ਕੋਲ ਕੋਈ ਸਿਧਾਂਤ ਨਹੀਂ ਹੁੰਦਾ ਉਹ ਕਰਮ ਕਾਂਡ ਵਿੱਚ ਫਸ ਕੇ ਹੀ ਰਹਿ ਜਾਂਦਾ ਹੈ। ਜਾਤਾਂ, ਕੌਮਾਂ, ਦੇਸ਼ਾਂ ਵਿਦੇਸ਼ਾਂ ਝਗੜਿਆਂ ਤੋਂ ਦੂਰ ਮਹਾਨ ਪਵਿੱਤਰ ਪਾਵਨ ਇਕਾਂਤ ਅਸਥਾਨ ਰਤਵਾੜਾ ਸਾਹਿਬ ਵਿਖੇ ਸੰਗਤਾਂ ਸਲਾਨਾ ਸਮਾਗਮ ਸਮੇਂ ਪਹੁੰਚਣਾ ਆਪਣਾ ਨੈਤਿਕ ਫਰਜ਼ ਸਮਝਦੀਆਂ ਹਨ। ਮਹਾਨ ਪ੍ਰਉਪਕਾਰੀ ਮਹਾਂਪੁਰਸ਼ਾਂ ਦਾ ਜੀਵਨ ਸੰਸਾਰ ਦੇ ਭਲੇ ਵਾਸਤੇ ਸਮਰਪਿਤ ਹੁੰਦਾ ਹੈ। ਇਸ ਸੰਸਥਾ ਦੇ ਬਾਨੀ ਮਹਾਂਪੁਰਸ਼ਾਂ ਨੇ ਆਪਣਾ ਸਾਰਾ ਹੀ ਜੀਵਨ ਪ੍ਰਉਪਕਾਰੀ ਕਾਰਜਾਂ ਦੇ ਵਿੱਚ ਸਮਰਪਿਤ ਕੀਤਾ ਹੋਇਆ ਸੀ। ਸੰਸਾਰੀ ਲੋਕ ਆਪਣੇ ਅਤੇ ਆਪਣੇ ਪਰਿਵਾਰਕ ਹਿੱਤਾਂ ਤੱਕ ਹੀ ਸੀਮਤ ਹੁੰਦੇ ਹਨ। ਪਰਿਵਾਰਕ ਮੋਹ ਦੇ ਵਿੱਚ ਫਸਿਆ ਇਨਸਾਨ ਮਾਇਆ ਦੀ ਪ੍ਰਾਪਤੀ ਵਾਸਤੇ ਸਾਰੇ ਹੀ ਹੀਲੇ ਵਸੀਲੇ ਅਪਣਾਉਂਦਾ ਹੈ। ਮਹਾਂਪੁਰਸ਼ਾਂ ਦਾ ਉਪਦੇਸ਼ ਸਾਨੂੰ ਸਦਾ ਹੀ ਗੁਰਮਤਿ ਪ੍ਰਕਾਸ਼ ਵਿੱਚ ਜੀਵਨ ਦਾਨ ਦੇ ਕੇ ਭਗਤੀ ਰਸਤੇ ਉਪੱਰ ਤੋਰ ਕੇ ਜੀਵਨ ਜਾਚ ਸਿਖਾਉਂਦਾ ਹੈ। ਮਹਾਨ ਤਪੱਸਵੀਂ ਯੁੱਗ ਪੁਰਸ਼ ਸੱਚਖੰਡਵਾਸੀ ਸੰਤ ਜੀ ਮਹਾਰਾਜ ਜੀ ਮਹਾਰਾਜ ਦੇ ਆਦੇਸ਼ ਅਨੁਸਾਰ ਆਤਮ ਮਾਰਗ ਮੈਗਜ਼ੀਨ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨੂੰ ਗੁਰਮਤਿ ਪ੍ਰਕਾਸ਼ ਅੰਦਰ ਪ੍ਰਸਾਰ ਕੇ ਰੂਹਾਨੀ ਜੀਵਨ ਵਿੱਚ ਇੰਨਕਲਾਬ ਲਿਆ ਰਿਹਾ ਹੈ। ਹੁਣ ਤੱਕ ਬਾਰਾਂ ਸਾਲਾਂ ਦੇ ਸਮੇਂ ਤੋਂ ਉਪੱਰ ਬੀਤ ਜਾਣ ਉਪਰੰਤ ਵੀ ਆਤਮ ਮਾਰਗ ਮੈਗਜ਼ੀਨ ਵਿੱਚ ਇੱਕ ਵੀ ਅੱਖਰ ਕਿਸੇ ਦੇ ਦਿਲ ਨੂੰ ਦੁਖੀ ਕਰਨ ਵਾਲਾ ਨਹੀਂ ਲਿਖਿਆ ਗਿਆ ਹੈ।

ਆਤਮ ਮਾਰਗ ਦੇ ਪਾਠਕ ਇਸ ਦੇ ਬਾਨੀ ਮਹਾਂਪੁਰਸ਼ਾਂ ਦੀ ਯਾਦ ਅੰਦਰ ਹੋ ਰਹੇ ਸਲਾਨਾ ਸਮਾਗਮ ਵਿੱਚ ਸ਼ਮੂਲੀਅਤ ਕਰਨ ਵਾਸਤੇ ਹੁਣ ਤੋਂ ਹੀ ਤਿਆਰੀਆਂ ਕਰ ਰਹੇ ਹਨ। ਵਿਦੇਸ਼ਾਂ ਦੀ ਸੰਗਤ ਆਪਣੇ ਆਉਣ ਦੀ ਸੂਚਨਾਂ ਈਮੇਲ ਟੈਲੀਫੋਨ ਫੈਕਸਾਂ ਰਾਹੀਂ ਭੇਜ ਰਹੀ ਹੈ। ਹਰ ਸਾਲ ਹੀ ਬਿਨਾਂ ਕਿਸੇ ਵਿਸ਼ੇਸ਼ ਸੱਦੇ ਤੋਂ ਵਿਦੇਸ਼ ਤੋਂ ਆ ਰਹੀਆਂ ਸੰਗਤਾਂ ਦੀ ਤਾਦਾਦ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਸਮਾਗਮ ਸਮੇਂ ਜਗਤ ਪ੍ਰਸਿੱਧੀ ਵਾਲੇ ਮਹਾਨ ਸਾਧੂ ਸੰਤ ਅਤੇ ਕੀਰਤਨੀਏ ਨੇ ਆਪਣੇ ਆਉਣ ਵਾਰੇ ਪ੍ਰਵਾਨਗੀਆਂ ਭੇਜ ਰਹੇ ਹਨ। ਹਰ ਸਾਲ ਵਾਗੂੰ ਟਰਸਟ ਰਤਵਾੜਾ ਸਾਹਿਬ ਵਾਲੋਂ ਮਹਾਂਪੁਰਸ਼ਾਂ ਦੁਆਰਾ ਚਲਾਈ ਪ੍ਰਉਪਕਾਰੀ ਪ੍ਰੰਪਰਾ ਅਨੁਸਾਰ ਮੈਡੀਕਲ ਕੈਂਪ ਲਾ ਕੇ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਸਮਾਗਮ ਦੇ ਪਹਿਲੇ ਦਿਨ ਤੋਂ ਹੀ ਦੇਸ਼ਾਂ ਵਿਦੇਸ਼ਾਂ ਦੇ ਮਾਹਰ ਡਾਕਟਰ ਮਰੀਜਾਂ ਦੇ ਮੁਆਇਨੇ ਕਰਨਗੇ। ਆਪਰੇਸ਼ਨ ਕਰਨ ਤੱਕ ਦੇ ਸਾਰੀਆਂ ਦਵਾਈਆਂ ਆਦਿ ਦੀ ਸਹੂਲਤ ਫਰੀ ਮੁਹਾਈਆ ਕਰਵਾਈ ਜਾਵੇਗੀ। ਆਤਮ ਮਾਰਗ ਮੈਗਜ਼ੀਨ ਦੇ ਵਿੱਚ ਸੁਰਤਿ ਸ਼ਬਦ ਦੇ ਮਾਰਗ ਨੂੰ ਅਨੁਭਵੀ ਮਹਾਂਪੁਰਸ਼ਾਂ ਨੇ ਸਮੇਂ-ਸਮੇਂ ਦਰਸਾਇਆ ਹੈ। ਇਸ ਲਈ ਪ੍ਰੈਕਟੀਕਲ ਤੌਰ ਉਪਰ ਸਮਾਗਮ ਸਮੇਂ ਸਵਾਸ ਨਾਲ ਸਿਮਰਨ ਦੀ ਜੁਗਤ ਅਨੁਸਾਰ ਨਾਮ ਵੀ ਜਪਾਇਆ ਜਾਵੇਗਾ। ਗੁਰਮਤਿ ਸਾਹਿਤਕ ਖੇਤਰ ਵਿੱਚ ਮਹਾਂਪੁਰਸ਼ਾਂ ਦੁਆਰਾ ਲਿਖਤ ਨਵੀਂਆਂ ਪੁਸਤਕਾਂ ਹਰ ਸਾਲ ਹੀ ਸਮਾਗਮ ਸਮੇਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਇਸ ਸਾਲ ਵੀ ਸਲਾਨਾ ਸਮਾਗਮ ਸਮੇਂ ਮਹਾਂਪੁਰਸ਼ਾਂ ਦੇ ਆਦੇਸ਼ ਅਨੁਸਾਰ ਸੰਗਤਾਂ ਬਹੁਤ ਹੀ ਸ਼ਰਧਾ ਪੂਰਵਕ ਰਤਵਾੜਾ ਸਾਹਿਬ ਨਤਮਸਤਕ ਹੋਣ ਵਾਸਤੇ ਪਹੁੰਚ ਰਹੀਆਂ ਹਨ ਕਿਉਂਕਿ ਸਾਰੇ ਹੀ ਅਨੁਭਵੀ ਮਹਾਂਪੁਰਸ਼ਾਂ ਦਾ ਇਹ ਅਨੁਭਵ ਅਨੁਸਾਰ ਪ੍ਰਵਚਨ ਹੈ ਕਿ ਗੁਰੂ ਅਸਥਾਨ ਵਿਖੇ ਰੋਜ਼ਾਨਾ ਹੀ ਦਰਸ਼ਨ ਕਰਨ ਵਾਸਤੇ ਜਾਣਾ ਚਾਹੀਦਾ ਹੈ, ਜੇ ਇਹ ਨਾ ਹੋ ਸਕੇ ਮਹੀਨੇ ਬਾਅਦ ਜਾਂ ਛੇ ਮਹੀਨੇ ਬਾਅਦ ਜਾਣਾ ਚਾਹੀਦਾ ਹੈ। ਜੇ ਫਿਰ ਵੀ ਇਹ ਨਾ ਹੋ ਸਕੇ ਤਾਂ ਸਲਾਨਾ ਸਮਾਗਮ ਉਪਰ ਜਰੂਰ ਹੀ ਪਹੁੰਚਣਾ ਚਾਹੀਦਾ ਹੈ।

ਇਸ ਮਹੀਨੇ ਦੇ ਆਤਮ ਮਾਰਗ ਪਤ੍ਰਿੱਕਾ ਵਿੱਚ ਸਾਰੀਆਂ ਸੰਗਤਾਂ ਨੂੰ ਟਰਸਟ ਰਤਵਾੜਾ ਸਾਹਿਬ ਵੱਲੋਂ ਖੁਲ੍ਹਾ ਸੱਦਾ ਪੱਤਰ ਭੇਜਿਆ ਜਾ ਰਿਹਾ ਹੈ। ਸੰਗਤਾਂ ਦੀ ਰਿਹਾਇਸ਼, ਲੰਗਰ ਆਦਿ ਦਾ ਪ੍ਰਬੰਧ ਹੋਣਾ ਗੁਰੂ ਘਰ ਦੀ ਮਹਾਨ ਪ੍ਰੰਪਰਾ ਹੈ। ਇਸ ਲਈ ਸਮਾਗਮ ਸਮੇਂ ਸੰਗਤ ਅਨੁਸਾਰ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਆਪ ਸਾਰੀਆਂ ਗੁਰੂ ਪਿਆਰੀਆਂ ਸੰਗਤਾਂ ਨੂੰ ਨਿਮਰਤਾ ਸਹਿਤ ਅਤਿ ਅਧੀਨਗੀ ਨਾਲ ਬੇਨਤੀ ਜੋਦੜੀ ਹੈ ਕਿ ਆਪ ਜੀ ਨੇ ਆਪਣੇ ਸੰਗੀ ਸਾਥੀਆਂ ਅਤੇ ਪਰਿਵਾਰ ਸਮੇਤ ਜਰੂਰ ਹੀ ਬਰਸੀ ਸਮਾਗਮ ਸਮੇਂ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਇਹ ਪਿਆਰ ਭਰੀ ਆਤਮ ਮਾਰਗ ਪਤ੍ਰਿਕਾ ਹਰ ਮਹੀਨੇ ਵਾਗੂੰ ਅਨੁਭਵੀ ਮਹਾਂਪੁਰਸ਼ਾਂ ਦੇ ਲੇਖ ਵੱਖੋ ਵੱਖਰੇ ਸਿਰੇਲੇਖਾਂ ਹੇਠ ਪ੍ਰਕਾਸ਼ਿਤ ਹੋ ਕੇ ਆਪ ਜੀ ਤੱਕ ਪਹੁੰਚ ਕੇ ਇੱਕ ਪਿਆਰ ਭਰੇ ਰੂਹਾਨੀ ਅਨੁਭਵ ਕਰਵਾਉਣ ਦੇ ਸਮਰੱਥ ਹੈ। ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਆਤਮ ਮਾਰਗ ਆਪ ਪੜ੍ਹਨ ਦੇ ਨਾਲ ਨਾਲ ਹੋਰਨਾਂ ਨੂੰ ਵੀ ਇਸ ਮਾਰਗ ਦੇ ਪਾਂਧੀ ਬਣਾਉਣ ਦੀ ਖੇਚਲ ਕੋਸ਼ਿਸ਼ਾਂ ਜਾਰੀ ਰੱਖਣ ਦੀ ਕ੍ਰਿਪਾਲਤਾ ਕਰਨੀ ਜੀ।

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸਾਧਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ***

ਅੰਮ੍ਰਿਤ ਵੇਲੇ ਤੋਂ ਆਪ ਗੁਰੂ ਮਹਾਰਾਜ ਜੀ ਦਾ ਜਸ ਗਾ ਰਹੇ ਹੋ ਤੇ ਸ੍ਰਵਣ ਕਰ ਰਹੇ ਹੋ। ਭਾਗ ਹੋਣ ਤਾਂ ਦੋ ਚੀਜ਼ਾਂ ਦੀ ਪ੍ਰਾਪਤੀ ਹੋਇਆ ਕਰਦੀ ਹੈ - ਪਹਿਲੀ ਹੈ ਹਰੀ ਦਾ ਜਸ, ਦੂਸਰੀ ਹੈ ਸਾਧੂ ਦੀ ਸੰਗਤ।

***ਹਰਿ ਕੀਰਤਿ ਸਾਧਸੰਗਤਿ ਹੈ***
***ਸਿਰਿ ਕਰਮਨ ਕੈ ਕਰਮਾ ॥ ਅੰਗ - ੬੪੨***

ਸਾਰਿਆਂ ਕਰਮਾਂ ਵਿਚੋਂ ਸ਼੍ਰੋਮਣੀ ਕਰਮ ਹੈ ਨਾਲ ਮਹਾਰਾਜ ਜੀ ਜੀ ਨੇ ਇਹ ਵੀ ਲਿਖ ਦਿਤਾ ਕਿ ਇਹ ਸਭ ਬੰਦਿਆਂ ਨੂੰ ਪ੍ਰਾਪਤ ਨਹੀਂ ਹੁੰਦੀ। ਜਿਸ ਦੇ ਮਸਤਕ ਵਿਚ ਲੇਖ ਲਿਖਿਆ ਗਿਆ ਹੋਵੇ, ਪੁੰਨ ਕਰਮ ਬਹੁਤ ਜਾਗ ਪਏ ਹੋਣ ਉਸਨੂੰ ਇਹ ਦੋਵੇਂ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ।

***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨***

ਮਹਾਰਾਜ ਜੀ ਨੇ ਜੋ ਆਪਾਂ ਨੂੰ ਹੁਕਮ ਦਿਤਾ ਹੈ ਇਹ ਬੜੇ ਧਿਆਨ ਦੇ ਨਾਲ ਵਿਚਾਰਨ ਵਾਲਾ ਹੈ। ਆਪ ਫੁਰਮਾਨ ਕਰਦੇ ਨੇ ਕਿ ਸੰਸਾਰ ਦੇ ਅੰਦਰ ਏਸ ਆਦਮੀ ਨੂੰ ਬੇਅੰਤ ਕਿਸਮ ਦੀਆਂ ਖਿੱਚਾਂ ਹਨ ਜਿਹੜੀਆਂ ਖਿੱਚਦੀਆਂ ਰਹਿੰਦੀਆਂ ਹਨ। ਬੇਅੰਤ ਕਿਸਮ ਦੇ ਰੰਗ ਨੇ ਜਿਨ੍ਹਾਂ ਵਿਚ ਇਹ ਰੰਗਿਆ ਰਹਿੰਦਾ ਹੈ - ਚੰਗੇ ਵੀ ਰੰਗ ਨੇ ਤੇ ਮਾੜੇ ਵੀ ਰੰਗ ਨੇ, ਬਦਬੂਦਾਰ ਰੰਗ ਨੇ, ਅੱਖਾਂ ਨੂੰ ਨਾ ਚੰਗੇ ਲੱਗਣ ਵਾਲੇ ਰੰਗ ਨੇ। ਮਹਾਰਾਜ ਜੀ ਕਹਿੰਦੇ ਜੇ ਚੰਗੇ ਰੰਗ ਨਾ ਹੋਣ ਤਾਂ ਉਹ ਖਿੱਚ ਨਹੀਂ ਪਾਉਂਦੇ। ਬਦਬੂਦਾਰ ਚੀਜ਼ਾਂ ਦੇ ਰੰਗ ਹੋਣ ਉਹ ਖਿੱਚ ਨਹੀਂ ਪਾਇਆ ਕਰਦੇ, ਕੋਈ ਨੇੜੇ ਨਹੀਂ ਲਗਦਾ। ਸੋ ਉਨ੍ਹਾਂ ਦੇ ਵਿਚੋਂ ਜਿੰਨਾ ਕੁਝ ਸਾਨੂੰ ਨਜ਼ਰ ਆਉਂਦਾ ਹੈ, ਜਿੰਨੇ ਨੂੰ ਅਸੀਂ ਜਾਣਦੇ ਹਾਂ ਉਹ ਸਾਰੀਆਂ ਸਾਡੇ ਅੰਦਰ ਖਿੱਚਾਂ ਨੇ - ਪੁੱਤਰਾਂ ਦੀ ਖਿੱਚ ਹੈ, ਕੋਠੀਆਂ ਦੀ ਖਿੱਚ ਹੈ, ਪੈਸੇ ਟਕੇ ਕਮਾਉਣ ਦੀ ਹਰ ਵਕਤ ਲਾਲਸਾ ਲੱਗੀ ਰਹਿੰਦੀ ਹੈ, ਕਿਸੇ ਦੇ ਅੰਦਰ ਕ੍ਰੋਧ ਹੈ, ਕਿਸੇ ਦੇ ਅੰਦਰ ਲੋਭ ਹੈ, ਕਿਸੇ ਦੇ ਮੋਹ ਹੈ, ਕਿਸੇ ਦੇ ਅਹੰਕਾਰ ਹੈ ਸੋ ਇਨ੍ਹਾਂ ਸਾਰਿਆਂ ਨੂੰ ਰੰਗ ਕਹਿੰਦੇ ਨੇ। ਮਹਾਰਾਜ ਜੀ ਕਹਿੰਦੇ ਜਿਸਨੂੰ ਪ੍ਰਮੇਸ਼ਰ ਦਾ ਪਿਆਰ ਵਧ ਗਿਆ, ਪ੍ਰਮੇਸ਼ਰ ਦੇ ਪਿਆਰ ਦੇ ਅੰਦਰ ਜਿਸ ਦਾ ਮਨ ਰੰਗਿਆ ਉਹ ਇਸ ਸੰਸਾਰ ਦੇ ਅੰਦਰ ਸੂਰਮਾ ਕਹਾਉਂਦਾ ਹੈ। ਤਲਵਾਰਾਂ ਚਲਾਉਣ ਵਾਲਾ, ਗੋਲੀਆਂ ਚਲਾਉਣ ਵਾਲਾ ਉਹ ਸੂਰਮਾ ਨਹੀਂ ਹੈ ਮੰਨਿਆ, ਸੂਰਮਾ ਉਹ ਹੈ ਜਿਸ ਨੇ ਆਪਣੇ ਮਨ ਨੂੰ ਜਿੱਤ ਲਿਆ। ਜਿਸ ਨੇ ਮਨ ਜਿੱਤ ਲਿਆ ਤਾਂ ਸਾਰਾ ਸੰਸਾਰ ਜਿੱਤਿਆ ਗਿਆ। ਉਹੀ ਪੂਰੀ ਤਰ੍ਹਾਂ ਜਿੱਤ ਸਕਦਾ ਹੈ ਜਿਸ ਦਾ ਸਤਿਗੁਰੂ ਪੂਰਾ ਹੋਵੇ।

ਸੋ ਸਾਰਿਆਂ ਤੋਂ ਮਨ ਨਹੀਂ ਜਿੱਤ ਹੁੰਦਾ, ਦੁਨੀਆਂ ਵਿਚ ਕੋਈ ਵਿਰਲਾ ਹੈ ਜਿਸ ਨੇ ਮਨ ਨੂੰ ਜਿੱਤ ਲਿਆ। ਅਧਿਆਤਮਵਾਦ ਦਾ ਸਬੰਧ ਕੇਵਲ ਮਨ ਦੇ ਨਾਲ ਹੈ। ਮਨ ਸਰੀਰ ਨੂੰ ਪ੍ਰੇਰਨਾ ਕਰਦਾ ਹੈ, ਸਰੀਰ ਸਤਿਸੰਗ ਵਿਚ ਜਾਂਦਾ ਹੈ, ਸਰੀਰ ਦੇ ਅੰਦਰ ਚੰਗੀਆਂ ਵਾਸ਼ਨਾਵਾਂ ਪੈਦਾ ਹੁੰਦੀਆਂ ਨੇ। ਜੇ ਮਨ ਮੈਲਾ ਹੋਵੇ ਤਾਂ ਤੀਰਥਾਂ ਤੇ ਬੇਸ਼ੱਕ ਇਸ਼ਨਾਨ ਕਰੀ ਜਾਵੇ, ਕੁਝ ਕਰੀ ਜਾਵੇ ਪਰ ਮਨ ਦੀ ਮੈਲ ਨਹੀਂ ਲਹਿਆ ਕਰਦੀ ਜੇ ਮਨ ਮੈਲਾ ਹੈ ਤਾਂ ਸਭ ਕੁਝ ਮੈਲਾ ਹੈ-

***ਮਨਿ ਮੈਲੈ ਸਭੁ ਕਿਛੁ ਮੈਲਾ***
***ਤਨਿ ਧੋਤੈ ਮਨੁ ਹਛਾ ਨ ਹੋਇ ॥ ਅੰਗ - ੫੫੮***

ਸੋ ਇਸ ਕਰਕੇ ਮਨ ਨੂੰ ਜਿੱਤਣਾ, ਪ੍ਰਮੇਸ਼ਰ ਦੇ ਪਿਆਰ ਵਿਚ ਲਾਉਣਾ ਕਹਿੰਦੇ ਉਸ ਦੇ ਸਭ ਕੁਝ ਵਸ ਹੋ ਜਾਇਆ ਕਰਦਾ ਹੈ ਪਰ ਇਹ ਕੰਮ ਉਹ ਕਰ ਸਕਦਾ ਹੈ ਜਿਸਨੂੰ ਪੂਰੇ ਸਤਿਗੁਰੂ ਦਾ ਮਿਲਾਪ ਹੋ ਗਿਆ ਹੋਵੇ। ਅਧੂਰੇ ਦਾ, ਕੱਚੇ ਦਾ, ਪਾਖੰਡੀ ਦਾ ਮਿਲਾਪ ਜਿਹੜਾ ਹੈ ਉਹ ਮਨ ਨੂੰ ਨਹੀਂ ਜਿੱਤ ਸਕਿਆ ਕਰਦਾ। ਸੋ ਇਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਹੇ ਪ੍ਰਭੂ! ਤੂੰ ਕ੍ਰਿਪਾ ਕਰ ਜਿਹੜੇ ਇਸ ਰੰਗ ਦੇ ਵਿਚ ਰੰਗੇ ਹੋਏ ਨੇ ਜਿਨ੍ਹਾਂ ਨੂੰ ਮਹਾਰਾਜ ਜੀ ਨੇ 'ਜਨ' ਆਖਿਆ ਹੈ। ਉਨ੍ਹਾਂ ਦੀ ਮੈਨੂੰ ਤੂੰ ਧੂੜ ਦੇਹ ਕਿਉਂਕਿ ਮੈਂ ਹੀ ਉਨ੍ਹਾਂ ਦੀ ਧੂੜ ਨਹੀਂ ਲੋਚਦਾ ਸਗੋਂ ਸਾਰੇ ਦੇਵੇਤੇ ਧੂੜੀ ਲੋਚਦੇ ਨੇ। ਤੀਰਥਾਂ ਵਿਚ ਦੁਨੀਆਂ ਨਹਾਉਣ ਜਾਂਦੀ ਹੈ ਉਹ ਪਵਿੱਤਰ ਨੇ ਪਰ ਉਹ ਦੇਵਤਾ ਵੀ ਜਿਹੜੇ ਤੀਰਥਾਂ ਦੇ ਹਨ, ਅਰਦਾਸ ਕਰਦੇ ਨੇ ਅਕਾਲ-ਪੁਰਖ ਦੇ ਪਾਸ ਕਿ ਹੇ ਪ੍ਰਭੂ! ਆਪਣੇ 'ਜਨਾ' ਦੀ, ਜਿਨ੍ਹਾਂ ਨੇ ਮਨ ਜਿੱਤ ਲਿਆ ਉਨ੍ਹਾਂ ਦੀ ਧੂੜੀ ਦੇਹ ਤਾਂ ਕਿ ਸਾਡੇ ਪਾਪ ਦੂਰ ਹੋ ਜਾਣ। ਸੋ ਉਹ ਧੂੜ ਮਿਲਣੀ ਕਿਸਮਤ ਦੀ ਬਾਤ ਹੋਇਆ ਕਰਦੀ ਹੈ। ਵਾਹਿਗੁਰੂ ਅਰਦਾਸ ਸੁਣੇ ਤਾਂ ਸਾਡਾ ਮਨ ਬਣੇ ਸ਼ਰਧਾ ਆ ਆਵੇ ਫੇਰ ਜਾ ਕੇ ਇਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਹੁੰਦੀ ਹੈ।

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ***

# ਕੁੰਜੀ ਗੁਰ ਸਉਪਾਈ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

***ਸਤਿਨਾਮ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥*
*ਅੰਗ - ੭੯੨*

***ਧਾਰਨਾ - ਲਾਡ ਲਡਾਇਆ ਮੈਂ ਤੇਰੇ ਭਰੋਸੇ ਮੈਂ***

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥*
*ਸੁਹੇਲਾ ਕਹਨੁ ਕਹਾਵਨੁ ॥*
*ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥੨॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥੩॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥*
*ਅੰਗ - ੫੨*

***ਧਾਰਨਾ - ਭਾਉ ਭਗਤ ਦਾ ਭੁੱਖਾ***
***ਗੋਬਿੰਦ ਭਾਉ ਭਗਤ ਦਾ ਭੁੱਖਾ।***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਏਸ ਮੌਸਮ ਦੇ ਅੰਦਰ ਜਦੋਂ ਕਿ ਗਰਮੀ ਹੱਦ ਤੋਂ ਜ਼ਿਆਦਾ ਪੈ ਰਹੀ ਹੈ, ਆਪ ਟੈਂਟ ਦੇ ਹੇਠਾਂ ਬੈਠੇ, ਸਹਿਜ ਤਪ ਦੇ ਵਿਚ, ਜਿਸ ਤਪ ਦਾ ਮੁੱਲ ਅੱਜ ਤੱਕ ਕਿਸੇ ਨੇ ਲਿਖਿਆ ਨਹੀਂ ਹੈ, ਕਿੰਨਾ ਹੁੰਦਾ ਹੈ। ਚਿੱਤ ਦੀਆਂ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ। ਕੰਨਾਂ ਦੇ ਨਾਲ ਬਾਣੀ ਸੁਣੋ, ਬੁੱਧੀ ਦੇ ਨਾਲ ਸਮਝਣ ਦਾ ਯਤਨ ਕਰੋ, ਸਮਝੀ ਹੋਈ ਗੱਲ ਹਿਰਦੇ 'ਚ ਧਾਰਨ ਕਰੋ। ਹਿਰਦੇ 'ਚ ਧਾਰਨ ਕੀਤੀ ਹੋਈ, ਜੋ ਗੁਰੂ ਮਹਾਰਾਜ ਦੀ ਗੱਲ ਹੈ ਉਪਦੇਸ਼ ਹੈ, ਉਸ ਨੂੰ ਆਪਣੇ ਜੀਵਨ ਵਿਚ ਕਮਾਉਣ ਦਾ ਯਤਨ ਕਰੋ। ਸੋ ਆਪ ਇਕ ਸਤਿਸੰਗ ਦੇ ਮਾਹੌਲ ਵਿਚ ਬੈਠੇ ਓਂ। ਗੁਰੂ ਦੀ ਬਾਣੀ ਅੰਮ੍ਰਿਤ ਦੀ ਵਰਸ਼ਾ ਹੈ, ਸੰਭਾਲਣ ਵਾਸਤੇ ਚਿੱਤ ਦਾ ਬਰਤਨ, ਸ਼ਰਧਾ ਦੇ ਭਾਂਡੇ ਇਹਦੇ ਵਿਚ ਜਿਉਂ-ਜਿਉਂ ਅਸੀਂ ਅੰਮ੍ਰਿਤ ਬਚਨ ਸਾਂਭਦੇ ਜਾਵਾਂਗੇ, ਐਸ ਕਲਜੁਗ ਦੇ ਭਿਆਨਕ ਸਮੇਂ ਦੇ ਅੰਦਰ ਜਦੋਂ ਕੋਈ ਸੁੱਧ ਬੁੱਧ ਮਨੁੱਖ ਨੂੰ ਨਹੀਂ ਰਹੀ, ਅਕਲਾਂ ਹਿੱਲ ਗਈਆਂ ਨੇ, ਖੁਦਗਰਜ਼ ਬੰਦਾ ਬਣ ਗਿਆ ਹੈ ਤੇ ਪ੍ਰਮੇਸ਼ਰ ਦੇ ਪਿਆਰੇ ਹੈਰਾਨ ਨੇ ਕਿ ਹੁਣ ਰਸਤਾ ਕਿਵੇਂ ਮਿਲੇ? ਮਹਾਰਾਜ ਕਹਿੰਦੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥*
*ਅੰਗ - ੧੪੫*

ਹਨ੍ਹੇਰੇ 'ਚ ਕੋਈ ਰਾਹ ਨਹੀਂ ਲੱਭ ਰਿਹਾ ਕਿਉਂਕਿ ਮੱਸਿਆ ਪੈ ਗਈ, ਪਾਖੰਡ ਦੀ ਮੱਸਿਆ।

*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫*

ਕੁੰਜੀ ਗੁਰੂ ਦੇ ਹੱਥ ਹੈ, ਜੋ ਗੁਰੂ ਦੇ ਬਚਨਾਂ ਦੀ ਕੁੰਜੀ ਹੈ। ਹਿਰਦੇ 'ਚੋ ਉਹ ਸਾਂਭ ਲੈਂਦਾ ਹੈ। ਉਹਦੇ ਵਾਸਤੇ ਦਰਵਾਜ਼ੇ ਖੁਲ੍ਹ ਜਾਂਦੇ ਨੇ। ਕਿਉਂਕਿ ਦਰਵਾਜ਼ਾ ਬੰਦ ਕਰ ਦਿਤਾ ਗਿਆ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਬੇਅੰਤ ਰਾਹ ਕਰ ਲਓ, ਲੇਕਿਨ ਰਾਹ ਨਹੀਂ ਕੋਈ ਮਿਲਦਾ ਜਦੋਂ ਤੱਕ ਕੁੰਜੀ ਨਹੀਂ ਦਿੰਦਾ। ਗੁਰੂ ਨੇ ਕੁੰਜੀ ਦਿਤੀ ਹੈ -

***ਸਾਚੁ ਕਹੌਂ ਸੁਨ ਲੇਹੁ ਸਭੈ ਜਿਨਿ***
***ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਏਸ ਕੁੰਜੀ ਨੂੰ ਸਾਂਭੋ। ਜਿਸ ਨੇ ਵੀ ਸਾਂਭੀ, ਉਹਦੇ ਲਈ ਤਾਲਾ ਖੁਲ੍ਹ ਜਾਏਗਾ। ਸੋ ਵਿਚਾਰ ਜੋ ਆਪਾਂ ਕਰ ਰਹੇ ਹਾਂ ਇਹਨੂੰ ਹਿਰਦੇ 'ਚ ਧਾਰਨ ਕਰੋ, ਇਹ ਨਿਰੀ ਫਿਲਾਸਫੀ ਦੇ ਰੂਪ ਵਿਚ ਨਹੀਂ, ਇਕ ਰੂਪਕ ਦੇ ਰੂਪ ਵਿਚ ਹੈ ਜੋ ਸਤਿ ਦੀ ਕਥਾ ਤੇ ਅਧਾਰਿਤ ਹੈ। ਗੁਰੂ ਨਾਨਕ ਪਾਤਸ਼ਾਹ ਅਕਾਲਪੁਰਖ ਤੋਂ ਹੋ ਕੇ ਵੇਈਂ ਨਦੀ ਦੀ ਚੁੱਭੀ ਮਾਰਨ ਤੋਂ ਬਾਅਦ ਸੁਲਤਾਨਪੁਰ ਚਿੱਤ ਦੀ ਇਕਾਗਰਤਾ ਦੇ ਨਾਲ ਬਾਣੀ ਪੜ੍ਹਨੀ ਨਮਾਜ਼ ਪੜ੍ਹਨੀ, ਇਸ ਦਾ ਦ੍ਰਿਸ਼ਟਾਂਤ ਦਿਖਾ ਕੇ ਮਰਦਾਨੇ ਨਾਲ ਗੱਲ ਕਰਦੇ ਨੇ, ਮਰਦਾਨਿਆ! ਚੱਲ ਬਈ ਹੁਣ ਆਪਾਂ ਕਿਸੇ ਪਾਸੇ ਚੱਲੀਏ। ਕਹਿੰਦਾ ਮਹਾਰਾਜ! ਮੈਨੂੰ ਕੀ ਪਤਾ ਕਿੱਥੇ ਜਾਣਾ ਹੈ। ਜਿਧਰ ਆਪ ਦੀ ਰਜ਼ਾ ਮੈਂ ਤਾਂ ਆਪ ਦੇ ਪਿੱਛੇ-ਪਿੱਛੇ ਹਾਂ। ਸਾਰੇ ਬ੍ਰਹਿਮੰਡ ਦੇ ਵਿਚੋਂ ਆਵਾਜ਼ ਸੁਣੀ ਏਸ ਧਰਤੀ ਤੇ ਇਕ

ਬਹੁਤ ਬਿਰਹੁੰ ਭਰੀ ਆਵਾਜ਼ ਆ ਰਹੀ ਹੈ। ਓਸ ਨੂੰ ਆਪ ਨੇ ਧਿਆਨ ਦੇ ਨਾਲ ਸੁਣਿਆ, ਜਿਸ ਦਾ ਭਾਵ ਇਸ ਤਰ੍ਹਾਂ ਦਾ ਹੈ।

*ਧਾਰਨਾ - ਮੇਰੇ ਵਾਹਿਗੁਰੂ,*
*ਆਪਣਾ ਪਿਆਰਾ ਦਿਓ ਮਿਲਾਇ।*

ਆਵਾਜ਼ ਆ ਰਹੀ ਹੈ, ਧੁਰ ਹਿਰਦੇ 'ਚੋਂ ਨਿਕਲ ਰਹੀ ਹੈ। ਸਾਰੇ ਬ੍ਰਹਿਮੰਡ ਵਿਚ ਫੈਲ ਰਹੀ ਹੈ, ਅਕਾਲ ਪੁਰਖ ਦੇ ਦਰਵਾਜ਼ੇ ਤੇ ਜਾ ਕੇ ਟਨਕੋਰ ਕਰ ਰਹੀ ਹੈ। ਬੇਨਤੀਆਂ ਹੋ ਰਹੀਆਂ ਨੇ ਕਿ ਹੇ ਪ੍ਰਭੂ! ਕੋਈ ਐਸਾ ਪਿਆਰਾ ਮਿਲਾ, ਜਿਹਦੇ ਦਰਸ਼ਨ ਕਰਨ ਮਾਤਰ ਹੀ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇ।

*ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ॥*
*ਅੰਗ - ੧੧੭੮*

ਰਤਨਾਂ ਦੀ ਕੋਠੜੀ ਆਹ ਸਰੀਰ ਦੇ ਵਿਚ ਲਕੋਈ ਹੋਈ ਹੈ। ਮਿਲਦੀ ਕਿਵੇਂ ਹੈ?

*ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥*
*ਅੰਗ - ੧੧੭੮*

ਜਦੋਂ ਖੋਜ ਲਈ ਫੇਰ ਉਹਨੂੰ ਮਿਲ ਕੇ ----

*ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥*
*ਮਾਧੋ ਸਾਧੂ ਜਨ ਦੇਹੁ ਮਿਲਾਇ ॥ ਅੰਗ - ੧੧੭੮*

ਹੇ ਵਾਹਿਗੁਰੂ! ਐਹੋ ਜਿਹਾ ਕੋਈ ਸਾਧੂ ਮਿਲਾ ਦੇ।

*ਦੇਖਤ ਦਰਸੁ ਪਾਪ ਸਭਿ ਨਾਸਹਿ*
*ਪਵਿਤ੍ਰ ਪਰਮ ਪਦੁ ਪਾਇ ॥ ਅੰਗ - ੧੧੭੮*

ਜਿਹਦੇ ਦਰਸ਼ਨ ਕਰਦੇ ਸਾਰ ਸਾਰੇ ਪਾਪਾਂ ਦਾ ਖਾਤਮਾ ਹੋ ਜਾਵੇ ਤੇ ਪਵਿਤਰਤਾ ਆ ਜਾਵੇ, ਅੰਤਸ਼ਕਰਣ ਦੀ ਮੈਲ ਲਹਿ ਜਾਵੇ ਤੇ ਪਰਮ ਪਦ ਦੀ ਪ੍ਰਾਪਤੀ ਹੋ ਜਾਏ, ਹੈ ਐਸਾ ਕੋਈ ਸੰਸਾਰ ਦੇ ਅੰਦਰ, ਜਿਹਦੇ ਕੇਵਲ ਦਰਸ਼ਨ ਮਾਤਰ ਨਾਲ ਐਸੀ ਅਵਸਥਾ ਪ੍ਰਾਪਤ ਹੋ ਜਾਵੇ?

ਬੜੀ ਵੱਡੀ ਮੰਗ ਅਕਾਲ ਪੁਰਖ ਦੇ ਦਰ ਤੇ ਰੱਖ ਦਿਤੀ ਤੇ ਨਾਲ ਬੇਨਤੀ ਕੀਤੀ ਹੈ ਕਿ ਪੰਜ ਚੋਰ ਮੇਰੇ ਲਾਗੇ ਨਾ ਲਗਣ। ਐਹ ਨਗਰੀ ਜਿਹਦੇ ਵਿਚ ਰਤਨਾਂ ਦੀ ਕੋਠੜੀ ਸੀ ਇਹ ਪੰਜ ਚੋਰ ਲਗ ਗਏ ਏਸ ਨੂੰ, ਪਾੜ ਲਾ ਲਿਆ ਉਨ੍ਹਾਂ ਨੇ। ਉਹ ਕਰਦੇ ਕੀ ਨੇ?

*ਪੰਚ ਚੋਰ ਮਿਲਿ ਲਾਗੇ ਨਗਰੀਆ*
*ਰਾਮ ਨਾਮ ਧਨੁ ਹਿਰਿਆ ॥*
*ਗੁਰਮਤਿ ਖੋਜ ਪਰੇ ਤਬ ਪਕਰੇ*
*ਧਨੁ ਸਾਬਤੁ ਰਾਸਿ ਉਬਰਿਆ ॥*
*ਅੰਗ - ੧੧੭੮*

ਗੁਰੂ ਦੀ ਮਤ ਧਾਰਨ ਕਰਕੇ ਜਦੋਂ ਖੋਜ ਕਰੀ ਤਾਂ ਇਕੱਲੇ-ਇਕੱਲੇ ਨੂੰ ਫੜ ਲਿਆ। ਫੇਰ ਨਤੀਜਾ ਕੀ ਹੋਇਆ?

ਧਨ ਸਾਬਤ ਰਹਿ ਗਿਆ ਤੇ ਜਿਹੜੀ ਪੂੰਜੀ ਸੀ ਉਹ ਪੱਲੇ ਰਹਿ ਗਈ।

*ਪਾਖੰਡ ਭਰਮ ਉਪਾਵ ਕਰਿ ਥਾਕੇ*
*ਰਿਦ ਅੰਤਰਿ ਮਾਇਆ ਮਾਇਆ ॥*
*ਸਾਧੂ ਪੁਰਖੁ ਪੁਰਖਪਤਿ ਪਾਇਆ*
*ਅਗਿਆਨ ਅੰਧੇਰੁ ਗਵਾਇਆ ॥ ੩ ॥*
*ਜਗੰਨਾਥ ਜਗਦੀਸ ਗੁਸਾਈ ਕਰਿ*
*ਕਿਰਪਾ ਸਾਧੁ ਮਿਲਾਵੈ ॥ ਅੰਗ - ੧੧੭੮*

ਜਿੰਨੀ ਦੇਰ ਤੱਕ ਵਾਹਿਗੁਰੂ ਵਲੋਂ ਕ੍ਰਿਪਾ ਨਹੀਂ ਹੋਇਆ ਕਰਦੀ, ਓਨੀ ਦੇਰ ਤੱਕ ਪੂਰਨ ਪੁਰਖ ਜਿਸਦੇ ਅਗਿਆਨ ਦਾ ਭਰਮ ਨਾਸ਼ ਹੋ ਚੁੱਕਿਆ। ਜਿਸਦੀ ਜੋਤ ਪਰਮ ਜੋਤੀ ਦੇ ਵਿਚ ਲੀਨ ਹੋ ਚੁੱਕੀ ਹੈ ਤੇ ਓਸੇ ਨੂੰ ਵਾਹਿਗੁਰੂ ਮਿਲਾਇਆ ਕਰਦਾ ਹੈ।

*ਨਾਨਕ ਸਾਂਤਿ ਹੋਵੈ ਮਨ ਅੰਤਰਿ*
*ਨਿਤ ਹਿਰਦੈ ਹਰਿ ਗੁਣ ਗਾਵੈ ॥*
*ਅੰਗ - ੧੧੭੮*

ਜਦੋਂ ਓਹਨੂੰ ਮਿਲ ਜਾਈਦਾ ਹੈ ਤਾਂ ਸਾਰੀਆਂ ਕਲਪਨਾਵਾਂ ਖਤਮ ਤੇ ਮਨ ਦੇ ਅੰਦਰ ਸ਼ਾਂਤੀ ਹੋ ਜਾਂਦੀ ਹੈ। ਫੇਰ ਹਿਰਦੇ ਦੇ ਅੰਦਰ ਵਿਗਾਸ ਆ ਜਾਂਦਾ ਹੈ, ਖੇੜਾ ਆ ਜਾਂਦਾ ਹੈ। ਉਹ ਖੇੜਾ ਚੁੱਪ ਨਹੀਂ ਕਰਾਉਂਦਾ, ਉਦਾਸੀ ਨਹੀਂ ਧਾਰਦਾ, ਮੱਥਾ ਘੁੱਟਿਆ ਹੋਇਆ ਨਹੀਂ ਰਹਿੰਦਾ, ਮੱਥਾ ਖੁਲ੍ਹ ਜਾਂਦਾ ਹੈ ਤੇ ਉਹਦੇ ਅੰਦਰੋਂ ਧੁਨੀ ਨਿਕਲਦੀ ਹੈ ਸ਼ਬਦ ਦੀ। ਗਾਉਂਦਾ ਹੈ ਓਸ ਨੂੰ, ਸਾਂਝਾ ਕਰਦਾ ਹੈ। ਆਪ ਵੀ ਗਾਉਂਦਾ ਹੈ ਤੇ ਦੂਸਰਿਆਂ ਨਾਲ ਵੀ ਸਾਂਝਾ ਕਰਦਾ ਹੈ। ਸੋ ਐਸੀ ਆਵਾਜ਼ ਹੇ ਪ੍ਰਭੂ! ਕੋਈ ਆਪਣਾ ਪਿਆਰਾ ਮੇਲ, ਜਿਹਦੇ ਦਰਸ਼ਨ ਮਾਤਰ ਨਾਲ ਹੀ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਇਸਨੂੰ ਲੋਚਾ ਲੱਗੀ ਹੋਈ ਹੈ ਪ੍ਰਭੂ ਦੇ ਮਿਲਾਪ ਦੀ, ਇਸ ਤਰ੍ਹਾਂ ਦੇ ਭਾਵ ਹਿਰਦੇ 'ਚੋਂ ਉਠ ਰਹੇ ਨੇ -

*ਧਾਰਨਾ - ਪ੍ਰਭ ਦਰਸ਼ ਦਿਖਾਵੋ ਜੀ,*
*ਮੇਰੇ ਮਨ ਪਿਆਸ ਲੱਗੀ ਹੈ ਬਹੁਤੀ।*
*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ - ੭੦੮*

ਪਿਆਸ ਲੱਗੀ ਹੋਈ ਹੈ ਸੱਚਮੁੱਚ ਏਸ ਤਰ੍ਹਾਂ ਜਿਵੇਂ ਮੱਛੀ ਪਾਣੀ ਤੋਂ ਬਗੈਰ ਜਿਉਂਦੀ ਨਹੀਂ ਰਹਿ ਸਕਦੀ। ਐਸੀ ਅਵਸਥਾ ਹੈ, ਦਰਸ਼ਨਾਂ ਦੀ ਲੋਚਾ ਹੈ ਹਿਰਦੇ ਦੇ ਅੰਦਰ। ਤਰਲਾ ਹੈ ਕਿ -

*ਚਿਰੁ ਚਿਰੁ ਚਿਰੁ ਚਿਰੁ ਭਇਆ*
*ਮਨਿ ਬਹੁਤੁ ਪਿਆਸ ਲਾਗੀ ॥*
*ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ ॥*

*ਨਾਨਕ ਦੀਨ ਸਰਣਿ ਆਏ ਗਲਿ ਲਾਏ ॥*

*ਅੰਗ - ੪੦੮*

ਬੜੀ ਦੇਰ ਹੋ ਗਈ, ਕਰੋੜਾਂ ਸਾਲ ਹੋ ਗਏ। ਹੇ ਪ੍ਰਭੂ! ਜਦੋਂ ਤੋਂ ਤੇਰੇ ਤੋਂ ਵਿਛੁੜੇ ਹਾਂ, ਬਹੁਤ ਲੰਮਾ ਚੱਕਰ ਕੱਟਿਆ ਹੈ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*

*ਅੰਗ - ੧੭੬*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*

*ਅੰਗ - ੧੫੬*

ਪਤਾ ਨਹੀਂ ਚੌਰਾਸੀ ਦੇ ਗੇੜੇ ਕਿੰਨੇ ਖਾ ਚੁੱਕੇ ਹਾਂ, ਹੇ ਪ੍ਰਭੂ! ਹੁਣ ਤਾਂ ਦਰਸ਼ਨ ਦੇਵੋ। ਬਹੁਤ ਚਿਰ ਹੋ ਗਿਆ। ਮਨੁੱਖ ਬਣਦੇ ਨੂੰ ਵੀ ਸੈਂਕੜੇ ਜਨਮ ਲੰਘ ਗਏ। ਤੇਰਾ ਨਾਮ ਜਪਦੇ ਨੂੰ, ਤੇਰੇ ਰਸਤੇ ਚਲਦੇ ਨੂੰ, ਹਜ਼ਾਰਾਂ ਸਾਲ ਹੋ ਗਏ। ਲੇਕਿਨ ਅਜੇ ਤੱਕ ਦਰਸ਼ਨ ਦੀ ਭਿਖਿਆ ਪ੍ਰਾਪਤ ਨਹੀਂ ਹੋਈ। ਹੁਣ ਤੁਸੀਂ ਦਰਸ਼ਨ ਦਿਖਾਵੋ।

*ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ ॥*
*ਨਾਨਕ ਦੀਨ ਸਰਣਿ ਆਏ ਗਲਿ ਲਾਏ ॥*

*ਅੰਗ - ੪੦੮*

ਹੁਣ ਤੁਸੀਂ ਮੈਨੂੰ ਗਲ ਲਾਓ। ਐਸਾ ਵੈਰਾਗ ਹਿਰਦੇ ਦੇ ਅੰਦਰ ਪ੍ਰਗਟ ਹੋ ਕੇ ਭਾਵ ਜਿਹੜੇ ਨੇ ਅਸਮਾਨ ਦੇ ਵਿਚ ਫੈਲ ਰਹੇ ਨੇ।

***ਧਾਰਨਾ - ਮਨ ਬੈਰਾਗ ਭਇਆ,***
***ਦਰਸ਼ਨ ਦੇਖਣੇ ਕਾ ਚਾਓ।***

ਵੈਰਾਗ ਤੇ ਚਾਓ ਦੋ ਚੀਜ਼ਾਂ। ਵੈਰਾਗ ਹੋਵੇ ਤੇ ਚਾਓ ਹੋਵੇ ਦਰਸ਼ਨਾਂ ਦਾ, ਦੋਵੇਂ ਚੀਜ਼ਾਂ ਦੁਰਲੱਭ ਨੇ। ਆਵਾਜ਼ ਆ ਰਹੀ ਹੈ, ਹੇ ਪ੍ਰਭੂ! ਮਨ ਦੇ ਅੰਦਰ ਤੇਰੇ ਦਰਸ਼ਨਾਂ ਦਾ ਵੈਰਾਗ ਵੀ ਹੈ ਤੇ ਦਰਸ਼ਨ ਦੇਖਣ ਦਾ ਮੇਰੇ ਮਨ ਵਿਚ ਬਹੁਤ ਬਹੁਤ ਚਾਓ। ਕ੍ਰਿਪਾ ਕਰ, ਸਾਧੂ ਜਨ ਮਿਲਾ। ਸੁਣਿਆ ਹੈ ਕਿ ਤੂੰ ਨਾਲ ਹੀ ਰਹਿੰਦਾ ਹੈਂ, ਕਿਤੇ ਦੂਰ ਨਹੀਂ ਹੈ। ਸੱਤਵੇਂ ਅਸਮਾਨ ਤੋਂ ਨਹੀਂ ਆਉਣਾ ਪਰ ਕੋਲ ਰਹਿੰਦਾ ਹੀ ਨਹੀਂ ਤੂੰ ਦਿਸਦਾ।

*ਹਰਿ ਘਟਿ ਘਟੇ ਘਟਿ ਬਸਤਾ*
*ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਾਨੰਤਰਿ*
*ਬਸਤਾ ਮੈ ਹਰਿ ਦੇਖਨ ਕੋ ਚਾਉ ॥*

*ਅੰਗ - ੧੨੦੧*

ਚਾਓ ਨਹੀਂ ਹੈ ਸਾਡੇ ਅੰਦਰ। ਨਾਲ ਰਹਿੰਦਾ ਹੈ ਪ੍ਰਮੇਸ਼ਰ। ਕੋਈ ਬੰਦਾ ਐਸਾ ਨਹੀਂ ਜਿਹਦੇ ਨਾਲ ਪ੍ਰਮੇਸ਼ਰ ਨਾ ਰਹਿੰਦਾ ਹੈ। ਲੇਕਿਨ ਸਾਡੇ ਅੰਦਰ ਕਦੇ ਚਾਓ ਨਹੀਂ ਆਉਂਦਾ, ਚਾਓ ਹੋਰ ਚੀਜ਼ਾਂ ਦਾ ਹੈ, ਪੁੱਤਰਾਂ ਨੂੰ ਦੇਖਣ ਦਾ, ਪੈਸੇ ਨੂੰ ਦੇਖਣ ਦਾ, ਦੁਨੀਆਂ ਨੂੰ ਦੇਖਣ ਦਾ। ਵਾਹਿਗੁਰੂ ਦਾ ਤਾਂ ਚਾਓ ਹੀ ਨਹੀਂ ਉਠਦਾ। ਸਾਰਾ ਦਿਨ ਅਸੀਂ ਭੁੱਲੇ ਰਹਿੰਦੇ ਹਾਂ, ਸਾਰਾ ਦਿਨ ਸਾਡੀ ਸੁਰਤ ਪ੍ਰਮੇਸ਼ਰ ਨਾਲੋਂ ਟੁੱਟ ਕੇ ਮੁਰਦਾ ਹੋਈ ਰਹਿੰਦੀ ਹੈ। ਅੰਦਰ ਚਾਓ ਨਹੀਂ ਜਾਗਦਾ ਕਿ ਮੇਰੇ ਕੋਲ ਰਹਿੰਦਾ ਹੈ, ਦਰਸ਼ਨ ਹੁੰਦਾ ਨਹੀਂ। ਕਿਉਂਕਿ ਵੈਰਾਗ ਨਹੀਂ ਪੈਦਾ ਹੋਇਆ। ਸੋ ਮਹਾਰਾਜ ਕਹਿੰਦੇ ਕੋਲ ਰਹਿੰਦਾ ਹੈ। ਸ਼ਬਦ ਵਿਚ ਤਿੰਨ ਵਾਰੀ ਮਹਾਰਾਜ ਨੇ ਫੁਰਮਾਨ ਕਰਿਆ ਹੈ ਕਿ ਘਟ-ਘਟ 'ਚ ਰਹਿੰਦਾ ਹੈ, ਜਲਾਂ ਥਲਾਂ 'ਚ ਰਹਿੰਦਾ ਹੈ, ਥਾਨ-ਥਨੰਤਰਾਂ 'ਚ ਰਹਿੰਦਾ ਹੈ ਜਿਹੜਾ ਐਨਾ ਨੇੜੇ ਰਹਿੰਦਾ ਹੈ, ਮੈਨੂੰ ਤਾਂ ਚਾਓ ਲੱਗਿਆ ਹੋਇਆ ਹੈ ਉਸਦੇ ਦਰਸ਼ਨਾਂ ਦਾ। ਹੁਣ ਕੌਣ ਮਿਲਾਵੇ? ਕਹਿੰਦੇ ਕੁੰਜੀ ਹੁੰਦੀ ਹੈ।

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ ॥ ਅੰਗ - ੧੨੩੭*

ਕੋਈ ਪੂਰਾ ਸਾਧੂ ਮਿਲ ਜਾਵੇ, ਜਿਹਦੇ ਹੱਥ ਦੇ ਵਿਚ ਕੁੰਜੀ ਦਿਤੀ ਹੋਵੇ ਤੇ ਉਹ ਮਿਲ ਜਾਵੇ, ਉਹ ਤਾਲਾ ਖੋਲ੍ਹ ਕੇ ਦਿਖਾ ਦੇਵੇ। ਕਿਉਂਕਿ ਅੰਦਰ ਤਾਲਾ ਲੱਗ ਕੇ ਬਜਰ ਕਪਾਟ ਜੜੇ ਨੇ।

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*

*ਅੰਗ - ੯੫੪*

ਕੋਈ ਐਸਾ ਮਿਲ ਜਾਵੇ ਜਿਹੜਾ ਬਜਰ ਕਪਾਟਾਂ ਨੂੰ ਖੋਲ੍ਹ ਦੇਵੇ।

*ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ*
*ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ ॥*
*ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ ॥*

*ਅੰਗ - ੧੨੦੧*

ਇਹ ਨਹੀਂ ਕੋਈ ਨਹੀਂ ਕਿ ਹਿੰਦੂ ਆਵੇ, ਮੁਸਲਮਾਨ ਆਵੇ, ਈਸਾਈ ਆਵੇ, ਕੋਈ ਆ ਜਾਏ, ਕੋਈ ਪ੍ਰਮੇਸ਼ਰ ਦਾ ਪਿਆਰਾ ਆ ਜਾਏ। ਪ੍ਰਮੇਸ਼ਰ ਦੇ ਪਿਆਰੇ ਦੀ ਜਾਤ ਪ੍ਰਮੇਸ਼ਰ ਹੀ ਹੋਇਆ ਕਰਦੀ ਹੈ। ਬਾਕੀ ਜਾਤਾਂ ਨਹੀਂ ਹੋਇਆ ਕਰਦੀਆਂ, ਉਹਦਾ ਕੋਈ ਧਰਮ ਨਹੀਂ ਹੋਇਆ ਕਰਦਾ, ਉਹਦਾ ਧਰਮ ਪ੍ਰਮੇਸ਼ਰ ਹੋਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ ਕੋਈ ਆ ਜਾਓ। ਹਰੀ ਦਾ ਜਨ ਹੋਵੇ -

*.....ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ॥*

*ਅੰਗ - ੧੨੦੧*

ਤੇ ਮੇਰਾ ਪਿਆਰਾ ਸੰਤ ਜਿਹੜਾ ਮੈਨੂੰ ਰਸਤਾ ਦਿਖਾ ਦੇਵੇ।

*ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ ॥*

*ਅੰਗ - ੧੨੦੧*

ਜਿਹੜਾ ਆ ਜਾਵੇ, ਮੈਂ ਉਹਦੇ ਚਰਨਾਂ ਨੂੰ ਮਲ-ਮਲ ਕੇ ਧੋਵਾਂ, ਉਹਦੀ ਸੇਵਾ ਕਰਾਂ, ਪੱਖੇ ਝੱਲਾਂ। ਉਹਦੇ ਵਾਸਤੇ ਆਟਾ ਪੀਸਾਂ, ਪ੍ਰਸ਼ਾਦੇ ਬਣਾਵਾਂ। ਸਾਰੇ ਕੰਮ ਕਰਾਂ, ਵਸਤਰ ਧੋਵਾਂ। ਆਵੇ ਤਾਂ ਸਹੀ ਕੋਈ ਜਨ ਐਸਾ।

*ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥*
*ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥*

*ਅੰਗ - ੯੫*

ਦੱਸੋ ਤਾਂ ਸਹੀ ਮੇਰਾ ਪ੍ਰਭੂ ਹੈ ਕਿੱਥੇ? ਕਿਉਂਕਿ ਮੇਰੇ ਮਨ ਦੇ ਅੰਦਰ ਬੜੀ ਭੁੱਖ ਲੱਗ ਗਈ।

*ਮੇਰੀ ਸਰਧਾ ਪੂਰਿ ਜਗਜੀਵਨ ਦਾਤੇ*
*ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ ॥*

*ਅੰਗ - ੯੫*

ਹੇ ਅਕਾਲ ਪੁਰਖ! ਤੂੰ ਹੀ ਮੇਰੀ ਸ਼ਰਧਾ ਪੂਰੀ ਕਰ। ਕਿਉਂ?

ਮੈਂ ਉਨ੍ਹਾਂ ਨੂੰ ਮਿਲ ਲਵਾਂ ਤੇ ਤੇਰੇ ਹੋ ਜਾਣ ਦਰਸ਼ਨ ਤੇ ਮੇਰਾ ਮਨ ਕਠੋਰ ਜਿਹੜਾ ਹੈ ਇਹ ਭਿੱਜ ਜਾਵੇ। ਬੜਾ ਜ਼ਬਰਦਸਤ ਸਵਾਲ ਉਠ ਰਿਹਾ ਹੈ ਤੇ ਸਾਰੇ ਆਕਾਸ਼ ਦੇ ਅੰਦਰ ਫੈਲ ਰਿਹਾ ਹੈ।

ਗੁਰੂ ਨਾਨਕ ਪਛਾਣ ਰਹੇ ਨੇ, ਕਹਿਣ ਲੱਗੇ, ਮਰਦਾਨਿਆ! ਹੁਣ ਚੱਲੀਏ ਆਪਾਂ। ਦੱਸ ਬਈ ਤੇਰੀ ਕਿੱਧਰ ਰਜ਼ਾ ਹੈ? ਕਹਿਣ ਲੱਗਿਆ, ਪਾਤਸ਼ਾਹ! ਮੈਂ ਕਲਜੁਗੀ ਜੀਵ ਮੈਨੂੰ ਕੋਈ ਪਤਾ ਨਹੀਂ ਹੈ, ਕਿੱਧਰ ਜਾਣਾ ਹੈ। ਤੂੰ ਸਰਬੱਗ ਸਭ ਕੁਝ ਜਾਨਣਹਾਰ ਹੈਂ ਤੇ ਜਿੱਧਰ ਤੂੰ ਚੱਲੇਂਗਾ ਮੈਂ ਤੁਹਾਡੀ ਪੈਰ ਦੀ ਪੈੜ ਵਿਚ ਪੈਰ ਧਰਦਾ ਪਿੱਛੇ ਤੁਰਿਆ ਆਵਾਂਗਾ। ਜਿੱਥੇ ਤੇਰਾ ਜੀਅ ਕਰਦਾ ਹੈ ਚਲਿਆ ਜਾਹ। ਹੁਣ ਇਕ ਪਾਸੇ ਅਰਦਾਸਾਂ ਹੋ ਰਹੀਆਂ ਨੇ, ਇਹ ਪਾਸੇ ਸੁਣਨ ਵਾਲਾ ਸੁਣ ਰਿਹਾ ਹੈ। ਪੂਰੀਆਂ ਕਦੋਂ ਹੁੰਦੀਆਂ ਨੇ, ਜਿਸ ਵਕਤ ਦਰਗਾਹ ਤੋਂ ਸਰਟੀਫਿਕੇਟ ਮਿਲ ਜਾਵੇ, ਕਿ ਏਸ ਜੀਵ ਦੇ ਭਾਗ ਹੁਣ ਪੂਰੇ ਨੇ। ਪੂਰੇ ਭਾਗ ਹੋਣ ਤਾਂ ਪੂਰਨ ਮਹਾਂਪੁਰਸ਼ ਦੇ ਦਰਸ਼ਨ ਹੁੰਦੇ ਨੇ।

***ਧਾਰਨਾ - ਵੱਡਿਆਂ ਭਾਗਾਂ ਨਾਲ ਮਿਲਦੀ***
***ਸੰਗਤ ਸਾਧੂਆਂ ਦੀ।***

ਦਰਗਾਹ ਤੋਂ ਇਜਾਜ਼ਤ ਮਿਲ ਜਾਂਦੀ ਹੈ ਕਿ ਇਸਨੂੰ ਸਾਧੂ ਦੀ ਸੰਗਤ ਮਿਲ ਜਾਵੇ। ਫੁਰਮਾਨ ਹੈ -

*ਵਡਭਾਗੀ ਹਰਿ ਸੰਗਤਿ ਪਾਵਹਿ ॥ ਅੰਗ - ੯੫*

ਜਿਨ੍ਹਾਂ ਦੇ ਭਾਗ ਜਾਗ ਪਏ ਉਨ੍ਹਾਂ ਨੂੰ ਸੰਗਤ ਪ੍ਰਾਪਤ ਹੋ ਜਾਂਦੀ ਹੈ। ਜਿਨ੍ਹਾਂ ਦੇ ਭਾਗ ਅਜੇ ਨਹੀਂ ਜਾਗੇ -

*ਭਾਗਹੀਨ ਭ੍ਰਮਿ ਚੋਟਾ ਖਾਵਹਿ ॥*
*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ੩ ॥*
*ਮੈ ਆਇ ਮਿਲਹੁ ਜਗਜੀਵਨ ਪਿਆਰੇ ॥*
*ਹਰਿ ਹਰਿ ਨਾਮੁ ਦਇਆ ਮਨਿ ਧਾਰੇ ॥*
*ਗੁਰਮਤਿ ਨਾਮੁ ਮੀਠਾ ਮਨਿ ਭਾਇਆ*
*ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥*

*ਅੰਗ - ੯੫*

*ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥*
*ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥*

*ਅੰਗ - ੯੪*

ਕਿਹੜਾ ਤਰੀਕਾ ਹੈ ਜਿਹਦੇ ਨਾਲ ਮੇਰਾ ਪ੍ਰੀਤਮ ਮੈਨੂੰ ਮਿਲ ਜਾਵੇ ਤੇ ਮੈਂ ਮਨ ਤੇ ਤਨ ਨੂੰ ਖੋਜ ਲਵਾਂ ਉਹਨੂੰ ਮਿਲ ਕੇ ਤੇ ਫੁਰਮਾਨ ਆਉਂਦਾ ਹੈ ਕਿ ਸੰਗਤ ਵਿਚ ਮਿਲ।

*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥*

*ਅੰਗ - ੯੪*

ਸਤਿਸੰਗਤ ਦੇ ਵਿਚ ਜਾਹ।

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਿਸ ਥਾਂ ਦੇ ਉਤੇ ਕੇਵਲ ਪ੍ਰਮੇਸ਼ਰ ਦੇ ਨਾਮ ਦੀ ਗੱਲ ਚੱਲ ਰਹੀ ਹੋਵੇ। ਐਸੀ ਸੰਗਤ ਦੇ ਵਿਚ ਜਾਹ, ਉਥੇ ਖੋਜ ਹੁੰਦੀ ਹੈ ਤੇ ਉਥੋਂ ਹੀ ਪ੍ਰਮੇਸ਼ਰ ਮਿਲ ਜਾਂਦਾ ਹੈ।

ਖੋਜ ਕੇ ਦੇਖ। ਕੀ ਦੇਖ? ਕਹਿੰਦੇ ਨੇਤਰ ਖੋਲ੍ਹ ਕੇ ਦੇਖ। ਕਹਿੰਦਾ, ਮਹਾਰਾਜ! ਮੈਨੂੰ ਤਾਂ ਕੁੱਛ ਦਿਸਦਾ ਨਹੀਂ ਹੈ। ਤੁਸੀਂ ਕੀ ਦੱਸਣਾ ਚਾਹੁੰਦੇ ਓਂ ਜਿਹਨੂੰ ਮੈਂ ਦੇਖਾਂ? ਮਹਾਰਾਜ ਕਹਿੰਦੇ-

*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥*

*ਅੰਗ - ੯੪*

ਐਸੀ ਸੰਗਤ ਦੇ ਵਿਚ ਪ੍ਰਮੇਸ਼ਰ ਆਪ ਨਿਵਾਸ ਰੱਖਿਆ ਕਰਦਾ ਹੈ।

ਮਰਦਾਨਿਆ! ਆਵਾਜ਼ ਆ ਰਹੀ ਹੈ ਬਹੁਤ ਜ਼ਬਰਦਸਤ।

ਕਹਿੰਦਾ, ਸੱਚੇ ਪਾਤਸ਼ਾਹ! ਤੂੰ ਜਾਣ, ਮੈਨੂੰ ਤਾਂ ਕੁਛ ਨਹੀਂ ਪਤਾ ਲਗਦਾ।

ਮੈਨੂੰ ਤਾਂ ਆਹੀ ਆਵਾਜ਼ਾਂ ਸੁਣ ਰਹੀਆਂ ਨੇ, ਜਾਂ ਪੰਛੀਆਂ ਦੀਆਂ ਸੁਣ ਰਹੀਆਂ ਨੇ ਜਾਂ ਬੰਦਿਆਂ ਦੇ ਬੋਲਾਂ ਦੀਆਂ ਸੁਣ ਰਹੀਆਂ ਨੇ। ਧੰਨ ਹੈਂ ਤੂੰ ਜਿਹੜਾ ਕਿਸੇ ਹੋਰ ਲੋਕ ਦੀ ਆਵਾਜ਼ ਇਥੇ ਬੈਠਾ ਸੁਣ ਰਿਹਾ ਹੈਂ।

ਕਿਸਦੀ ਆਵਾਜ਼ ਹੈ ਪਾਤਸ਼ਾਹ! ਕੁਛ ਦੱਸੋਂਗੇ?

ਕਹਿੰਦੇ, ਮਰਦਾਨਿਆਂ! ਇਕ ਪਰਮ ਭਗਤ ਹੈ ਉਸ ਭਗਤ ਦੀ ਆਵਾਜ਼ ਆ ਰਹੀ ਹੈ। ਕਈ ਜਨਮਾਂ ਤੋਂ ਕੋਈ ਆਵਾਜ਼ ਆ ਰਹੀ ਹੈ, ਉਹ ਅਕਿਆ ਨਹੀਂ ਹੈ, ਥੱਕਿਆ ਨਹੀਂ ਹੈ। ਪਿਛਲੇ ਜਨਮ 'ਚ ਵੀ ਆਵਾਜ਼ ਦਿੰਦਾ ਰਿਹਾ, ਉਸ ਤੋਂ ਪਹਿਲੇ ਜਨਮ ਵਿਚ ਵੀ ਆਵਾਜ਼ ਦਿੰਦਾ ਰਿਹਾ, ਓਸ ਤੋਂ ਵੀ ਪਹਿਲੇ ਜਨਮ ਵਿਚ ਆਵਾਜ਼ ਦਿੰਦਾ ਰਿਹਾ ਤੇ ਹੁਣ ਉਸਦੀ

ਆਵਾਜ਼ ਦਰਗਾਹ ਵਿਚ ਸੁਣੀ ਗਈ ਹੈ।

ਕੌਣ ਹੈ ਐਸਾ ਵਡਭਾਗੀ ਪਾਤਸ਼ਾਹ?

ਕਹਿਣ ਲੱਗੇ, "ਇਥੋਂ 17 ਦਿਨ ਦਾ ਰਸਤਾ ਹੈ ਤੇ ਆਪਾਂ ਚੱਲਣਾ ਹੈ।"

ਪਾਤਸ਼ਾਹ! ਉਹਦਾ ਕੋਈ ਨਾਉਂ, ਕੋਈ ਸ਼ਹਿਰ?

ਕਹਿਣ ਲੱਗੇ, "ਏਮਨਾਬਾਦ ਸ਼ਹਿਰ ਹੈ ਤੇ ਉਥੇ ਇਕ ਕਿਰਤੀ ਸਿੰਘ ਰਹਿੰਦਾ ਹੈ। ਜਿਸਨੂੰ ਲੋਕ ਭਾਈ ਲਾਲੋ ਕਰਕੇ ਸੱਦਦੇ ਨੇ। ਭਗਤੀ ਵਿਚ ਪੂਰਾ ਹੈ, ਥੋੜ੍ਹੀ ਜਿਹੀ ਕਸਰ ਰਹਿੰਦੀ ਹੈ, ਕਈ ਜਨਮ ਦੀ ਭਗਤੀ ਹੈ ਉਸਦੀ, ਹੁਣ ਫਲ ਤੇ ਆਈ ਹੋਈ ਹੈ। ਸੋ ਪਿਆਰ ਹੈ, ਪਿਆਰ ਦੇ ਨਾਲ ਖਿੱਚ ਪਾ ਰਿਹਾ ਹੈ। ਹੁਣ ਸਾਡੇ ਤੋਂ ਹੋਰ ਨਹੀਂ ਠਹਿਰਿਆ ਜਾਂਦਾ।

ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਮਰਦਾਨੇ ਨੂੰ ਨਾਲ ਲੈ ਕੇ ਸਨੇ-ਸਨੇ ਚਲਦੇ ਨੇ, ਰਾਤ ਪੈ ਜਾਂਦੀ ਹੈ ਰਹਿ ਪੈਂਦੇ ਨੇ। ਫੇਰ ਚਲਦੇ ਨੇ, ਫੇਰ ਰਹਿ ਪੈਂਦੇ ਨੇ। 17 ਦਿਨ 17 ਰਾਤਾਂ ਚਲਦੇ-ਚਲਦੇ ਏਮਨਾਬਾਦ ਇਕ ਕੱਚੇ ਕੋਠੇ ਦੇ ਸਾਮ੍ਹਣੇ ਜਾ ਕੇ ਖੜ੍ਹ ਜਾਂਦੇ ਨੇ। ਦਰਵਾਜ਼ਾ ਲੱਗਿਆ ਹੋਇਆ ਹੈ, ਦਰਵਾਜ਼ਾ ਖੁਲ੍ਹਦੇ ਸਾਰ ਇਕ ਵਿਹੜਾ ਹੈ ਤੇ ਉਹਦੇ ਅੱਗੇ ਇਕ ਕੱਚਾ ਕਮਰਾ ਹੈ, ਉਹਦੇ ਮੂਹਰੇ ਛੱਪਰ ਪਾਇਆ ਹੋਇਆ ਹੈ ਤੇ ਓਸ ਛੱਪਰ ਦੇ ਹੇਠ ਬੈਠਾ, ਦਿਲ ਜਿਹੜਾ ਹੈ ਉਹ ਪ੍ਰਮੇਸ਼ਰ ਵੱਲ ਹੈ ਤੇ ਹੱਥ ਨੇ ਜਿਹੜੇ ਉਹ ਕਾਰ ਵੱਲ ਨੇ। ਅੰਦਰੋਂ ਅਰਦਾਸ ਤੇ ਅਰਦਾਸ ਉਠਦੀ ਹੈ, ਨੇਤਰਾਂ 'ਚੋਂ ਜਲ ਜਾਂਦਾ ਹੈ ਕਿ ਹੇ ਪ੍ਰਭੂ ਮੇਰੇ ਤੇ ਕਦੋਂ ਕ੍ਰਿਪਾ ਹੋਏਗੀ। ਭਗਤੀ ਜੋ ਹੈ, ਪਿਆਰ ਜੋ ਹੈ ਇਹ ਵਿਹਲੇ ਬੈਠ ਕੇ ਕਰਨ ਵਾਲੀ ਗੱਲ ਨਹੀਂ ਹੈ। ਮਹਾਰਾਜ ਕਹਿੰਦੇ ਇਹ ਤਾਂ ਚਿੱਤ ਦੀ ਅਵਸਥਾ ਹੈ, ਚਿੱਤ ਦੇ ਵਿਚ ਜਿਸਦੇ ਵੀ ਆ ਗਿਆ, ਜਿਸਦੇ ਅੰਦਰ ਖਿੱਚ ਪੈ ਗਈ ਹੱਥ ਕੰਮ ਵਲ ਨੇ ਲੇਕਿਨ ਸੁਰਤ ਪ੍ਰਮੇਸ਼ਰ ਵੱਲ ਹੈ। ਜਿਸਦੇ ਬਾਰੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲਾਈਏ,***
***ਹੱਥੀਂ ਪੈਰੀ ਕੰਮ ਕਰੀਏ।***
***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ॥***
***ਅੰਗ - ੧੩੭੬***

ਹੱਥਾਂ ਪੈਰਾਂ ਦੇ ਨਾਲ ਕੰਮ ਹੋ ਰਿਹਾ ਹੈ ਤੇ ਚਿੱਤ ਓਸ ਨਿਰੰਕਾਰ ਦੀ ਚਰਨ ਸ਼ਰਨ ਦੇ ਵਿਚ ਸਮਾਅ ਕੇ ਅਰਦਾਸ ਵਿਚ ਜੁੜਿਆ ਹੋਇਆ ਹੈ। ਅਚਾਨਕ ਦਰਵਾਜ਼ਾ ਖੜਕਿਆ, "ਭਾਈ ਲਾਲੋ! ਭਾਈ ਲਾਲੋ। ਐਸੀ ਮਿੱਠੀ ਆਵਾਜ਼ ਜਿਸਨੂੰ ਸੁਣਦੇ ਸਾਰ ਸਾਰਾ ਝਰਨਾਟਿਆ ਗਿਆ, ਇਕ ਕੰਬਣੀ ਛਿੜ ਗਈ ਪਿਆਰ ਦੀ, ਹੈਰਾਨ ਹੋ ਰਿਹਾ ਹੈ, ਕੌਣ ਆ ਗਿਆ ਐਨਾ ਪਿਆਰ ਨਾਲ ਬੁਲਾਉਣ ਵਾਲਾ। ਮੈਨੂੰ ਗਰੀਬ ਨੂੰ ਤਾਂ ਕਦੇ ਕਿਸੇ ਨੇ ਪਿਆਰ ਨਾਲ ਬੁਲਾਇਆ ਹੀ ਨਹੀਂ ਸੀ। ਉਹ ਇਹ ਗੱਲ ਵੀ ਕਹਿੰਦੇ ਸੀ ਕਿ ਕੌਣ ਆ ਗਿਆ ਜੋ ਭਾਈ ਬਣਾ ਰਿਹਾ ਹੈ ਤੇ ਭਾਈ ਲਾਲੋ, ਭਾਈ ਲਾਲੋ ਦੀ ਆਵਾਜ਼ ਆ ਰਹੀ ਹੈ ਕਿ ਦਰਵਾਜ਼ਾ ਖੋਲ੍ਹ। ਦਰਵਾਜ਼ਾ ਖੋਲ੍ਹਿਆ ਦਰਸ਼ਨ ਕੀ ਕੀਤੇ, ਦੇਖਦੇ ਸਾਰ ਸਾਰੇ ਤਨ, ਮਨ ਦੇ ਅੰਦਰ ਇਕ ਲਹਿਰ ਦੌੜ ਪਈ। ਅੱਜ ਤੱਕ ਐਸੇ ਪਿਆਰੇ ਦਰਸ਼ਨ ਕਦੇ ਕਿਸੇ ਦੇ ਨਹੀਂ ਸੀ ਕੀਤੇ। ਹੈਰਾਨ ਹੋ ਗਿਆ ਕਿ ਵਾਹਿਗੁਰੂ ਆਪ ਆ ਗਿਆ। ਭਗਵਾਨ ਆਪ ਆ ਗਿਆ। ਕੀ ਹੋਇਆ? ਕੌਣ ਹੋ ਸਕਦਾ ਹੈ? ਓਸ ਵੇਲੇ ਆਪ ਨੇ ਬਚਨ ਕੀਤਾ ਕਿ ਮਹਾਰਾਜ! ਧੰਨ ਭਾਗ ਤੁਸੀਂ ਅੰਦਰ ਚਰਨ ਪਾਓ। ਅੰਦਰ ਆ ਜਾਂਦੇ ਨੇ ਤੇ ਇਕ ਛੋਟੀ ਜਿਹੀ ਪਗੂੰੜੀ ਚੁੱਕ ਕੇ ਲੈ ਆਂਦਾ ਹੈ ਤੇ ਮਹਾਰਾਜ ਜੀ ਦੇ ਅੱਗੇ ਡਾਹ ਦਿੰਦਾ ਹੈ ਤੇ ਓਸ ਪਗੂੰੜੀ ਦੇ ਉਤੇ ਕੱਪੜਾ ਨਹੀਂ ਵਿਛਾਇਆ ਹੋਇਆ। ਕੱਪੜਾ ਲੈਣ ਵਾਸਤੇ ਜਾਂਦਾ ਹੈ ਤਾਂ ਮਹਾਰਾਜ ਕਹਿਣ ਲੱਗੇ ਭਾਈ ਲਾਲੋ! ਕੱਪੜੇ ਦੀ ਕੋਈ ਲੋੜ ਨਹੀਂ ਹੈ। ਐਸ ਤਰ੍ਹਾਂ ਹੀ ਅਸੀਂ ਬੈਠ ਜਾਂਦੇ ਹਾਂ, ਤੂੰ ਆਪਣਾ ਕੰਮ ਕਰ ਤੂੰ ਕਿਰਤੀ ਬੰਦਾ ਹੈਂ।

ਕਹਿਣ ਲੱਗਿਆ, ਪਾਤਸ਼ਾਹ! ਤੁਸੀਂ ਦੱਸੋ ਤਾਂ ਸਹੀ ਕਿ ਕੌਣ ਹੋ?

ਕਹਿਣ ਲੱਗੇ, ਭਾਈ ਲਾਲੋ! ਤੂੰ ਸਾਨੂੰ ਜਾਣਦਾ ਹੈਂ ਤੇ ਅਸੀਂ ਤੈਨੂੰ ਜਾਣਦੇ ਹਾਂ। ਦੱਸਣ ਦੀ ਕਿਹੜੀ ਗੱਲ ਹੈ।

ਪਾਤਸ਼ਾਹ! ਮੈਂ ਜਾਣਦਾ ਹਾਂ?

ਕਹਿੰਦੇ, ਹਾਂ ਤੂੰ ਜਾਣਦਾ ਹੈਂ?

ਕਹਿੰਦੇ, ਆਪਣੇ ਦਿਲ ਦੇ ਅੰਦਰ ਦੇਖ ਕੀਹਨੂੰ ਆਵਾਜ਼ਾਂ ਮਾਰ ਰਿਹਾ ਸੀ।

ਕਹਿਣ ਲੱਗਿਆ, ਮਹਾਰਾਜ! ਤੁਸੀਂ ਨਾਨਕ ਤਾਂ ਨਹੀਂ ਹੋ ਕਿਤੇ? ਨਾਨਕ ਤਪਾ ਤਾਂ ਨਹੀਂ ਹੋ ਤੁਸੀਂ?

ਮਹਾਰਾਜ ਕਹਿੰਦੇ, ਫੇਰ ਜਾਣਦਾ ਹੋਇਆ ਨਾ ਸਾਨੂੰ?

ਕਹਿਣ ਲੱਗਿਆ, ਮਹਾਰਾਜ! ਤੁਸੀਂ ਮੈਨੂੰ ਕਿਵੇਂ ਜਾਣਦੇ ਹੋ?

ਮਹਾਰਾਜ ਕਹਿੰਦੇ, ਕਿ ਅਸੀਂ ਤੈਨੂੰ ਕਈ ਜਨਮ ਦੇ ਜਾਣਦੇ ਹਾਂ।

ਓਸ ਵੇਲੇ ਆਪ ਦੇ ਅੰਦਰ ਬੜੀ ਅਧੀਨਗੀ ਆਈ ਕਿ ਐਡੀ ਵੱਡੀ ਹਸਤੀ ਜਿਸ ਦੇ ਬਾਰੇ ਮੈਂ ਸੁਣਿਆ ਹੈ ਕਿ ਜਿਸ ਦਾ ਨਾਉਂ ਲੈਂਦੇ ਸਾਰ ਖਿੱਚ ਪੈਂਦੀ ਹੈ। ਜਿਸਦੇ ਦਰਸ਼ਨਾਂ ਦੀ ਤਾਬ ਮੇਰੇ ਤੋਂ ਝੱਲੀ ਨਹੀਂ ਜਾ ਰਹੀ। ਮੇਰੇ ਅਗਿਆਨ ਦੇ ਛੌੜ ਕੇਵਲ ਦਰਸ਼ਨ ਕਰਕੇ ਹੀ ਕੱਟੇ ਗਏ। ਉਹ ਮੇਰੇ ਗਰੀਬ ਦੀ ਕੁਟੀਆ ਦੇ ਅੰਦਰ ਆ ਗਏ। ਮੈਂ ਤਾਂ ਕੋਈ ਐਸਾ ਗੁਣ ਨਹੀਂ ਕਰਿਆ ਤੇ ਅਵਗੁਣਾਂ ਦਾ ਭਰਿਆ ਹੋਇਆ ਹਾਂ। ਓਸ ਵੇਲੇ ਅਰਦਾਸ ਇਸ ਤਰ੍ਹਾਂ ਦੇ ਨਾਲ ਕਰਦੇ ਨੇ -

***ਧਾਰਨਾ - ਗੁਣ ਅਵਗੁਣ ਨਾ ਵੀਚਾਰਿਆ ਮੇਰਾ ਕੋਈ,***
***ਦੀਨਾਂ ਦੇ ਪਿਆਰ ਵਾਲਿਆ।***
***ਨਾ ਮੈ ਕੁਲੁ ਨਾ ਸੋਭਾਵੰਤ ॥***
***ਕਿਆ ਜਾਨਾ ਕਿਉ ਭਾਨੀ ਕੰਤ ॥***
***ਮੋਹਿ ਅਨਾਥ ਗਰੀਬ ਨਿਮਾਨੀ ॥***
***ਕੰਤ ਪਕਰਿ ਹਮ ਕੀਨੀ ਰਾਨੀ ॥ ਅੰਗ - ੩੯੪***

ਪਾਤਸ਼ਾਹ! ਅੱਜ ਮੇਰੇ ਭਾਗ ਜਾਗ ਪਏ। ਆਪ ਦੇ ਦਰਸ਼ਨ, ਬੜੀ ਭਾਰੀ ਆਪ ਦੀ ਗਰੀਬਨਿਵਾਜਤ ਹੈ। ਸੁਣਦੇ ਸਾਰ ਲਾਲੋ ਦੇ ਪੈਰ ਧਰਤੀ ਤੇ ਨਹੀਂ ਲੱਗ ਰਹੇ। ਐਨੀ ਖੁਸ਼ੀ ਹੋਈ ਕਿ ਬਜਦ ਦੇ ਵਿਚ ਨੱਚਣ ਨੂੰ ਜੀਅ ਕਰਦਾ ਹੈ। ਘਰਵਾਲੀ ਨੂੰ ਦੱਸਦਾ ਹੈ ਕਿ ਅੱਜ ਆ ਗਏ ਉਹ ਆਪਾਂ ਗਰੀਬਾਂ ਦੇ ਘਰ ਦੇ ਅੰਦਰ। ਐਸ ਤਰ੍ਹਾਂ ਦੇ ਨਾਲ ਫੁਰਮਾਨ ਹੈ –

***ਧਾਰਨਾ – ਅੱਜ ਆ ਗਏ ਨੇ ਨਾਰਾਇਣ ਘਰ ਬਿਦਰ ਦੇ,***
***ਛੱਪਰੀ ਨੂੰ ਭਾਗ ਲੱਗ ਗਏ।***

ਹੈਰਾਨ ਹੋ ਗਿਆ, ਸੁਣੀ ਹੋਈ ਸੀ ਸਾਖੀ ਕਿ ਰਾਜਿਆਂ ਨੂੰ ਛੱਡ ਕੇ ਭਗਵਾਨ ਕ੍ਰਿਸ਼ਨ ਇਕ ਗਰੀਬ ਭਗਤ ਦੇ ਘਰ ਦੇ ਅੰਦਰ ਜਾ ਕੇ ਪ੍ਰਵੇਸ਼ ਕਰਦੇ ਨੇ ਕਿ ਪ੍ਰਵੇਸ਼ ਕਰਨ ਤੋਂ ਬਾਅਦ ਪਿਆਰ ’ਚ ਮਸਤ ਹੋਏ ਅਲੂਣਾ ਸਾਗ, ਕੇਲਿਆਂ ਦੇ ਛਿੱਲੜ ਖਾਧੇ ਤੇ ਪਿਆਰ ਵਿਚ ਮਸਤ ਨੇ। ਓਹੀ ਸਮਾਂ ਬੱਝ ਗਿਆ ਅੱਖਾਂ ਦੇ ਅੱਗੇ। ਮਨਾ! ਇਹ ਗੁਰੂ ਨਾਨਕ ਮੇਰੇ ਘਰ ਵਿਚ! ਤੇ ਬਿਨਾਂ ਬੁਲਾਇਆਂ ਮੇਰੇ ਘਰ ਵਿਚ। ਮੇਰੇ ਭਾਗ ਜਾਗ ਪਏ। ਸਰੀਰ ਤੋਂ ਸਹਿ ਨਹੀਂ ਹੁੰਦਾ, ਐਨੀ ਅੰਦਰ ਕਰੰਟ ਚਲਦੀ ਹੈ, ਧਰਤੀ ਤੇ ਪੈਰ ਨਹੀਂ ਲਗਦਾ। ਕੁਛ ਪਤਾ ਨਹੀਂ ਲਗਦਾ ਕਿ ਮੈਂ ਹੁਣ ਕਰਾਂ ਕੀ?

ਮਹਾਰਾਜ ਇਸ ਭਾਵ ਨੂੰ ਫੁਰਮਾਉਂਦੇ ਨੇ ਕਿ –

***ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥***
***ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥***
***ਅੰਗ – ੪੫੨***

ਅੱਜ ਮੇਰਾ ਘਰ ਸੋਹਿਆ ਗਿਆ, ਸੁਹਾਵਣਾ ਹੋ ਗਿਆ।

***ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥***
***ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥***
***ਗੁਰ ਚਰਣੀ ਲਾਗੀ ਸਹਜਿ ਜਾਗੀ***
***ਸਗਲ ਇਛਾ ਪੁੰਨੀਆ ॥ ਅੰਗ – ੮੪੬***

ਅੱਜ ਮੇਰੇ ਸੰਤ ਪਰਾਹੁਣੇ ਆ ਗਏ। ਸੰਤ ਕਿਸੇ ਦੇ ਪ੍ਰਾਹੁਣੇ ਆ ਜਾਣ। ਛੋਟੀ ਗੱਲ ਨਹੀਂ ਹੋਇਆ ਕਰਦੀ। ਕੋਈ ਕਦਰਦਾਨ ਹੋਵੇ ਓਸ ਨੂੰ ਪਤਾ ਹੋਇਆ ਕਰਦਾ ਹੈ ਕਿ ਸੰਤ ਪ੍ਰਾਹੁਣੇ ਕਦੋਂ ਆਇਆ ਕਰਦੇ ਨੇ।

***ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥***
***ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ ॥***
***ਅੰਗ – ੧੦੯੫***

ਚਰਨ ਧਰ ਦਿਤਾ ਸਾਰੀ ਧਰਤੀ ਜੀਉਂਦੀ ਹੋ ਗਈ ਪਹਿਲਾਂ ਮੁਰਦੀ ਪਈ ਸੀ। ਭਵਨ ਮੇਰਾ ਸੁਹਾਵੜਾ ਹੋ ਗਿਆ, ਛੱਪਰੀ ਨੂੰ ਭਾਗ ਲੱਗ ਗਏ।

***ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥***
***ਗੁਰ ਚਰਣੀ ਲਾਗੀ ਸਹਜਿ ਜਾਗੀ***
***ਸਗਲ ਇਛਾ ਪੁੰਨੀਆ ॥ ਅੰਗ – ੮੪੬***

ਮੇਰੀਆਂ ਤਾਂ ਸਾਰੀਆਂ ਇਛਾਵਾਂ, ਵਾਸ਼ਨਾਵਾਂ ਅੱਜ ਪੂਰੀਆਂ ਹੋ ਗਈਆਂ। ਗੁਰੂ ਨਾਨਕ ਦੇ ਚਰਨ ਮੇਰੇ ਘਰ ਵਿਚ ਪੈ ਗਏ।

ਸੰਤਾਂ ਦੀ ਧੂੜੀ ਨੂੰ ਮੰਗਦੇ ਆਹ ਦਿਨ ਆ ਗਏ ਸੀ ਤੇ ਅੱਜ ਮੇਰੀ ਆਸ ਪੂਰੀ ਹੋ ਗਈ। ਸੰਤਾਂ ਦੀ ਧੂੜੀ ਮੈਨੂੰ ਆਪੇ ਪ੍ਰਾਪਤ ਹੋਈ –

***ਮੇਰੀ ਆਸ ਪੂਰੀ ਸੰਤ ਧੂਰੀ***
***ਹਰਿ ਮਿਲੇ ਕੰਤ ਵਿਛੁੰਨਿਆ ॥***
***ਆਨੰਦ ਅਨਦਿਨੁ ਵਜਹਿ ਵਾਜੇ***
***ਅਹੰ ਮਤਿ ਮਨ ਕੀ ਤਿਆਗੀ ॥***
***ਬਿਨਵੰਤਿ ਨਾਨਕ ਸਰਣਿ ਸੁਆਮੀ***
***ਸੰਤਸੰਗਿ ਲਿਵ ਲਾਗੀ ॥ ਅੰਗ – ੮੪੬***

ਸੋ ਇਸ ਤਰ੍ਹਾਂ ਦਾ ਜਦੋਂ ਸਮਾਗਮ ਬਣਿਆ। ਉਸ ਵੇਲੇ ਹੈਰਾਨ ਹੋਈ ਜਾਂਦਾ ਹੈ ਤੇ ਮਨ ਦੇ ਵਿਚ ਖਿਆਲ ਆਇਆ ਕਿ ਆਏ ਤਾਂ ਹੈਨ ਮੈਂ ਕੁਛ ਹੁਣ ਜਲ ਪਾਣੀ ਤਾਂ ਛਕਾਵਾਂ। ਉਸ ਵੇਲੇ ਬੇਨਤੀ ਕੀਤੀ ਪਾਤਸ਼ਾਹ! ਦੂਰ ਤੋਂ ਚੱਲ ਕੇ ਆਏ ਹੋਂ, ਗਰੀਬ ਦੇ ਪਾਸ ਜੋ ਰੁੱਖੀ ਮਿੱਸੀ ਹੈ ਆਪ ਹੁਕਮ ਕਰੋ ਤੇ ਮੈਂ ਤਿਆਰ ਕਰਾਂ। ਮਹਾਰਾਜ ਕਹਿਣ ਲੱਗੇ, ਕੋਈ ਨਾ ਭਾਈ ਲਾਲੋ, ਤਿਆਰ ਕਰੋ ਅਸੀਂ ਜ਼ਰੂਰ ਛੱਕਾਂਗੇ। ਕਿਉਂਕਿ ਤੇਰਾ ਅੰਨ ਜੋ ਹੈ ਸੁੱਚੀ ਕਿਰਤ ਦਾ ਹੈ। ਉਹ ਰੁੱਖਾ ਨਹੀਂ ਹੈ, ਉਸ ਭੋਜਨ ਵਿਚ ਛੱਤੀ ਪ੍ਰਕਾਰ ਦੇ ਭੋਜਨ ਸਮਾਏ ਹੋਏ ਨੇ। ਸੋ ਉਸ ਵੇਲੇ ਭਾਈ ਲਾਲੋ, ਬਾਹਰ ਨੂੰ ਚਲਿਆ ਜਾਂਦਾ ਹੈ। ਘਰਵਾਲੀ ਨੂੰ ਕਹਿ ਦਿਤਾ, ਕੀ ਹੈ ਘਰ ਦੇ ਅੰਦਰ? ਕਹਿਣ ਲੱਗੀ, ਕੋਧਰੇ ਦਾ ਆਟਾ ਹੈ। ਘਿਉ ਵਗੈਰਾ ਹੈ ਕੁੱਛ? ਕਹਿਣ ਲੱਗੀ, ਘਿਉ ਤਾਂ ਹੈ ਨਹੀਂ। ਤੇ ਮਹਾਂਪੁਰਸ਼ਾਂ ਨੂੰ ਆਪਾਂ ਰੁੱਖਾਂ ਹੀ ਪ੍ਰਸ਼ਾਦਾ ਛਕਾਵਾਂਗੇ।

ਚੰਗਾ ਮੈਂ ਸਾਗ ਤੋੜ ਕੇ ਲਿਆਉਂਦਾ ਹਾਂ, ਸਾਗ ਬਣਾਵਾਂਗੇ ਤੇ ਜਿਹੋ ਜਿਹਾ ਹੈ ਉਹੋ ਜਿਹਾ ਅੱਗੇ ਧਰ ਦੇਵਾਂਗੇ। ਮੇਰੀ ਹਾਲਤ ਤਾਂ ਇਹ ਜਾਣਦੇ ਹੀ ਨੇ ਸਾਰੀ ਕੋਈ ਉਚੇਚ ਕਰਨ ਦੀ ਲੋੜ ਨਹੀਂ। ਸੋ ਇਧਰਲੇ ਪਾਸੇ ਜਦੋਂ ਆਪਣੇ-ਆਪਣੇ ਕੰਮਾਂ ’ਚ ਰੁਝ ਜਾਂਦੇ ਨੇ, ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਐਉਂ ਲਗਦਾ ਹੈ ਜਿਵੇਂ ਬਹੁਤ ਦੇਰ ਦੇ ਇਹਨੂੰ ਜਾਣਦੇ ਓਂ। ਮਹਾਰਾਜ ਕਹਿਣ ਲੱਗੇ, ਮਰਦਾਨਿਆ! ਇਹ ਸਾਧੂ ਹੈ, ਭਗਤ ਹੈ, ਆਪਾਂ ਦੁਨੀਆਂ ਦੇ ਉਤੇ ਚੜ੍ਹਾਈ ਕੀਤੀ ਹੈ ਪਾਖੰਡਾਂ ਨੂੰ ਦੂਰ ਕਰਨ ਦੀ, ਹਨ੍ਹੇਰਾ ਦੂਰ ਕਰਨ ਦੀ, ਧੁੰਦ ਹਟਾਉਣ ਵਾਸਤੇ ਤੇ ਪਹਿਲਾ ਆਪਣਾ ਜੋ ਪੜਾਅ ਹੈ ਉਹ ਇਕ ਸੰਤ ਦੇ ਘਰ ਹੈ, ਕਿਰਤੀ ਦੇ ਘਰ ਹੈ ਜੋ ਭਗਤੀ ਦਾ ਸਰੂਪ ਹੈ। ਭਗਤੀ ਕਰਦਾ ਹੈ ਤੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ ਕਿ –

***ਸੁਨਿ ਕਰਿ ਬਚਨ ਉਚਾਰੇ ਸ੍ਰੀ ਮੁਖ ਚੀਨਹੁ ਸੰਤ ਸਰੂਪਾ।***
***ਭਗਤਿ ਕਰਤਿ ਬੀਤੇ ਕੁਛ ਜਨਮਾ***
***ਅਬ ਭੀ ਸਫਲ ਅਨੂਪਾ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕਹਿੰਦੇ ਇਹਨੂੰ ਭਗਤੀ ਕਰਦੇ ਨੂੰ ਕਈ ਜਨਮ ਬੀਤ ਗਏ ਨੇ ਤੇ ਇਹਦੀ ਭਗਤੀ ਨੂੰ ਫਲ ਲਗਣਾ ਹੈ। ਆਪਾਂ ਨੂੰ

ਨਿਰੰਕਾਰ ਜੀ ਇਥੇ ਲੈ ਆਏ ਨੇ। ਉਸ ਵੇਲੇ ਇਕ ਪਾਸੇ ਪ੍ਰਸ਼ਾਦਾ ਤਿਆਰ ਹੁੰਦਾ ਹੈ। ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਆਪ ਦੇ ਬੜੇ ਸਤਿਸੰਗ ਕੀਤੇ ਨੇ, ਆਪ ਬੜੇ ਉਪਦੇਸ਼ ਦਿੰਦੇ ਓਂ, ਆਪ ਭਗਤੀ ਦਾ ਉਪਦੇਸ਼ ਜ਼ਿਆਦਾ ਕਿਉਂ ਦਿੰਦੇ ਓਂ?

ਮਹਾਰਾਜ ਕਹਿੰਦੇ, ਜਿਹੜਾ ਗਿਆਨ ਦਾ ਮਾਰਗ ਹੈ, ਕਸ਼ਟ ਯੋਗ ਦਾ ਮਾਰਗ ਹੈ, ਬੁੱਧ ਯੋਗ ਦਾ ਮਾਰਗ ਹੈ, ਸਮ ਯੋਗ ਦਾ ਮਾਰਗ ਹੈ, ਇਹ ਮਰਦਾਨਿਆਂ! ਬੜੇ ਤਲ ਦੇ ਰਸਤੇ ਨੇ ਤੇ ਖਤਰਿਆਂ ਨਾਲ ਭਰੇ ਹੋਏ ਨੇ। ਇਨ੍ਹਾਂ ਦੇ ਵਿਚ ਆਦਮੀ ਗਿਰ ਜਾਂਦਾ ਹੈ। ਕਿਉਂਕਿ ਮਾਇਆ ਜਿਹੜੀ ਹੈ ਉਹਨੂੰ ਨੱਟਣੀ ਆਖਦੇ ਨੇ, ਛੱਲਣੀ ਆਖਦੇ ਨੇ ਉਹ ਛੱਲ ਲਿਆ ਕਰਦੀ ਹੈ, ਇਹ ਮੂਹਰੇ ਖੜ੍ਹੇ ਨਹੀਂ ਰਹਿ ਸਕਦੇ। ਜੋ ਭਗਤੀ ਹੈ ਉਹ ਰਸਤਾ ਹੋਰ ਹੈ। ਹੈ ਬਹੁਤ ਸੁਖਾਲਾ ਪਰ ਰਸਤਾ ਹੋਰ ਹੈ, ਇਹ ਪ੍ਰਮੇਸ਼ਰ ਦੇ ਦਰ ਤੇ ਬੇਖਟਕੇ ਲੈ ਜਾਂਦਾ ਹੈ। ਇਹਦੇ ਵਿਚ ਵੱਡੀਆਂ-ਵੱਡੀਆਂ ਲਹਿਰਾਂ ਨਹੀਂ ਆਉਂਦੀਆਂ ਜਿਹਦੇ ਵਿਚ ਬੇੜੀ ਡੋਲਦੀ ਰਹੇ। ਸਹਿਜ ਦਾ ਰਸਤਾ ਹੈ ਸੋ ਇਸ ਕਰਕੇ ਅਸੀਂ ਇਹ ਪ੍ਰਵਾਨ ਕੀਤਾ ਹੈ ਕਲਜੁਗ ਵਾਸਤੇ।

ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਸਮਾਂ ਤਾਂ ਹੈ ਆਪਣੇ ਕੋਲ, ਇਹ ਤਾਂ ਪ੍ਰਸ਼ਾਦਾ ਤਿਆਰ ਕਰਦੇ ਨੇ, ਤੁਸੀਂ ਕੁਛ ਕ੍ਰਿਪਾ ਕਰਕੇ ਮੈਨੂੰ ਕੁਛ ਭਗਤੀ ਬਾਰੇ ਦੱਸ ਸਕਦੇ ਓਂ। ਕਿਉਂਕਿ ਮੈਂ ਸੁਣਦਾ ਹੁੰਦਾ ਹਾਂ ਏਸ ਨੂੰ ਬੰਦਗੀ ਕਹਿੰਦੇ ਨੇ, ਇਸ ਨੂੰ ਭਗਤੀ ਕਹਿੰਦੇ ਨੇ। ਸੂਫੀ ਪੀਰ ਕਹਿੰਦੇ ਨੇ ਬੰਦਗੀ ਕਰੋ, ਬੰਦਗੀ ਕਰੋ। ਬੰਦਗੀ ਦਾ ਦਾਨ ਮੰਗਦੇ ਨੇ। ਮੈਨੂੰ ਇਹ ਸਮਝ 'ਚ ਨਹੀਂ ਆਉਂਦੀ ਕਿ ਬੰਦਗੀ ਕੀ ਹੋਈ, ਭਗਤੀ ਕੀ ਹੋਈ? ਕ੍ਰਿਪਾ ਕਰਕੇ ਆਪ ਦੱਸ ਸਕਦੇ ਓਂ?

ਕਹਿਣ ਲੱਗੇ, ਮਰਦਾਨਿਆ! ਤੂੰ ਭਲੀ ਬਾਤ ਪੁੱਛੀ ਹੈ। ਧਿਆਨ ਦੇ ਕੇ ਸਰਵਣ ਕਰੀਂ, ਸੰਖੇਪ ਰੂਪ ਦੇ ਵਿਚ ਅਸੀਂ ਤੈਨੂੰ ਦਸਦੇ ਹਾਂ।

***ਧਾਰਨਾ - ਭਗਤ ਨਵੈ ਪ੍ਰਕਾਰਾ, ਪੰਡਤ ਵੇਦ ਪੁਕਾਰਾ।***

ਮਰਦਾਨਿਆ! ਤੂੰ ਬਈ ਪ੍ਰੇਮੀਆ! ਬਹੁਤ ਚੰਗੀ ਗੱਲ ਪੁੱਛੀ ਕਿਉਂਕਿ ਸੰਸਾਰ ਕਹਿੰਦਾ ਤਾਂ ਹੈ ਕਿ ਫਲਾਣਾ ਭਗਤੀ ਕਰਦਾ ਹੈ, ਫਲਾਣਾ ਭਗਤ ਹੈ, ਫਲਾਣਾ ਬੰਦਗੀ ਕਰਦਾ ਹੈ।

ਕਹਿੰਦਾ, ਮਹਾਰਾਜ! ਮੈਂ ਵੀ ਸੁਣਦਾ ਆਇਆ ਹਾਂ, ਪਰ ਮੈਨੂੰ ਪਤਾ ਨਹੀਂ ਲਗਦਾ ਕਿ ਭਗਤੀ ਕੀ ਹੁੰਦੀ ਹੈ ਤੇ ਬੰਦਗੀ ਕੀ ਹੁੰਦੀ ਹੈ? ਸਮਾਂ ਹੈ, ਇਕਾਂਤ ਹੈ ਕ੍ਰਿਪਾ ਕਰਕੇ ਆਪਣੇ ਮੁਖਾਰਬਿੰਦ ਤੋਂ ਇਹਦੇ ਬਾਰੇ ਕੁਛ ਚਾਨਣਾ ਪਾਓ। ਮਹਾਰਾਜ ਜੀ ਕਹਿਣ ਲੱਗੇ ਕਿ ਪਹਿਲੀ ਜੋ ਭਗਤੀ ਹੋਇਆ ਕਰਦੀ ਹੈ, ਉਹ ਹੈ ਸਤਿਸੰਗਤ ਦੀ ਸੇਵਾ ਕਰਨੀ, ਪੱਖੇ ਝੱਲਣੇ, ਜਲ ਪਿਲਾਉਣਾ, ਜੋੜੇ ਸਾਂਭ ਕੇ ਰੱਖਣੇ, ਸਾਜ ਵਜਾਉਣੇ, ਕੀਰਤਨ ਕਰਨਾ, ਬਚਨ ਸੁਣਨੇ ਧਿਆਨ ਦੇ ਕੇ, ਬਚਨਾਂ ਨੂੰ ਸੁਣ ਕੇ ਮੰਨਣਾ, ਮੰਨ ਕੇ ਹਿਰਦੇ 'ਚ ਧਾਰਨਾ ਹਿਰਦੇ 'ਚ ਧਾਰ ਕੇ ਉਸ ਤੇ ਅਮਲ ਕਰਨਾ। ਉਹਦੇ ਨਾਲ ਮਿਲ ਕੇ ਆਪਣਾ ਸਮਾਂ ਬਤੀਤ ਕਰਨਾ। ਨੇਮ ਨਾਲ ਸਤਿਸੰਗ 'ਚ ਜਾਂਦਾ ਰਹੇ। ਉਥੇ ਜਾ ਕੇ ਸੇਵਾ ਕਰੇ, ਇਹ ਭਗਤੀ ਪਹਿਲੀ ਹੋਇਆ ਕਰਦੀ।

ਦੂਸਰੀ ਜੋ ਭਗਤੀ ਹੈ -

***ਹਰਿ ਗੁਰੁ ਕੋ ਇਤਿਹਾਸ ਸੁਨੀਜੈ ਮਨ ਏਕਾਗਰ ਲਾਵੈ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਗੁਰੂ ਦੇ ਇਤਿਹਾਸ ਨੂੰ ਪਿਆਰ ਦੇ ਨਾਲ ਸੁਣੋ। ਜਿਸ ਤਰ੍ਹਾਂ ਆਪਾਂ ਹੁਣ ਗੁਰੂ ਦਾ ਇਤਿਹਾਸ ਕਹਿ ਰਹੇ ਹਾਂ ਤੇ ਨਾਲ ਗੁਰਮਤਿ ਦੀ ਵਿਚਾਰ ਵੀ ਕਰ ਰਹੇ ਹਾਂ। ਕਹਿੰਦੇ ਇਹਨੂੰ ਧਿਆਨ ਦੇ ਸੁਣੋ। ਮਨ ਨੂੰ ਇਕਾਗਰ ਕਰਕੇ, ਸਾਰੇ ਪਾਸਿਆਂ ਤੋਂ ਰੋਕ ਕੇ ਏਸ ਗੁਰੂ ਦੇ ਇਤਿਹਾਸ ਨੂੰ ਸੁਣਨ ਵਿਚ ਲਾਵੇ। ਇਸ ਤੋਂ ਗੁਰੂ ਦੇ ਨਾਲ ਪਿਆਰ ਪੈਦਾ ਹੁੰਦਾ ਹੈ। ਗੁਰੂ ਦੀ ਨੇੜਤਾ ਪ੍ਰਾਪਤ ਹੁੰਦੀ ਹੈ। ਮਨ ਦੇ ਵਿਚੋਂ ਜੋ ਦ੍ਵੈਸ਼ ਦੇ, ਘਬਰਾਹਟ ਦੇ ਫੁਰਨੇ ਨੇ, ਦੁਨੀਆਂ ਦੇ ਫੁਰਨੇ ਉਹ ਸਾਰੇ ਨਿਕਲਣੇ ਸ਼ੁਰੂ ਹੋ ਜਾਂਦੇ ਨੇ।

ਦੋ ਤਾਂ ਸਮਝ ਗਿਆ ਨਾ ਮਰਦਾਨਿਆ? ਕਹਿਣ ਲੱਗਿਆ ਮੈਂ ਸਮਝ ਗਿਆ ਮਹਾਰਾਜ। ਪਹਿਲੀ ਤਾਂ ਹੈ ਸੰਗਤ ਦੇ ਵਿਚ ਆ ਕੇ ਸੇਵਾ ਕਰਨੀ, ਦੂਸਰੀ ਹੋਇਆ ਕਰਦੀ ਹੈ ਗੁਰੂ ਦੇ ਇਤਿਹਾਸ ਨੂੰ ਪਿਆਰ ਦੇ ਨਾਲ ਸਰਵਣ ਕਰਨਾ। ਤੀਸਰੀ ਹੋਇਆ ਕਰਦੀ ਹੈ, ਗੁਰੂ ਦਾ ਧਿਆਨ ਹਿਰਦੇ 'ਚ ਧਾਰਨ ਕਰਨਾ ਤੇ ਉਹਦੇ ਵਿਚ ਅੰਤਰਮੁਖ ਹੋ ਕੇ ਫੇਰ ਸੇਵਾ ਕਰਨੀ। ਓਸ ਨੂੰ ਏਸ ਤਰ੍ਹਾਂ ਨਾਲ ਸਮਝ ਲਓ -

***ਧਾਰਨਾ - ਧਰੀਏ ਮਨ ਵਿਚ ਧਿਆਨ***
***ਗੁਰੂ ਦੀ ਮੂਰਤ ਦਾ।***

ਓਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਇਹ ਦੋ ਤਰ੍ਹਾਂ ਦੀ ਹੁੰਦੀ ਹੈ। ਇਕ ਬਹਿਰੰਗ ਹੁੰਦੀ ਹੈ, ਇਕ ਅੰਤਰੰਗ ਹੁੰਦੀ ਹੈ। ਪਹਿਲਾਂ ਬਹਿਰੰਗ ਹੁੰਦੀ ਹੈ ਫੇਰ ਅੰਤਰ ਹੋਇਆ ਕਰਦੀ ਹੈ। ਮਾਨਸਿਕ ਭਗਤੀ ਭਗਤੀ ਇਹਨੂੰ ਕਹਿੰਦੇ ਨੇ ਤੇ ਗੁਰੂ ਦੇ ਸਰੂਪ ਨੂੰ ਹਿਰਦੇ 'ਚ ਵਸਾ ਕੇ, ਉਨ੍ਹਾਂ ਦੇ ਚਰਨਾਂ ਕਮਲਾਂ 'ਚ ਬੈਠਣਾ ਤੇ ਸੁਰਤ ਦੇ ਨਾਲ ਸ਼ਬਦ ਜੋੜ ਕੇ ਫੇਰ ਉਹਦਾ ਅਭਿਆਸ ਕਰਨਾ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ, ਕਿਉਂਕਿ ਖਿਆਲ ਆਪਣੇ-ਆਪਣੇ ਨੇ। ਬਈ ਜੀ ਇਹ ਤਾਂ ਫੇਰ ਬੁੱਤ ਪ੍ਰਸਤੀ ਹੋ ਗਈ। ਬੁੱਤ ਤਾਂ ਅਸੀਂ ਸਦਾ ਹੀ ਪੂਜਦੇ ਹਾਂ, ਦਿਨ ਰਾਤ ਬੁੱਤ ਸਾਡੇ ਅੰਦਰ ਰਹਿੰਦੇ ਨੇ, ਕਿਸੇ ਦੇ ਅੰਦਰ ਪੁੱਤਰ ਦਾ ਬੁੱਤ ਸਮਾਇਆ ਹੋਇਆ ਹੈ, ਕਿਸੇ ਦੇ ਅੰਦਰ ਲੜਕੀ ਦਾ, ਕਿਸੇ ਦੇ ਅੰਦਰ ਨੂੰਹ ਦਾ, ਕਿਸੇ ਦੇ ਸੱਸ ਦਾ। ਕੋਈ ਬੁੱਤ ਐਸਾ ਹੈ ਜਿਹਦੇ ਨਾਲ ਅਸੀਂ ਪਿਆਰ ਕਰਦੇ ਹਾਂ, ਕੋਈ ਬੁੱਤ ਐਸੇ ਨੇ ਜਿਨ੍ਹਾਂ ਦੇ ਨਾਲ ਅਸੀਂ ਦੁਪਿਆਰ ਕਰਦੇ ਹਾਂ, ਨਫਰਤ ਕਰਦੇ ਹਾਂ, ਦ੍ਵੈਸ਼ ਕਰਦੇ ਹਾਂ, ਕਿਸੇ ਦੇ ਅੰਦਰ ਪੈਸੇ ਦਾ ਬੁੱਤ ਸਮਾਇਆ ਹੋਇਆ ਹੈ, ਕਿਸੇ ਦੇ ਅੰਦਰ ਫੈਕਟਰੀਆਂ ਦਾ ਇੰਡਸਟਰੀਆਂ ਦਾ, ਜ਼ਮੀਨਾਂ ਦਾ ਜਾਇਦਾਦਾਂ ਦਾ, ਟਰੱਕਾਂ ਦਾ, ਅਨੇਕਾਂ ਕਿਸਮ ਦੇ ਬੁੱਤ, ਕਿਸੇ ਦੇ ਅੰਦਰ ਰਾਜਸੀ ਸ਼ਕਤੀ ਦਾ ਬੁੱਤ ਸਮਾਇਆ ਹੋਇਆ ਹੈ ਤੇ ਕਿਸੇ ਦੇ ਅੰਦਰ ਕੋਈ ਬੁੱਤ ਹੈ, ਕਿਸੇ ਦੇ ਅੰਦਰ ਕੋਈ ਬੁੱਤ ਹੈ, ਕੌਣ ਹੈ ਜਿਹਦੇ ਅੰਦਰ

ਕੋਈ ਚੀਜ਼ ਸਮਾਈ ਨਹੀਂ ਹੋਈ। ਉਹਨੇ ਸਾਰੇ ਬੁੱਤਾਂ ਤੋਂ ਸ੍ਰੇਸ਼ਟ ਗੁਰੂ ਦਾ ਬੁੱਤ ਹੋਇਆ ਕਰਦਾ ਹੈ। ਕਿਉਂਕਿ ਅਸੀਂ ਅਜੇ ਤੱਕ ਗੁਰੂ ਨੂੰ ਸਮਝਿਆ ਨਹੀਂ ਕਿ ਗੁਰੂ ਕੀ ਹੁੰਦਾ ਹੈ। ਜੇ ਅਸੀਂ ਕਹੀਏ ਕਿ ਗੁਰੂ ਮੂਰਤ, ਗੁਰ ਸ਼ਬਦ ਦੀ ਤਾਂ ਅਜੇ ਸਾਨੂੰ ਸਮਝ ਹੀ ਨਹੀਂ ਆਈ ਹੈ। ਮਨ ਨੂੰ ਟਿਕਾਉਣਾ ਹੈ ਤਾਂ ਤਸੱਬਰ ਹਮੇਸ਼ਾ ਕਿਸੇ ਵਜੂਦ ਦਾ ਹੋਇਆ ਕਰਦਾ ਹੈ। ਸੋ ਉਹ ਉਚੀ ਅਵਸਥਾ ਹੈ ਜੋ ਸ਼ਬਦ ਦੀ ਸੁਰਤ ਦੇ ਨਾਲ ਲਾਈ ਹੈ। ਇਸ ਤੋਂ ਅੱਗੇ ਜੋਤੀ ਦਾ ਹੋਇਆ ਕਰਦਾ ਹੈ ਇਸ ਤੋਂ ਅੱਗੇ ਜੋ ਹੋਇਆ ਕਰਦਾ ਇਹ ਗਿਆਨ ਦੀ ਅਵਸਥਾ ਹੋਇਆ ਕਰਦੀ ਹੈ। ਪਹਿਲੀ-ਪਹਿਲੀ ਜਮਾਤ 'ਚ ਨਹੀਂ ਇਹ ਚੀਜ਼ਾਂ ਹੋਇਆ ਕਰਦੀਆਂ। ਜੇ ਕੋਈ ਪਹਿਲੀਆਂ ਜਮਾਤਾਂ ਕਰੇ ਨਾ ਸਿੱਧਾ ਹੀ ਐਮ.ਏ. 'ਚ ਦਾਖਲ ਹੋਣਾ ਹੈ ਚਾਹੇ ਉਹ ਕਿਤਾਬਾਂ ਨਹੀਂ ਪੜ੍ਹ ਸਕਿਆ ਕਰਦਾ। ਕੋਰਸ ਨਹੀਂ ਪੜ੍ਹਦਾ ਕਿਉਂਕਿ ਹੇਠਾਂ ਤੋਂ ਉਪਰ ਨੂੰ ਜਾਣਾ ਪੈਂਦਾ ਹੈ। ਇਸ ਕਰਕੇ ਆਪ ਫੁਰਮਾਨ ਕਰਦੇ ਨੇ -

***ਪਦ ਅਰਬਿੰਦ ਮਲਿੰਦ ਕਰੈ***
***ਮਨ ਗੁਰੁ ਮੂਰਤਿ ਉਰ ਧਯਾਨਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਚਰਨਾਂ ਕਮਲਾਂ ਨੂੰ ਹਿਰਦੇ 'ਚ ਧਾਰਨ ਕਰਕੇ ਉਨ੍ਹਾਂ ਤੇ ਸੀਸ ਧਰ ਕੇ ਮਨ ਜਿਹੜਾ ਹੈ ਪਿਆਰ ਕਰੇ। ਗੁਰੂ ਦੀ ਮੂਰਤ ਦਾ ਹਿਰਦੇ 'ਚ ਧਿਆਨ ਧਰੇ। ਜਿਸ ਥਾਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਇਹਨੂੰ ਬ੍ਰਹਿਮੰਡੀ ਹਿਰਦਾ ਕਹਿੰਦੇ ਨੇ। ਪਿੰਡੀ ਹਿਰਦਾ ਜਿਹੜਾ ਹੈ ਦਿਲ ਹੋਇਆ ਕਰਦਾ ਹੈ ਸੋ ਉਹਦੇ ਵਿਚ ਧਿਆਨ ਧਰੇ ਗੁਰੂ ਦਾ। ਇਹ ਮਰਦਾਨਿਆ! ਤੀਸਰੀ ਭਗਤੀ ਹੁੰਦੀ ਹੈ। ਚੌਥੀ ਭਗਤੀ ਹੁੰਦੀ ਹੈ ਕਿ ਪਿਆਰ ਦੇ ਨਾਲ ਮਨ ਨੂੰ ਚਿੱਤ ਨੂੰ ਇਕਾਗਰ ਕਰਕੇ ਸ਼ਬਦ ਦਾ ਰੂਪ ਹੋ ਕੇ ਹਰੀ ਦਾ ਜਸ ਕਰੇ। ਇਹ ਨਾ ਮਨ ਵਿਚ ਖਿਆਲ ਆਵੇ ਕਿ ਮੇਰੇ ਵਾਜੇ ਦੀਆਂ ਸੁਰਾਂ ਨੂੰ ਲੋਕ ਸੁਣਨ ਤੇ ਮੈਂ ਨਵੀਂ ਤੋਂ ਨਵੀਂ ਟਿਊਨ ਕੱਢ ਕੇ ਇਨ੍ਹਾਂ ਨੂੰ ਦਿਖਾਵਾਂ। ਇਹ ਤਾਂ ਨਿਰਾਰਥਕ ਚੀਜ਼ਾਂ ਨੇ ਕਿਸੇ ਲੇਖੇ 'ਚ ਨਹੀਂ ਪਿਆ ਕਰਦੀਆਂ। ਕਿਉਂਕਿ ਬਿਰਤੀ ਉਥੇ ਨਹੀਂ ਜਾਂਦੀ ਜਿੱਥੇ ਜਾਣੀ ਚਾਹੀਦੀ ਹੈ। ਉਹ ਸੁਰਾਂ ਵਗੈਰਾ 'ਚ ਹੀ ਉਲਝ ਕੇ ਰਹਿ ਜਾਂਦੀ ਹੈ। ਇਸ ਤੋਂ ਵੀ ਉਤੇ ਹੋ ਕੇ, ਸ਼ਬਦ ਦਾ ਰੂਪ ਹੋ ਕੇ ਜਦੋਂ ਹਰੀ ਦਾ ਜਸ ਕਰਦਾ ਹੈ, ਮਰਦਾਨਿਆਂ! ਇਹ ਚੌਥੀ ਭਗਤੀ ਹੈ। ਇਹਨੂੰ ਪ੍ਰਧਾਨ ਭਗਤੀ ਕਹਿੰਦੇ ਨੇ -

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ ॥***

***ਅੰਗ - ੧੦੭੬***

ਕੀਰਤਨ ਕਿਵੇਂ ਕਰਨਾ ਚਾਹੀਦਾ ਹੈ, ਇਹਦੇ ਵਿਚ ਭੇਦ ਹੈ ਸਾਧਸੰਗਤ ਜੀ। ਇਕ ਤਾਂ ਹੈਗਾ ਸੁਰ ਰਸ। ਵਾਜੇ ਦੀਆਂ ਸੁਰਾਂ ਦਾ ਢੋਲਕੀ ਦੇ ਜ਼ੋਰ ਦਾ। ਸਤਾਰ ਦੀਆਂ ਸੁਰਾਂ ਤੇ ਹੋਰ ਸਾਜਾਂ ਦੀਆਂ ਸੁਰਾਂ। ਉਨ੍ਹਾਂ ਦੇ ਮੇਲ ਦਾ ਇਕ ਰਸ ਹੋਇਆ ਕਰਦਾ, ਇਕ ਹੋਰ ਰਸ ਕਹਿੰਦੇ ਨੇ ਉਹਨੂੰ। ਇਕ ਹੋਇਆ ਕਰਦਾ ਹੈ ਸ਼ਬਦ ਦਾ ਰਸ। ਸ਼ਬਦ ਰਸ ਕਿਸੇ ਵਡਭਾਗੀ ਨੂੰ ਪ੍ਰਾਪਤ ਹੁੰਦਾ ਹੈ। ਸੁਰ ਰਸ ਦੇ ਨਾਲ ਆਦਮੀ ਦੀ ਸੁਰਤੀ ਸੁਰਾਂ 'ਚ ਉਲਝ ਕੇ ਰਹਿ ਜਾਂਦੀ ਹੈ। ਉਹ ਵਧੀਆ ਤੋਂ ਵਧੀਆ ਟਿਊਨਾਂ ਬਣਾ ਕੇ ਸੁਣਾਉਂਦਾ ਹੈ। ਸੁਰ ਰਸ ਹੁੰਦਾ ਹੈ, ਉਹ ਟਿਊਨਾਂ ਅੰਦਰ ਵਜਦੀਆਂ ਨੇ, ਸ਼ਬਦ ਨਹੀਂ ਫੇਰ ਵਜਦਾ। ਇਕ ਹੋਇਆ ਕਰਦਾ ਹੈ ਸ਼ਬਦ ਰਸ, ਉਹਦੇ ਨਾਲ ਸ਼ਬਦ ਅੰਦਰ ਬੋਲਦਾ ਰਹਿੰਦਾ ਹੈ, ਸੁਰ ਦਾ ਕੋਈ ਧਿਆਨ ਨਹੀਂ ਹੁੰਦਾ, ਸੁਰਾਂ ਪਿੱਛੇ ਹੁੰਦੀਆਂ ਨੇ, ਸ਼ਬਦ ਅੱਗੇ ਹੁੰਦਾ ਹੈ। ਸੋ ਉਹਦੇ ਬਾਰੇ ਫੁਰਮਾਨ ਕਰਦੇ ਨੇ ਕਿ -

***ਪ੍ਰੇਮ ਸਹਿਤ ਗੁਨ ਗਾਵਹਿ***
***ਮੁਖ ਸੌਂ ਪੁਲਕਾਵਲ ਤਨ ਆਨਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਐਵੇਂ ਨਾ ਲੋਕਾਂ ਨੂੰ ਦਿਖਾਉਣ ਵਾਸਤੇ ਗਾ ਤੇ ਜਦੋਂ ਪ੍ਰੇਮ ਸਹਿਤ ਗਾਉਂਦਾ ਹੈ ਉਸ ਵੇਲੇ ਅੰਦਰ ਅਸਰ ਹੁੰਦਾ ਹੈ। ਪ੍ਰੇਮ ਅੰਦਰ ਝਰਨਾਟਾਂ ਮਾਰਦਾ ਹੈ, ਕਰੰਟ ਦਿੰਦਾ ਹੈ, ਅੱਖਾਂ ਨਹੀਂ ਖੋਲ੍ਹ ਕੇ ਇਧਰ ਉਧਰ ਦੇਖਦਾ ਕਿ ਮੈਨੂੰ ਕੋਈ ਦੇਖਦਾ ਵੀ ਹੈ ਕਿ ਨਹੀਂ ਦੇਖਦਾ। ਨਾ ਉਹਨੂੰ ਢੋਲਕੀ ਵਾਲੇ ਨੂੰ ਦੇਖਣ ਦੀ ਲੋੜ ਪੈਂਦੀ ਹੈ, ਢੋਲਕੀ ਵਾਲਾ ਰਲਦਾ ਹੈ ਨਾਲ ਰਲ ਜਾਏ, ਨਹੀਂ ਰਲਦਾ ਨਾ ਰਲੇ। ਪ੍ਰੇਮ ਦੇ ਵਿਚ ਲੀਨ ਹੁੰਦਾ ਹੈ, ਉਹਨੇ ਪ੍ਰੇਮ ਦੇ ਵਿਚ ਲੀਨ ਕਰਨਾ ਹੈ, ਇਕ ਬਾਰਿਸ਼ ਹੋ ਰਹੀ ਹੁੰਦੀ ਹੈ ਪਿਆਰ ਦੀ, ਅੰਮ੍ਰਿਤ ਦੀ ਵਰਸ਼ਾ ਹੋ ਰਹੀ ਹੁੰਦੀ ਹੈ। ਸਾਜ ਤਾਂ ਉਹਦੀ ਸਹਾਇਤਾ ਵਾਸਤੇ ਹੋਇਆ ਕਰਦੇ ਨੇ ਥੋੜ੍ਹੇ ਬਹੁਤੇ। ਜਿਹੜਾ ਸਾਜ ਦਾ ਅਸੀਂ ਕੀਰਤਨ ਕਰਦੇ ਹਾਂ, ਨਵੀਆਂ ਤੋਂ ਨਵੀਆਂ ਟਿਊਨਾਂ ਲਾਉਂਦੇ ਹਾਂ ਉਹ ਜਿਹੜੀ ਚੀਜ਼ ਹੋਇਆ ਕਰਦੀ ਹੈ ਉਹ ਸ਼ਬਦ ਰਸ ਵਿਚ ਨਹੀਂ ਲਿਜਾਂਦੀ। ਸੁਰ ਦੇ ਰਸ ਵਿਚ ਸੁਰਤ ਨੂੰ ਫਸਾ ਕੇ ਰੱਖ ਲੈਂਦੀ ਹੈ। ਜਿਹੜੀ ਸ਼ਬਦ ਦੇ ਰਸ ਵਿਚ ਜਾਂਦੀ ਹੈ ਉਹ ਸੁਰ ਤੋਂ ਉਚੀ ਹੋ ਜਾਂਦੀ ਹੈ ਸੁਰਤ, ਉਹਦੇ ਵਿਚ ਕੀ ਹੁੰਦਾ ਹੈ ਨੇਤਰਾਂ ਦੇ ਵਿਚ ਜਲ ਆਏਗਾ, ਸਰੀਰ ਦੇ ਵਿਚੋਂ ਝਰਨਾਟਾਂ ਆਉਣਗੀਆਂ, ਸ਼ਬਦ ਦੀ ਸਹਿ ਨਹੀਂ ਹੁੰਦੀ ਫੇਰ ਤੇ ਐਸਾ ਵੀ ਹੁੰਦਾ ਹੈ ਕਿ ਕੰਟਰੋਲ ਹਟ ਜਾਵੇ, ਮਸਤਾਨਾ ਹੋ ਜਾਂਦਾ ਹੈ ਆਦਮੀ, ਪਤਾ ਹੀ ਨਹੀਂ ਰਹਿੰਦਾ ਉਸਨੂੰ ਆਲੇ ਦੁਆਲੇ ਦਾ।

ਸੋ ਐਸੇ ਭਾਵ ਦੇ ਅੰਦਰ ਜਦੋਂ ਮਰਦਾਨਿਆ! ਕੀਰਤਨ ਕਰਦਾ ਹੈ, ਇਹ ਚੌਥੀ ਭਗਤੀ ਹੈ। ਪੰਜਵੀਂ ਜੋ ਭਗਤੀ ਹੈ ਉਹ ਹੈ -

***ਦਮ ਸਮ ਭਾ ਬਿਰਕਤ ਕਰਮਨ ਤੇ***
***ਸੁਰਗਾਦਿਕ ਤਜਿ ਚਾਹਾ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਸਾਰੀਆਂ ਇੰਦ੍ਰੀਆਂ ਨੂੰ ਰੋਕੇ, ਕਰਮ ਇੰਦਰੀਆਂ ਨੂੰ ਤੇ ਗਿਆਨ ਇੰਦਰੀਆਂ ਨੂੰ। ਦਮ ਕਹਿੰਦੇ ਨੇ ਇੰਦਰੇ ਰੋਕ ਲੈਣੇ, ਸਮ ਕਹਿੰਦੇ ਨੇ ਮਨ ਨੂੰ ਰੋਕ ਲੈਣਾ। ਮਨ ਨੂੰ ਨੱਠਣ ਨਾ ਦੇਣਾ ਕਿਸੇ ਪਾਸੇ ਵੀ। ਜਿੱਧਰ ਨੂੰ ਜਾਂਦਾ ਹੈ ਬਾਰ-ਬਾਰ, (ਜਿਸਨੂੰ ਪ੍ਰਤਿਹਾਰ ਕਹਿੰਦੇ ਨੇ,) ਮੋੜ ਕੇ ਫੇਰ ਸ਼ਬਦ ਤੇ ਲਾਉਣਾ। ਫੇਰ ਰੋਕਣਾ ਫੇਰ ਸ਼ਬਦ ਤੇ ਲਿਆਉਣਾ। ਰਸ ਵਿਚ

ਇਹਨੂੰ ਚੁੱਭੀ ਲਵਾਉਣੀ। ਅੰਮ੍ਰਿਤਸਰ ਦੇ ਵਿਚ ਇਸ਼ਨਾਨ ਕਰਾਉਣਾ। ਕੋਈ ਦੁਨੀਆਂ ਦੀ ਵਾਸ਼ਨਾ ਹਿਰਦੇ 'ਚ ਨਾ ਰਹੇ ਸਿਵਾਏ ਪ੍ਰਮੇਸ਼ਰ ਦੇ। ਨਾ ਕਿਸੇ ਸਵਰਗ ਦੀ, ਨਾ ਕਿਸੇ ਬੈਕੁੰਠ ਦੀ, ਨਾ ਕਿਸੇ ਧਨ ਦੀ ਨਾ ਕਿਸੇ ਹੋਰ ਚੀਜ਼ ਦੀ ਜਿੰਨਾਂ ਚਿਰ ਇਹ ਵਾਸ਼ਨਾਵਾਂ ਕੰਮ ਕਰਦੀਆਂ ਨੇ ਆਦਮੀ ਰਾਗ ਤੇ ਦ੍ਵੈਸ਼ ਵਿਚ ਪੀੜਿਆ ਜਾ ਰਿਹਾ ਹੈ, ਰਿੜਕਿਆ ਜਾ ਰਿਹਾ ਹੈ। ਉਹ ਭਗਤੀ ਦੇ ਰਸਤੇ ਨਹੀਂ ਅਜੇ ਪੈ ਸਕਿਆ। ਸੋ ਇਸ ਤਰ੍ਹਾਂ ਦੇ ਨਾਲ ਤੇ ਦਮ ਇੰਦਰੇ ਰੋਕਣੇ, ਪੰਜੇ ਗਿਆਨ ਇੰਦਰੇ, ਪੰਜੇ ਕਰਮ ਇੰਦਰੇ ਤੇ ਮਨ ਨੂੰ ਰੋਕਣਾ। ਮਨ ਦੇ ਅੰਦਰ ਬਹੁਤ ਗੱਲਾਂ ਨੇ ਕਿਸੇ ਨਾਲ ਬੁਰਿਆਈ ਕਰਦਾ ਹੈ, ਕਿਸੇ ਨਾਲ ਵੈਰ ਕਰਦਾ ਹੈ, ਅਭਿਮਾਨ ਕਰਦਾ ਹੈ, ਕਿਸੇ ਨੂੰ ਮਾੜਾ ਕਹਿੰਦਾ ਹੈ, ਕਿਸੇ ਨੂੰ ਚੰਗਾ ਕਹਿੰਦਾ ਹੈ ਇਨ੍ਹਾਂ ਸਭ ਚੀਜ਼ਾਂ ਨੂੰ ਰੋਕ ਕੇ ਇਹਨੂੰ ਸ਼ਬਦ ਦੇ ਸਿਧਾਂਤ ਉਤੇ ਲਾਉਣਾ।

ਛੇਵੀਂ ਜੋ ਭਗਤੀ ਹੈ ਮਹਾਰਾਜ ਕਹਿੰਦੇ ਉਹ ਵੀ ਧਿਆਨ ਦੇ ਨਾਲ ਸਰਵਣ ਕਰ ਲਓ। ਉਹ ਇਹ ਹੈ ਕਿ ਸਭ ਤੋਂ ਪਹਿਲਾਂ ਇਹ ਕਹੇ ਕਿ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***
***ਅੰਗ – ੧੩੬੪***

ਮਾੜਾ ਹਮੇਸ਼ਾ ਦੂਸਰੇ ਨੂੰ ਉਹ ਕਹੇਗਾ ਜਿਹੜਾ ਆਪਣੇ ਆਪ ਨੂੰ ਚੰਗਾ ਕਹੇਗਾ। ਜਿਹੜਾ ਚੰਗਾ ਕਹੇਗਾ ਉਹ ਗੁਰੂ ਤੋਂ ਦੂਰ ਚਲਿਆ ਜਾਏਗਾ। ਮਹਾਰਾਜ ਕਹਿੰਦੇ, ਚੰਗਿਆਂ ਨਾਲ ਨਹੀਂ ਸਾਡਾ ਕੋਈ ਸਬੰਧ। ਮਹਾਰਾਜ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਕਿ ਜੇ ਮਿੱਤਰ ਬਣਨਾ ਹੈ ਸਾਡਾ ਤਾਂ ਸਭ ਤੋਂ ਬੁਰਾ ਆਪਣੇ ਆਪ ਨੂੰ ਗਿਣ ਲੈ। ਅੱਜ ਤੋਂ ਬਾਅਦ ਕਿਸੇ ਨੂੰ ਬੁਰਾ ਨਾ ਮੰਨੀਂ। ਆਪਣੇ ਆਪ ਨੂੰ ਹੀ ਸਮਝੀਂ ਕਿ ਮੈਂ ਆਪਣੇ ਆਪ ਨੂੰ ਹੀ ਸੁਧਾਰਨ ਵਾਸਤੇ ਉਪਦੇਸ਼ ਕਰ ਰਿਹਾ ਹਾਂ, ਆਪਣੇ ਆਪ ਨੂੰ ਹੀ ਮੈਂ ਸਾਰੀਆਂ ਬਾਣੀ ਦੀਆਂ ਤੁਕਾਂ ਸੁਣਾ ਰਿਹਾ ਹਾਂ। ਲੋਕਾਂ ਨੂੰ ਨਹੀਂ ਸੁਣਾ ਰਿਹਾ। ਸੋ ਇਹ ਚੀਜ਼ ਨਹੀਂ ਆਏਗੀ ਫੇਰ ਕਿਸੇ ਦਾ ਦੋਖ ਮਨ ਵਿਚ ਨਹੀਂ ਆਏਗਾ। ਜਦੋਂ ਦੋਖ ਨਹੀਂ ਆਏਗਾ, ਰਾਗ ਤੇ ਦ੍ਵੈਸ਼ ਨਹੀਂ ਪੈਦਾ ਹੋਏਗਾ। ਮਨ ਪੀੜਿਆ ਨਹੀਂ ਜਾਏਗਾ। ਫੇਰ ਇਹ ਹੈ ਕਿ ਪ੍ਰਮੇਸ਼ਰ ਦੇ ਅਰਪਣ ਕਰ ਦਿਓ ਸਭ ਕੁਛ।

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ***
***ਦੁਖਿ ਭੀ ਤੁਝੈ ਧਿਆਈ ॥ ਅੰਗ – ੭੫੭***

ਦੁਖ ਵਿਚ ਪੈ ਕੇ ਉਲਾਂਭੇ ਨਹੀਂ ਦਿੰਦਾ ਕਿ ਮੈਂ ਐਨੀ ਭਗਤੀ ਕੀਤੀ, ਮੈਂ ਐਨੀ ਸੇਵਾ ਕਰੀ। ਰੱਬ ਕਹਿੰਦਾ ਨਾ ਕਰ, ਤੈਨੂੰ ਲੋੜ ਹੈ ਕਿ ਮੈਨੂੰ ਲੋੜ ਹੈ। ਤੇਰੇ ਭਗਤੀ ਦੇ ਵਿਚ ਕਸਰ ਹੈ ਕੋਈ। ਹਾਨ ਤੇ ਲਾਭ ਤੇਰੇ ਕਰਮਾਂ ਦਾ ਫਲ ਹੈ। ਲਾਭ ਹੁੰਦਾ ਹੈ ਤਾਂ ਉਛਲਣ ਲਗ ਜਾਂਦਾ ਹੈ –

***ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥***
***ਮਾਇਆ ਗਈ ਤਬ ਰੋਵਨੁ ਲਗਤੁ ਹੈ ॥***
***ਅੰਗ – ੪੯੭***

ਤੇਰਾ ਪਿਆਰ ਮਾਇਆ ਨਾਲ ਹੈ ਮੇਰੇ ਨਾਲ ਨਹੀਂ ਹੈ। ਮਿਲ ਜਾਂਦੀ ਹੈ ਤਾਂ ਤੂੰ ਛਾਲਾਂ ਮਾਰਦਾ ਹੈ, ਚਲੀ ਜਾਂਦੀ ਹੈ ਤਾਂ ਤੂੰ ਉਲਾਂਭੇ ਦਿੰਦਾ ਹੈਂ। ਭਗਤੀ ਮੇਰੀ ਕਰਦਾ ਹੈਂ ਕਿ ਮਾਇਆ ਦੀ ਕਰਦਾ ਸੀ। ਤੂੰ ਤਾਂ ਆਪਣੇ ਕਾਰਜ ਦੀ ਸਿੱਧੀ ਵਾਸਤੇ ਲੱਗਿਆ ਹੋਇਆ ਸੀ ਮੈਨੂੰ ਹੋਰ ਮਿਲ ਜਾਏ, ਹੋਰ ਮਿਲ ਜਾਏ। ਕੋਈ ਵਿਰਲਾ ਹੈ ਜਿਹੜਾ ਰੱਬ ਦੇ ਪਿਆਰ ਵਿਚ ਆ ਕੇ ਭਗਤੀ ਕਰਦਾ ਹੈ। ਸੋ ਉਹਦੇ ਬਾਰੇ ਫੁਰਮਾਨ ਹੈ –

***ਪਰ ਕੇ ਦੋਖ ਨ ਚੀਨਤਿ ਮਨ ਮੈਂ.......।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਪਰਾਇਆ ਦੋਖ ਮਨ ਵਿਚ ਨਾ ਹਿਲਾਵੇ।

***........ਹਾਨ ਲਾਭ ਸਮ ਤਾਹਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਘਾਟਾ ਮਿਲ ਜਾਏ, ਵਾਧਾ ਹੋ ਜਾਏ, ਮਾਨ ਮਿਲ ਜਾਏ, ਅਪਮਾਨ ਹੋ ਜਾਏ, ਕੋਈ ਚੰਗਾ ਕਹਿ ਦੇ, ਕੋਈ ਮਾੜਾ ਕਹਿ ਦੇ, ਕੋਈ ਮਨ ਵਿਚ ਨਾ ਲਿਆਵੇ। ਉਸ ਤੋਂ ਬਾਅਦ ਸੱਤਵਾਂ ਜੋ ਹੈ ਉਹ ਕਹਿੰਦੇ =

***ਛਲ ਬਿਹੀਨ ਸਭਿ ਹੀ ਤੇ ਹੋਵਨ......।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕੋਈ ਵੀ ਛਲ ਕਪਟ ਕਿਸੇ ਨਾਲ ਨਾ ਕਰੇ। ਧੋਖੇ ਵਾਲੀ ਗੱਲ ਨਾ ਕਿਸੇ ਨਾਲ ਵੀ ਕਰੇ।

***.......ਹਰਖ ਸ਼ੋਕ ਨਹਿਂ ਆਵੈ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਮਿਲ ਗਿਆ ਤਾਂ ਖੁਸ਼ੀਆਂ, ਚੱਲਿਆ ਗਿਆ ਤਾਂ ਰੋਣਾ। ਇਨ੍ਹਾਂ ਚੀਜ਼ਾਂ ਤੋਂ ਅੱਡ ਹੋ ਕੇ ਆਪਣੇ ਮਨ ਨੂੰ ਰੱਖੇ। ਮਿਲ ਗਿਆ ਤਾਂ ਖੁਸ਼ੀਆਂ ਚਲਿਆ ਗਿਆ ਸ਼ਿਕਵਾ ਨਾ ਕਰੇ।

ਇਸ ਤੋਂ ਬਾਅਦ ਅਠਵੀਂ ਹੈ ਉਹ ਹੈ ਵਾਹਿਗੁਰੂ ਦੇ ਉਤੇ ਪੂਰਾ ਭਰੋਸਾ। ਉਹਨੂੰ ਹਰ ਵਕਤ ਇਹ ਸਮਝਣਾ ਕਿ ਮੇਰਾ ਜਿਹੜਾ ਪ੍ਰਮੇਸ਼ਰ ਹੈ ਉਹ ਸਰਬ ਕਲਾ ਸਮਰੱਥ ਹੈ। ਉਹ ਦੂਰ ਨਹੀਂ ਹੈ ਮੇਰੇ ਤੋਂ ਤੇ ਉਹਦੀ ਪ੍ਰਤੀਤ ਹਿਰਦੇ 'ਚ ਧਾਰਨ ਕਰਨੀ।

***ਧਾਰਨਾ – ਗੁਰ ਕੀ ਪ੍ਰਤੀਤ ਜੀ***
***ਜਿਸਦੇ ਮਨ ਵਿਚ ਹੈ ਭਾਈ।***
***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥***
***ਅੰਗ – ੨੮੩***

ਭਗਤੀ ਸਿਰਫ ਓਹੀ ਕਰ ਸਕਦਾ ਹੈ ਜਿਸਦੇ ਮਨ ਅੰਦਰ ਗੁਰੂ ਦੀ, ਪ੍ਰਮੇਸ਼ਰ ਦੀ ਦ੍ਰਿੜ੍ਹ ਪਰਤੀਤ ਹੋਵੇ, ਜੇ ਪ੍ਰਤੀਤ ਨਹੀਂ ਆਈ ਤਾਂ ਗੱਲ ਨਹੀਂ ਕੋਈ ਵੀ ਬਣਿਆ ਕਰਦੀ। ਜਦੋਂ ਪ੍ਰਤੀਤ ਆ ਜਾਂਦੀ ਹੈ ਫੇਰ ਗੁਰੂ ਦੇ ਵਾਸਤੇ ਸਭ ਕੁਝ ਕੁਰਬਾਨ ਕਰਨ ਨੂੰ ਆਦਮੀ ਤਿਆਰ ਰਹਿੰਦਾ ਹੈ, ਉਹਦਾ ਹੁਕਮ ਮੰਨਦਾ

ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਹੁਕਮ ਨੇ, ਇਹ ਕਹਿੰਦੇ ਨਹੀਂ ਹੈ ਕਿ ਤੁਸੀਂ ਕੋਠੀਆਂ ਛੱਡ ਕੇ ਚਲੇ ਜਾਓ, ਨੌਕਰੀ ਛੱਡ ਕੇ ਚਲੇ ਜਾਓ। ਇਹ ਕਹਿੰਦੇ ਨੇ ਕਿ ਖਾਂਦਿਆਂ, ਪੀਂਦਿਆਂ ਪਹਿਨਦਿਆਂ ਤੁਸੀਂ ਹੁਕਮ ਮੰਨੋ। ਬਾਲ ਬੱਚਿਆਂ ਨੂੰ ਪਾਲੋ, ਆਪਣੀ ਡਿਊਟੀਆਂ ਪੂਰੀਆਂ ਕਰੋ ਤੇ ਹੁਕਮ ਮੰਨੋ ਗੁਰੂ ਦਾ ਇਹਦੇ ਨਾਲ ਤੁਹਾਡਾ ਪਾਰ ਉਤਾਰਾ ਹੋ ਜਾਏਗਾ।

ਸੋ ਸਾਡੇ ਅੰਦਰ ਪ੍ਰਤੀਤ ਨਾ ਹੋਣ ਕਰਕੇ ਅਸੀਂ ਪੂਰੀ ਤਰ੍ਹਾਂ ਗੁਰੂ ਮਹਾਰਾਜ ਦਾ ਹੁਕਮ ਨਹੀਂ ਮੰਨਦੇ ਤੇ ਕਲਪਨਾ ਮਨ ਦੇ ਅੰਦਰ ਹੈ, ਆਪਣੇ ਮਨ ਦੀ ਮਨੌਤ ਬਣਾਈ ਹੋਈ ਅਸੀਂ ਦੂਸਰਿਆਂ ਦੇ ਉਤੇ ਥੋਪਦੇ ਹਾਂ ਕਿਸੇ ਨੂੰ ਮਾੜਾ ਕਹਿੰਦੇ ਹਾਂ ਕਿਸੇ ਨੂੰ ਚੰਗਾ ਕਹਿੰਦੇ ਹਾਂ। ਆਪਣੀਆਂ ਸੇਧਾਂ, ਲਕੀਰਾਂ ਆਪੇ ਹੀ ਕੱਢੀਆਂ ਹੋਈਆਂ ਨੇ, ਗੁਰਮਤਿ ਦੀਆਂ ਲਕੀਰਾਂ ਨਹੀਂ ਹਨ, ਜਦੋਂ ਗੁਰਮਤਿ ਦੀ ਕਸਵੱਟੀ ਤੇ ਕੋਈ ਚੀਜ਼ਾਂ ਤੋਲ ਕੇ ਦੇਖੀ ਜਾਂਦੀ ਹੈ ਉਹ ਛਿੱਤੀ ਪੈ ਜਾਂਦੀ ਹੈ ਕੋਈ ਮਾਇਅਨੇ ਨਹੀਂ ਰੱਖਦੀ। ਫੇਰ ਬੜਾ ਔਖਾ ਹੁੰਦਾ ਹੈ ਕਿਉਂਕਿ ਨਿਹਚੇ ਹੁੰਦੇ ਨੇ ਆਦਮੀ ਉਹਦੇ ਅੰਦਰ, ਗਲਤ ਨਿਹਚੇ ਬਣੇ ਹੁੰਦੇ ਨੇ। ਸੋ ਪਹਿਲਾਂ ਹੀ ਗੁਰੂ ਦੀ ਪ੍ਰਤੀਤ, ਬਾਣੀ ਦੇ ਉਤੇ ਪ੍ਰਤੀਤ ਹੋਵੇ, ਵਾਹਿਗੁਰੂ ਦੇ ਉਤੇ ਪ੍ਰਤੀਤ ਹੋਵੇ ਇਹ ਜ਼ਰੂਰੀ ਚੀਜ਼ ਹੋਇਆ ਕਰਦੀ ਹੈ।

ਗੁਰੂ ਮਹਾਰਾਜ ਗੁਰੂ ਛੇਵੇਂ ਪਾਤਸ਼ਾਹ ਜਦੋਂ ਆਪ ਕਸ਼ਮੀਰ ਵਿਚ ਗਏ। ਉਥੇ ਇਕ ਦਿਨ ਪਹਿਲਗਾਮ ਵਲ ਨੂੰ ਚਲੇ ਗਏ ਬੜਾ ਭਿਆਨਕ ਜੰਗਲ ਸੀ। ਜਦੋਂ ਉਪਰ ਚਲੇ ਗਏ ਤਾਂ ਨਾਲ ਦਿਆਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਰਸਤਾ ਐਨਾ ਖਤਰਨਾਕ ਹੈ ਕਿ ਇਥੇ ਬਹੁਤ ਡਰ ਹੈ, ਸ਼ੇਰ ਬੜੇ ਨੇ ਇਥੇ ਤੇ ਉਨ੍ਹਾਂ ਦੇ ਲੁਕਣ ਦਾ ਥਾਉਂ ਵੀ ਬਹੁਤ ਹੈ। ਆਦਮੀ ਨੂੰ ਪਤਾ ਹੀ ਨਹੀਂ ਲਗਦਾ ਕਿਹੜੇ ਵੇਲੇ ਛਾਲ ਮਾਰਦੇ ਹਾਂ। ਉਤੋਂ ਮਾਰਦੇ ਨੇ ਪਹਾੜੀ ਤੋਂ, ਐਸੀਆਂ ਪਹਾੜੀਆਂ ਬਣੀਆਂ ਹੋਈਆਂ ਨੇ ਤੇ ਬਹੁਤ ਗਲਤ ਰਸਤਾ ਹੈ। ਮਹਾਰਾਜ ਕਹਿੰਦੇ ਫੇਰ? ਕਹਿਣ ਲੱਗੇ, ਮਹਾਰਾਜ ਜੀ! ਇਕ ਰਸਤਾ ਹੋਰ ਹੈ ਆਪਾਂ ਓਧਰ ਦੀ ਲੰਘਦੇ, ਕਹਿੰਦੇ ਭਾਈ ਨਿਹਾਲਿਆ ਤੂੰ ਇਥੇ ਖੜ੍ਹੀਂ ਅਸੀਂ ਆਏ। ਭਾਈ ਨਿਹਾਲਾ ਖੜ੍ਹ ਜਾਂਦਾ ਹੈ ਉਥੇ ਭਾਈ ਨਿਹਾਲਾ ਦੂਸਰੇ ਰਸਤੇ ਪਹਾੜ ਦੀ ਸੈਰ ਕਰਕੇ, ਜੰਗਲ ਦੀ ਸੈਰ ਕਰਕੇ ਵਾਪਸ ਚਲੇ ਜਾਂਦੇ ਨੇ। ਇਕ ਦਿਨ ਲੰਘ ਗਿਆ, ਦੂਜਾ ਦਿਨ ਲੰਘ ਗਿਆ, ਤੀਜਾ ਦਿਨ ਜਦੋਂ ਲੰਘਣ ਲੱਗਿਆ ਤਾਂ ਕਹਿਣ ਲੱਗੇ ਭਾਈ ਨਿਹਾਲਾ ਨਹੀਂ ਨਜ਼ਰ ਆਉਂਦਾ। ਕਿੱਥੇ ਹੈ ਉਹ? ਸੱਚੇ ਪਾਤਸ਼ਾਹ! ਆਪ ਨੇ ਹੀ ਤਾਂ ਹੁਕਮ ਦਿਤਾ ਸੀ ਕਿ ਇਥੇ ਖੜ੍ਹ ਅਸੀਂ ਆਉਂਦੇ ਹਾਂ। ਉਸ ਵੇਲੇ ਗੁਰੂ ਮਹਾਰਾਜ ਘੋੜੇ ਤੇ ਸਵਾਰ ਹੋ ਕੇ ਉਸੇ ਥਾਂ ਪਹੁੰਚਦੇ ਨੇ, ਗੁਰਸਿੱਖ ਜਿਥੇ ਹੁਕਮ ਦਿਤਾ ਸੀ ਉਥੇ ਹੀ ਖੜ੍ਹਾ ਹੈ, ਨਾ ਇਕ ਕਦਮ ਇਧਰ ਨੂੰ ਨਾ ਓਧਰ ਨੂੰ ਹੋਇਆ, ਤਿੰਨ ਦਿਨ ਤਿੰਨ ਰਾਤਾਂ ਹੋ ਗਈਆਂ। ਕਿਉਂਕਿ ਹੁਕਮ ਖੜ੍ਹਨ ਦਾ ਸੀ ਕਿ ਇਥੇ ਖੜ੍ਹ ਅਸੀਂ ਆਏ। ਕਿਉਂਕਿ ਪੂਰੀ ਪ੍ਰਤੀਤ ਸੀ ਬਚਨ ਦੇ ਅੰਦਰ। ਜੇ ਨਾ ਹੁੰਦੀ ਤਾਂ ਉਹਨੇ ਕਹਿਣਾ ਸੀ ਦਰਖੱਤ ਤੇ ਚੜ੍ਹ ਜਾਂਦੇ ਹਾਂ ਕਿ ਰਾਤ ਨੂੰ ਕੋਈ ਸ਼ੇਰ ਹੀ ਨਾ ਖਾ ਜਾਵੇ। ਐਨੀ ਕੁ ਤਾਂ ਆਪੇ ਹੀ ਸੋਚ ਲੈਣੀ ਚਾਹੀਦੀ ਹੈ। ਨਾ ਸਾਧਸੰਗਤ ਜੀ! ਜਿਹੜਾ ਪ੍ਰਤੀਤ ਵਾਲਾ ਹੈ ਉਹ ਤਾਂ 100% ਗੁਰੂ ਦਾ ਹੁਕਮ ਮੰਨਦਾ ਹੈ, ਬਿਨਾਂ ਹੀ ਤਪ ਤੋਂ ਬਿਨਾਂ ਹੀ ਕਿਸੇ ਸਾਧਨ ਤੋਂ।

ਉਸ ਵੇਲੇ ਗੁਰੂ ਮਹਾਰਾਜ ਘੋੜੇ ਤੋਂ ਉਤਰੇ ਬੁੱਕਲ 'ਚ ਲੈ ਲਿਆ। ਕਹਿਣ ਲੱਗੇ, ਭਾਈ ਨਿਹਾਲਿਆ! ਨਿਹਾਲ, ਨਿਹਾਲ, ਨਿਹਾਲ। ਤਿੰਨ ਵਾਰੀ ਕਹਿਣ ਦੀ ਦੇਰ ਸੀ ਬ੍ਰਹਮਗਿਆਨ ਦੇ ਭੰਡਾਰ, ਸਾਰੀਆਂ ਸ਼ਕਤੀਆਂ ਦੇ ਭੰਡਾਰ ਬਖਸ਼ ਦਿੰਦੇ ਨੇ। ਕਾਹਤੋਂ ਬਖਸ਼ ਦਿਤੇ? ਕਿਉਂਕਿ ਮਨ ਵਿਚ ਪ੍ਰਤੀਤ ਸੀ। ਪ੍ਰਤੀਤ ਤੋਂ ਬਗੈਰ ਬਚਨ ਦੀ ਕਮਾਈ ਨਹੀਂ ਹੋ ਸਕਦੀ। ਆਦਮੀ ਦੀ ਮਤ ਨਹੀਂ ਹਟਿਆ ਕਰਦੀ। ਆਦਮੀ ਕਹਿੰਦਾ ਹੈ ਕਿ ਮੈਂ ਐਉਂ ਕਰ ਲੈਂਦਾ ਤਾਂ ਐਉਂ ਹੋ ਜਾਂਦਾ, ਜੇ ਐਉਂ ਕਰ ਲੈਂਦਾ ਤਾਂ ਐਉਂ ਹੋ ਜਾਂਦਾ। ਮਹਾਰਾਜ ਕਹਿੰਦੇ ਨੇ ਕਿ ਤੇਰੇ ਹੱਥ ਵਿਚ ਹੈ ਹੀ ਨਹੀਂ ਕੁਛ, ਦਿਤਾ ਹੀ ਨਹੀਂ ਪ੍ਰਮੇਸ਼ਰ ਨੇ।

***ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥***
***ਜੋ ਤਿਸੁ ਭਾਵੈ ਸੋਈ ਕਰੇਇ ॥ ਅੰਗ - ੨੭੭***

ਇਹਦੇ ਹੱਥ ਵਿਚ ਹੋਵੇ ਤਾਂ ਸਭ ਕੁਛ ਲੈ ਲਵੇ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਮਰਦਾਨਿਆ! ਇਹ ਅੱਠਵੀਂ ਚੀਜ਼ ਜਿਹੜੀ ਜ਼ਰੂਰੀ ਹੈ ਉਹ ਹੈ ਗੁਰੂ ਦੇ ਉਤੇ ਦ੍ਰਿੜ ਨਿਸ਼ਚਾ। ਪ੍ਰਮੇਸ਼ਰ ਦੇ ਉਤੇ ਦ੍ਰਿੜ ਨਿਸ਼ਚਾ।

***ਦ੍ਰਿੜ ਨਿਸ਼ਚਾ ਕਰਤਾਰ ਵਿਖੈ***
***ਅਤਿ ਡੋਲ ਨ ਕਬਹੂੰ ਜਾਵੈ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਅਤਿ ਕਹਿੰਦੇ ਨੇ extreme ਤੱਕ। ਭਾਈ ਮੰਝ ਜੇ ਖੂਹ ਵਿਚ ਗਿਰ ਗਿਆ, ਉਹਦੇ ਮਨ ਵਿਚ ਇਹ ਨਹੀਂ ਸੀ ਕਿ ਮੈਂ ਆਪਣੀ ਪਤਨੀ ਵੀ ਗਹਿਣੇ ਕਰ ਆਇਆ ਆਪਣੀ ਲੜਕੀ ਦੀ ਮਜ਼ਦੂਰੀ ਵੀ ਮੈਂ ਗਹਿਣੇ ਕਰ ਦਿਤਾ। ਤੇ ਚੌਧਰ ਮੇਰੀ ਜਾਂਦੀ ਰਹੀ। ਜ਼ਮੀਨ ਜਾਇਦਾਦ ਮੇਰੀ ਸਾਰੀ ਜਾਂਦੀ ਰਹੀ ਤੇ ਗੁਰੂ ਮੈਨੂੰ ਬੁਲਾਉਂਦੇ ਨਹੀਂ ਕਿੰਨੇ ਸਾਲ ਹੋ ਗਏ ਮੈਨੂੰ ਸੇਵਾ ਕਰਦੇ ਨੂੰ। ਮੈਨੂੰ ਐਉਂ ਵੀ ਨਹੀਂ ਪੁੱਛਿਆ ਕਿ ਭਾਈ ਮੰਝ! ਤੇਰੇ ਬੱਚਿਆਂ ਦਾ ਕੀ ਹਾਲ ਹੈ? ਉਸ ਵੇਲੇ ਗੁਰੂ ਮਹਾਰਾਜ ਜਦੋਂ ਕੰਢੇ ਜਾ ਕੇ ਖੜ੍ਹਦੇ ਨੇ ਤੇ ਸਿੱਖ ਨੂੰ ਕਿਹਾ ਕਿ ਪੁੱਛ ਕੌਣ ਹੈਂ? ਉਸ ਵੇਲੇ ਆਵਾਜ਼ ਦਿਤਾ ਕਿ ਕੌਣ ਹੈ ਤੂੰ ਸਤਿਨਾਮ ਵਾਹਿਗੁਰੂ ਦਾ ਉਚਾਰਨ ਕਰਨ ਵਾਲਾ। ਕਹਿਣ ਲੱਗਿਆ, ਮੈਂ ਗੁਰੂ ਅਰਜਨ ਸਾਹਿਬ ਪਾਤਸ਼ਾਹ ਦਾ ਇਕ ਅਧਨਾ ਜਿਹਾ ਸਿੱਖ ਹਾਂ। ਗਰੀਬ ਜਿਹਾ ਸਿੱਖ ਹਾਂ।

ਮਹਾਰਾਜ ਜੀ ਦੇ ਇਹ ਬਚਨ ਸੁਣਦੇ ਸਾਰ ਅੱਖਾਂ 'ਚੋਂ ਜਲ ਆ ਗਿਆ। ਧੰਨ ਸਿੱਖਾ! ਕਿੰਨਾ ਆਪਣੇ ਆਪ ਨੂੰ ਨੀਵਾਂ ਰੱਖਿਆ ਹੋ ਤੇ ਸਿੱਖੀ ਦੀ ਪੀ.ਐਚ. ਡੀ ਪਾਸ ਕਰ ਕਿਹਾ ਹੈ। ਲੱਜ ਸੁੱਟ ਦਿਤੀ ਕਿ ਲੱਜ ਦੇ ਉਤੇ ਤੂੰ ਨਿਕਲ ਆ।

ਕਹਿੰਦਾ ਅਜੇ ਲਕੜੀਆਂ ਸੁੱਕੀਆਂ ਨੇ। ਸੀਸ ਦੇ ਉਤੇ ਰੱਖੀਆਂ ਹੋਈਆਂ ਨੇ, ਗੁਰੂ ਕੇ ਲੰਗਰ 'ਚ ਲਿਜਾਣੀਆਂ ਨੇ ਪਹਿਲਾਂ ਲੱਕੜੀਆਂ ਕੱਢੋ, ਗਿੱਲੀਆਂ ਹੋ ਜਾਣੀਆਂ ਨੇ ਸਾਰੀਆਂ। ਪਿੱਛੋਂ ਮੈਂ ਨਿਕਲ ਆਵਾਂਗਾ। ਅਸੀਂ ਕੀ ਕਰਦੇ ਪਹਿਲਾਂ ਤਾਂ ਗੁਰੂ ਸਾਹਿਬ ਨੂੰ ਕਹਿਣਾ ਸੀ ਕਿ ਤੇਰੀ ਸਿੱਖੀ ਸਾਨੂੰ ਬੜੀ ਮਹਿੰਗੀ ਪਈ ਹੈ, ਖੂਹ ਵਿਚ ਸੁੱਟ ਦਿਤਾ, ਘਰ ਬਾਰ ਬਰਬਾਦ ਹੋ ਗਿਆ, ਜ਼ਮੀਨ ਜਾਇਦਾਦ ਸਰੀਕਾਂ ਨੇ ਖੋਹ ਲਈ, ਲੜਕੀ ਕਿਤੇ ਹੈ, ਘਰਵਾਲੀ ਕਿਤੇ ਹੈ ਪਤਾ ਨਹੀਂ ਕੀ ਦਾ ਹਾਲ ਹੋ ਜਾਏ? ਮੈਨੂੰ ਤੂੰ ਮਿਲਾਇਆ ਹੀ ਨਹੀਂ ਹੈ ਕਿੰਨੇ ਸਾਲ ਦਾ ਮੈਂ ਸੇਵਾ ਕਰਦਾ ਹਾਂ, ਇਕ ਵਾਰੀ ਤਾਂ ਪੁੱਛ ਲੈਂਦਾ ਕਿ ਮੰਝ! ਕੀ ਹਾਲ ਹੈ ਤੇਰਾ? ਤੇਰੇ ਮਨ ਦਾ ਕੀ ਹੱਲ ਹੈ ਕੋਈ ਤਕਲੀਫ ਤਾਂ ਨਹੀਂ ਤੈਨੂੰ? ਨਾ ਇਹ ਗੱਲ ਨਹੀਂ, ਲੱਕੜੀਆਂ ਨੂੰ ਪੈਰਾਂ ਦੇ ਥੱਲੇ ਦੇ ਕੇ ਬਾਹਰ ਨਿਕਲਦੇ, ਉਚਾ ਖੜ੍ਹਦੇ ਕਿ ਕਿਤੇ ਡੁੱਬ ਨਾ ਜਾਈਏ। ਧੰਨ ਹੈ ਉਹ ਗੁਰਸਿੱਖ ਇਹ ਨਹੀਂ ਵਿਚਾਰਦਾ ਉਹ ਲੱਕੜੀਆਂ ਨੂੰ ਸਿਰ ਤੇ ਰੱਖੀਂ ਖੜ੍ਹਾ ਹੈ। ਬੁੱਲ੍ਹਾਂ ਤੱਕ ਪਾਣੀ ਆਇਆ ਹੋਇਆ ਹੈ। ਅੱਡੀਆਂ ਚੁੱਕੀਆਂ ਹੋਈਆਂ ਨੇ, ਕਹਿੰਦਾ ਪਹਿਲਾਂ ਲੱਕੜੀਆਂ ਕੱਢ ਲਓ, ਸੁੱਕੀਆਂ ਨੇ ਮੈਂ ਪਿਛੋਂ ਨਿਕਲ ਆਵਾਂਗਾ। ਸੋ ਇਹ ਪ੍ਰਤੀਤ ਦੀਆਂ ਗੱਲਾਂ ਨੇ ਸਾਧਸੰਗਤ ਜੀ! ਜਿਸ ਦੇ ਅੰਦਰ ਪਰਤੀਤ ਆ ਜਾਏ, ਉਹਦੇ ਪ੍ਰਮੇਸ਼ਰ ਯਾਦ ਆਇਆ ਕਰਦਾ ਹੈ। ਮਹਾਰਾਜ ਕਹਿੰਦੇ ਇਹਨੂੰ ਫੇਰ ਫਲ ਲੱਗਿਆ ਕਰਦਾ ਹੈ ਪ੍ਰੇਮ ਦਾ। ਜਦੋਂ ਪ੍ਰੇਮ ਦਾ ਫਲ ਲਗਦਾ ਹੈ ਫੇਰ ਜਿਹੜੇ ਪ੍ਰੇਮੀ ਹੈ ਆਪਣਾ ਤਨ, ਮਨ, ਧਨ ਸਾਰਾ ਹੀ ਦੇ ਦਿੰਦਾ ਹੈ। ਫੇਰ ਉਹਦੀ ਕੋਈ ਮਰਜ਼ੀ ਨਹੀਂ ਰਹਿੰਦੀ, ਕੋਈ ਉਹਦਾ ਨਿਜ ਦਾ ਫੁਰਨਾ ਨਹੀਂ ਰਹਿੰਦਾ, ਜੇ ਘਾਹ ਵਢਾਉਣ ਲੱਗ ਗਿਆ ਤਾਂ ਘਾਹ ਵੱਢੀ ਜਾਏਗੀ, ਤਖਤ ਤੇ ਬਿਠਾ ਦਿਤਾ ਤਾਂ ਤਖਤ ਤੇ ਬੈਠ ਜਾਏਗਾ। ਜੇ ਕੁਛ ਦੇ ਦਿਤਾ ਤਾਂ ਵੀ ਖੁਸ਼ੀ, ਜੇ ਧੱਕੇ ਮਾਰ ਦਿਤੇ, ਤਾਂ ਵੀ ਖੁਸ਼ੀ। ਜੇ ਵਡਿਆਈ ਦੇ ਦਿਤੀ ਤਾਂ ਉਹਦੀ ਕ੍ਰਿਪਾ, ਜੇ ਬਾਹਰ ਕੱਢ ਦਿਤਾ ਧੱਕੇ ਮਾਰ ਕੇ ਉਹਦੀ ਮੌਜ। ਪਿਆਰ ਦੇ ਵਿਚ ਨਹੀਂ ਕੋਈ ਉਲਾਂਭਾ ਹੋਇਆ ਕਰਦਾ। ਉਲਾਂਭੇ ਤੇ ਸ਼ਿਕਵੇ ਉਥੇ ਹੀ ਹੁੰਦੇ ਨੇ ਜਿੱਥੇ ਪਿਆਰ ਪੂਰਾ ਨਾ ਹੋਵੇ, ਜਿਥੇ ਮੈਂ ਰਹਿੰਦੀ ਹੋਵੇ। ਉਥੇ ਮਹਾਰਾਜ ਕਹਿੰਦੇ ਫੇਰ ਉਹ ਆਪਣੀ ਮੈਂ ਨੂੰ ਗਹਿਣੇ ਕਰਦਾ ਹੈ, ਅਰਪਣ ਕਰਦਾ ਹੈ, ਉਹਨੂੰ ਸਮਰਪਣ ਕਹਿੰਦੇ ਨੇ। ਜਦੋਂ ਸਮਰਪਣ ਕਰਦਾ ਹੈ, ਫੇਰ ਭਗਤੀ ਬਣ ਜਾਂਦੀ ਹੈ। ਪਰਾ ਭਗਤੀ ਦੇ ਵਿਚ ਆਪਣਾ ਆਪ ਲੀਨ ਹੋ ਜਾਂਦਾ ਹੈ। ਆਪ ਕੁਛ ਵੀ ਨਹੀਂ ਰਹਿੰਦਾ। ਫੇਰ ਇਥੇ ਰਹਿ ਕੀ ਜਾਂਦਾ ਹੈ ਇਥੇ ਵਾਹਿਗੁਰੂ ਰਹਿ ਜਾਂਦਾ ਹੈ। ਜਦੋਂ ਇਹਦਾ ਝਲਕਾਰਾ ਉਹਨੂੰ ਵਜਦਾ ਹੈ, ਓਸ ਵੇਲੇ ਇਹ ਅਪਰਾ ਭਗਤੀ ਬਣ ਜਾਂਦੀ ਹੈ, ਪ੍ਰਮੇਸ਼ਰ ਦਾ ਰੂਪ ਬਣ ਜਾਂਦਾ ਹੈ ਫੇਰ ਉਹਦਾ ਜਿਹੜਾ ਵਿਚਾਰ ਉਹ ਇਸ ਤਰ੍ਹਾਂ ਹੈ –

***ਧਾਰਨਾ – ਤੂੰ ਹੀਂ ਤੂੰ ਹੀਂ ਮੋਹਿ ਨਾ।***

ਜਿਧਰ ਵੀ ਦੇਖਦਾ ਹੈ, ਜਿੰਨਿਆਂ ਨੂੰ ਦੇਖਦਾ ਹੈ ਸਭ ਨੂੰ ਵਾਹਿਗੁਰੂ ਦਾ ਸਰੂਪ ਜਾਣਦਾ ਹੈ। ਘਟ-ਘਟ ਦੇ ਵਿਚ ਵਾਹਿਗੁਰੂ ਰਮਿਆ ਹੋਇਆ ਹੈ ਇਹਦੇ ਉਤੇ ਭਰੋਸਾ ਲਿਆਉਣਾ ਜ਼ਰੂਰੀ ਹੈ ਸਾਧਸੰਗਤ ਜੀ! ਜੇ ਤਾਂ ਆ ਗਿਆ ਤਾਂ, ਤਾਂ ਤੁਹਾਡੇ ਸਤਿਸੰਗ ਕੀਤੇ ਹੋਏ ਸਫਲ। ਤਾਂ ਇਹ ਤਪ ਕੀਤੇ ਹੋਏ ਸਫਲ ਜੇ ਇਹ ਗੱਲ ਭੁੱਲੀ ਰਹੀ ਤਾਂ ਅਜੇ ਬਹੁਤ ਮਿਹਨਤ ਕਰਨ ਦੀ ਲੋੜ ਹੈ। ਇਹ ਭਰੋਸਾ ਹਰ ਹਾਲਤ 'ਚ ਹੋਣਾ ਚਾਹੀਦਾ ਹੈ।

***ਹਰਿ ਸਰੂਪ ਸਭਿ ਹੂੰ ਕੋ ਜਾਨੈ ਰਵਿਓ ਸਭਿ ਕੇ ਮਾਂਹੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਇਕ ਨੂੰ ਨਹੀਂ ਸਭ ਨੂੰ ਪ੍ਰਮੇਸ਼ਰ ਦਾ ਸਰੂਪ ਜਾਣੇ। ਸਾਰਿਆਂ ਦੇ ਅੰਦਰ ਪ੍ਰਮੇਸ਼ਰ ਪੂਰਨ ਰੂਪ ਵਿਚ ਰਵਿਆ ਹੋਇਆ ਹੈ।

***ਇਹ ਬਿਧਿ ਹੈ ਸੂਛਮ ਕਰਿ ਵਰਨੀ,***
***ਏਕ ਪਰਾਪਤਿ ਜਾਂਹੀ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਇਹ ਜੋ ਭਗਤੀ ਦਾ ਮਾਰਗ ਹੈ ਭਾਈ ਮਰਦਾਨਾ ਤੈਨੂੰ ਬਹੁਤ ਸੰਖੇਪ ਕਰਕੇ ਦਸਿਆ ਹੈ।

ਕਹਿੰਦੇ ਜੇ ਇਨ੍ਹਾਂ ਨੌਆਂ ਭਗਤੀਆਂ 'ਚੋਂ ਤਿੰਨ ਜਿਹੜੀਆਂ ਪ੍ਰੇਮਾ, ਪਰਾ, ਅਪਰਾ ਭਗਤੀ ਹੈ ਇਕ ਵੀ ਪ੍ਰਾਪਤ ਹੋ ਜਾਵੇ ਨਾ ਉਹਦਾ ਵੀ ਫਲ ਬਹੁਤ ਜ਼ਿਆਦਾ ਹੈ। ਐਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਆਪ ਤਰਦੈ ਤੇ ਕੁਲਾਂ ਨੂੰ ਤਾਰ ਦੇਵੇ,***
***ਭਗਤ ਪਿਆਰਾ ਰੱਬ ਦਾ।***

ਜਿਸ ਕੁਲ ਦੇ ਅੰਦਰ ਇਕ ਵੀ ਪ੍ਰਮੇਸ਼ਰ ਦਾ ਭਗਤ ਆ ਜਾਵੇ, 24 ਦਾਦਕਿਆਂ ਦੀਆਂ ਕੁਲਾਂ, ਵੀਹ ਨਾਨਕਿਆਂ ਦੀਆਂ, 16 ਜਿੱਥੇ ਵਿਆਹਿਆ ਹੋਇਆ ਹੈ, 11 ਜਿਸ ਥਾਂ ਦੇ ਉਤੇ ਬੱਚੇ ਵਿਆਹੇ ਹੋਏ ਨੇ ਤੇ 9 ਕੁਲਾਂ ਜਿਸ ਥਾਂ ਦੇ ਉਤੇ ਭੈਣ ਵਿਆਹੀ ਹੋਈ ਹੈ, ਭੂਆ ਵਿਆਹੀ ਹੋਈ ਹੈ, 8 ਕੁਲਾਂ ਜਿੱਥੇ ਮਾਸੀ ਹੈ ਇਸ ਤਰ੍ਹਾਂ ਦੇ ਨਾਲ 101 ਕੁਲ ਦਾ ਉਧਾਰ ਕਰ ਦਿਆ ਕਰਦਾ। ਜਿਸ ਕੁਲ ਦੇ ਅੰਦਰ ਇਕ ਪ੍ਰਮੇਸ਼ਰ ਦਾ ਭਗਤ ਆ ਜਾਵੇ। ਸੋ ਦਸਦੇ ਨੇ ਕਿ –

***ਕੁਲ ਸਮੇਤ ਤਰਿ ਹੈ ਭਵਸਾਗਰ,.....।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਆਪ ਹੀ ਨਹੀਂ ਤਰਦਾ, ਆਪਣੀਆਂ ਕੁਲਾਂ ਨੂੰ ਵੀ ਨਾਲ ਲੈ ਕੇ ਤਰ ਜਾਂਦਾ ਹੈ।

***ਅਵਰ ਤਰੈਂ ਤਿਹ ਸੰਗਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕੁਲਾਂ ਤੋਂ ਅੱਗੇ ਜਿੰਨਿਆਂ ਦੀ ਉਸ ਉਤੇ ਪ੍ਰਤੀਤ ਹੁੰਦੀ ਹੈ, ਜਿੰਨੇ ਉਹਨੂੰ ਪਿਆਰ ਕਰਦੇ ਨੇ ਉਹ ਸਾਰੇ ਤਰ ਜਾਂਦੇ ਨੇ।

***ਭਗਤਿ ਕਰਤਿ ਮਾਯਾ ਨਹਿਂ ਮੋਹਿਹ***
***ਰਾਚਹਿ ਹਰਿ ਕੇ ਰੰਗਾ॥ ਸ੍ਰੀ ਗੁਰ ਪ੍ਰਤਾਪ ਗ੍ਰੰਥ***

ਭਾਈ ਮਰਦਾਨਾ! ਇਸ ਤਰ੍ਹਾਂ ਭਗਤੀ ਕਰਨ ਦੇ ਨਾਲ ਮਾਇਆ ਨਹੀਂ ਮੋਹਦੀ। ਅਸ਼ਟਾਂਗ ਯੋਗ ਦੇ ਵਿਚ ਮਾਇਆ ਮੋਹ ਲੈਂਦੀ ਹੈ, ਗਿਆਨ ਯੋਗੀਆਂ ਨੂੰ ਮਾਇਆ ਮੋਹ ਲੈਂਦੀ ਹੈ। ਕਸ਼ਟ ਯੋਗੀਆਂ, ਹੱਠ ਯੋਗੀਆਂ ਨੂੰ ਮਾਇਆ ਮੋਹ ਲੈਂਦੀ ਹੈ। ਮਛੰਦਰ 14 ਸਾਲ ਰਾਜੇ ਅਮਰੂ ਦੇ ਸਰੀਰ ਵਿਚ ਪ੍ਰਵੇਸ਼ ਕਰਕੇ

ਰਾਣੀਆਂ ਭੋਗਦਾ ਰਿਹਾ। ਮਾਇਆ ਨੇ ਮੋਹ ਲਿਆ ਨਾ, ਯੋਗੀ ਵੱਡਾ। ਗੋਰਖਨਾਥ ਦਾ ਗੁਰੂ। ਬਾਲ ਗੁੰਦਾਈ ਨੇ ਤਾਹਨਾ ਮਾਰਿਆ ਕਿ ਗੋਰਖਾ! ਬੜਾ ਬਣਿਆ ਫਿਰਦਾ ਹੈਂ, ਤੇਰਾ ਗੁਰੂ ਲੰਕਾ ਦੇ ਰਾਜੇ ਦੇ ਸਰੀਰ ਵਿਚ ਹੈ। ਰਾਜਾ ਮਰ ਚੁੱਕਿਆ ਹੈ, ਉਹ ਜੀਉਂਦਾ ਨਹੀਂ ਹੈ, ਉਹਦੇ ਸਰੀਰ ਦੇ ਵਿਚ ਤੇਰਾ ਗੁਰੂ ਰਹਿੰਦਾ ਹੈ ਤੇ ਪਦਮਨੀ ਰਾਣੀਆਂ ਭੋਗ ਰਿਹਾ ਹੈ। ਜਾਹ, ਆਪਣੇ ਗੁਰੂ ਨੂੰ ਕੱਢ।

ਮਹਾਰਾਜ ਕਹਿੰਦੇ, ਮਾਇਆ ਨਹੀਂ ਮੋਂਹਦੀ ਤਾਂ ਭਗਤ ਨੂੰ ਨਹੀਂ ਮੋਂਹਦੀ।

ਕਿਉਂ ਨਹੀਂ ਮੋਂਹਦੀ? ਕਿਉਂਕਿ ਉਹ ਪ੍ਰਮੇਸ਼ਰ ਦੇ ਪਿਆਰ ਵਿਚ ਲੀਨ ਰਹਿੰਦਾ ਹੈ ਹਰ ਵਕਤ। ਇਸ ਤਰ੍ਹਾਂ ਮਰਦਾਨੇ ਨੇ ਜਦੋਂ ਬਚਨ ਸੁਣੇ ਕਹਿੰਦਾ ਮਹਾਰਾਜ! ਬਹੁਤ ਵੱਡੀ ਕ੍ਰਿਪਾ ਹੋਈ, ਮੈਂ ਸੁਣਦਾ ਸੀ ਕਿ ਭਗਤੀ ਕੀ ਹੁੰਦੀ ਹੈ? ਲੇਕਿਨ ਮੈਨੂੰ ਪਤਾ ਨਹੀਂ ਸੀ। ਬੰਦਗੀ ਮੈਂ ਮੁੱਢ ਤੋਂ ਸੁਣਦਾ ਆਇਆ ਹਾਂ, ਬੰਦਗੀ ਕਰੋ, ਬੰਦਗੀ ਕਰੋ ਪਰ ਮੈਨੂੰ ਪਤਾ ਨਹੀਂ ਸੀ ਲਗਦਾ ਕਿ ਬੰਦਗੀ ਕਹਿੰਦੇ ਕੀਹਨੂੰ ਨੇ। ਭਗਤੀ ਨੂੰ ਕਹਿੰਦੇ ਸੀ ਲੇਕਿਨ ਮੈਨੂੰ ਪਤਾ ਨਹੀਂ ਸੀ। ਮਹਾਰਾਜ ਕਹਿੰਦੇ ਜਿਹੜੀ ਭਗਤੀ ਹੈ ਇਹ ਭੈ ਗਤੀ ਹੁੰਦੀ ਹੈ।

***ਭੈ ਕੀਆ ਦੇਹਿ ਸਲਾਈਆ***
***ਨੈਣੀ ਭਾਵ ਕਾ ਕਰਿ ਸੀਗਾਰੋ ॥ ਅੰਗ - ੭੨੨***

ਇਹਦੇ ਵਿਚ ਦੋ ਚੀਜ਼ਾਂ ਕੰਮ ਕਰਦੀਆਂ ਨੇ ਜ਼ਿਆਦਾ, ਇਕ ਭੈ ਅਦਬ ਜਿਹਨੂੰ ਕਹਿੰਦੇ ਨੇ। ਗੁਸਤਾਖੀ ਨਹੀਂ ਇਹਦੇ 'ਚ ਹੋਇਆ ਕਰਦੀ ਅਦਬ ਹੋਇਆ ਕਰਦਾ ਹੈ। ਦੂਸਰਾ ਇਹਦੇ ਵਿਚ ਪਿਆਰ ਕੰਮ ਕਰਦਾ ਹੈ, ਪਹਿਲਾਂ ਦੋ ਤੋਂ ਚਲਦੇ ਨੇ ਤੇ ਅਖੀਰ ਦੇ ਵਿਚ ਇਕ ਹੋ ਜਾਇਆ ਕਰਦੇ ਨੇ, ਦੋ ਨਹੀਂ ਰਿਹਾ ਕਰਦੇ। ਭਗਤ ਜਿਹੜਾ ਹੈ ਉਹ ਪ੍ਰਮੇਸ਼ਰ ਦਾ ਰੂਪ ਹੋ ਜਾਇਆ ਕਰਦਾ ਹੈ।

***ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥***
***ਅੰਗ - ੩੯੭***

ਸੋ ਐਨੇ ਬਚਨ ਕਰਦੇ ਸੀ ਐਨੇ ਨੂੰ ਭਾਈ ਲਾਲੋ, ਆਪ ਨੇ ਪ੍ਰਸ਼ਾਦਾ ਤਿਆਰ ਕਰਿਆ। ਉਸ ਵੇਲੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਬੜੀ ਅਧੀਨਗੀ ਨਾਲ, ਹੇ ਪਾਤਸ਼ਾਹ! ਆਪ ਅੰਦਰ ਚੱਲੋ, ਕ੍ਰਿਪਾ ਕਰੋ। ਕਿਉਂਕਿ ਤੁਸੀਂ ਬਹੁਤ ਉਤਮ ਜਨਮ ਦੇ ਹੋਂ ਤੇ ਮੈਨੂੰ ਭਾਈ ਮਰਦਾਨੇ ਨੇ ਦੱਸਿਆ ਹੈ ਕਿ ਆਪ ਬੇਦੀ ਕੁਲ ਦੇ ਸਤਾਰੇ ਹੋਂ ਤੇ ਬਹੁਤ ਉੱਚੀ ਕੁਲ ਦੇ ਨਾਲ ਸਬੰਧ ਰਖਦੇ ਓਂ। ਮੈਂ ਗਰੀਬ ਆਦਮੀ, ਮੈਨੂੰ ਤਾਂ ਲੋਕ ਸ਼ੂਦਰ ਕਹਿੰਦੇ ਨੇ ਤੇ ਆਪ ਕ੍ਰਿਪਾ ਕਰੋ ਤੇ ਉਥੇ ਸਮਾਨ ਪਿਆ ਹੈ ਸਾਰਾ ਉਥੇ ਚੌਂਕਾ ਲਾਓ, ਉਥੇ ਬੈਠ ਕੇ ਪ੍ਰਸ਼ਾਦਾ ਛਕੋ। ਕਿਉਂਕਿ ਚੌਂਕਾ ਬਣਾਇਆ ਕਰਦੇ ਸੀ ਪਹਿਲੇ ਜ਼ਮਾਨਿਆਂ ਦੇ ਅੰਦਰ। ਉਹ ਇਸ ਕਰਕੇ ਬਣਾਇਆ ਕਰਦੇ ਸੀ ਕਿ ਆਲੇ ਦੁਆਲੇ ਕਾਰਾਂ ਕੱਢਦੇ ਸੀ, ਵਿਚਾਲੇ ਪੋਚਾ ਦੇ ਕੇ ਉਹਨੂੰ ਸਾਫ ਕਰਿਆ ਕਰਦੇ ਸੀ, ਉਹਨੂੰ ਚੌਂਕਾ ਕਹਿੰਦੇ ਸੀ। ਕਾਰਾਂ ਕੱਢਦੇ ਸੀ ਕਿ ਭੂਤ ਪ੍ਰੇਤ ਆ ਕੇ ਨਾਲ ਰੋਟੀ ਨਾ ਖਾਣ ਬੈਠ ਜਾਣ।

ਬੀਜੀ (ਬੀਬੀ ਰਣਜੀਤ ਕੌਰ ਜੀ) ਦੱਸਦੇ ਹੁੰਦੇ ਨੇ ਕਿ ਆਟਾ ਵਾਹਿਗੁਰੂ ਕਹਿ ਕੇ ਨਾ ਕੱਢੋ ਤਾਂ ਭੂਤ ਨਾਲ ਚੱਲ ਪੈਂਦੇ ਨੇ, ਦਾਲ ਸਬਜ਼ੀ ਪਾਉਣ ਵਾਲੇ ਵਾਹਿਗੁਰੂ-ਵਾਹਿਗੁਰੂ ਕਹਿ ਕੇ ਨਾ ਪਾਓ, ਭੂਤ ਨਾਲ ਥਾਲ ਦੇ ਚੱਲ ਪੈਂਦੇ ਨੇ ਤੇ ਜਦੋਂ ਪ੍ਰਸ਼ਾਦਾ ਵਾਹਿਗੁਰੂ ਦਾ ਨਾਮ ਲਏ ਤੋਂ ਬਗੈਰ ਕੋਈ ਛਕਦਾ ਹੈ, ਉਹ ਭੂਤ ਵੀ ਨਾਲ ਬੈਠ ਕੇ ਰੋਟੀਆਂ ਖਾਂਦੇ ਨੇ। ਸੋ ਇਹ ਖਿਆਲ ਸੀ ਪਹਿਲਾਂ। ਉਹਦੇ ਵਾਸਤੇ ਕੋਈ ਪਾਠ ਕੀਤੇ ਜਾਂਦੇ ਸੀ, ਚੌਂਕਾ ਬਣਾਇਆ ਜਾਂਦਾ ਸੀ। ਫੇਰ ਦਾ ਅਧਿਕਾਰ ਇਕ ਬ੍ਰਾਹਮਣ ਨੂੰ ਹੋਇਆ ਕਰਦਾ ਸੀ, ਇਕ ਖੱਤਰੀ ਨੂੰ ਹੋਇਆ ਕਰਦਾ ਸੀ। ਬਾਕੀ ਵੈਸ਼ਨੂੰ ਨੂੰ ਤੇ ਸ਼ੂਦਰ ਨੂੰ ਕੋਈ ਅਧਿਕਾਰ ਨਹੀਂ ਸੀ, ਸ਼ੂਦਰ ਨੂੰ ਤਾਂ ਮਨੁੱਖ ਨਹੀਂ ਸੀ ਗਿਣਿਆ ਜਾਂਦਾ। ਸ਼ੂਦਰ ਕਹਿੰਦੇ ਕੀਹਨੂੰ ਸੀ ਇਹਦੇ ਵਿਚ ਦੋ ਕਿਸਮ ਦੇ ਬੰਦੇ ਹੁੰਦੇ ਸੀ। ਸ਼ੂਦਰ ਦੀ ਪਰਿਭਾਸ਼ਾ ਸੀ ਜਿਹਨੂੰ ਰੋਟੀ ਕਮਾਉਣ ਵਾਸਤੇ ਮਿਹਨਤ ਕਰਨੀ ਪਵੇ ਤੇ ਉਹਨੂੰ ਪਸੀਨਾ ਆ ਜਾਵੇ, ਉਹ ਸ਼ੂਦਰ ਹੈ। ਉਨ੍ਹਾਂ ਦੀਆਂ ਜਾਤਾਂ ਬਣਾ ਦਿਤੀਆਂ ਫੇਰ ਗਿਣ ਕੇ। ਕਿ ਕੀਹਨੂੰ-ਕੀਹਨੂੰ ਪਸੀਨਾ ਆਉਂਦਾ ਹੈ ਉਨ੍ਹਾਂ ਵਿਚੋਂ ਦੋ ਸੀ, ਇਕ ਛੂਤ ਕਹਿੰਦੇ ਸੀ ਇਕ ਨੂੰ ਅਛੂਤ ਕਹਿੰਦੇ ਸੀ। ਅਛੂਤ ਜਿਹੜਾ ਸੀ ਉਹਦਾ ਕਹਿੰਦੇ ਸੀ ਪਰਛਾਵਾਂ ਵੀ ਨਾ ਲਵੋ, ਜਿਸ ਥਾਂ ਤੋਂ ਲੰਘ ਗਿਆ ਉਥੇ ਪੈਰ ਨਾ ਪਾਓ, ਜਿੰਨਾ ਚਿਰ ਉਹ ਪੈੜ ਕਾਇਮ ਹੈ। ਦੱਖਣ ਦੇ ਅੰਦਰ ਝਾਫੇ ਬੰਨ੍ਹੇ ਜਾਂਦੇ ਸੀ ਕਿ ਆਪਣੀ ਪੈੜ ਮਿਟੰਦੇ ਜਾਓ ਤਾਂ ਕਿ ਇਥੇ ਸਵਰਨ ਜਾਤੀਆਂ ਦੇ ਲੋਕਾਂ ਨੇ ਲੰਘਣਾ ਹੈ, ਕਿਤੇ ਤੁਹਾਡੀ ਪੈੜ ਦੇ ਉਤੇ ਪੈਰ ਨਾ ਰੱਖਣਾ ਪੈ ਜਾਏ।

ਬਹੁਤ ਜ਼ਿਆਦਾ ਮਨੁੱਖਤਾ ਵੰਡੀ ਹੋਈ ਸੀ। ਇਹ ਗੁਰੂ ਨਾਨਕ ਪਾਤਸ਼ਾਹ ਸੀ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਗੱਲ ਨੂੰ ਵੰਗਾਰਿਆ। ਉਸ ਵੇਲੇ ਭਾਈ ਲਾਲੋ ਨੇ ਬੇਨਤੀ ਕੀਤੀ ਕਿ -

***ਅੰਦਰ ਚਲ ਕਰਿ ਜੇਵੋਂ ਉੱਤਮ ਜਨਮ ਤੁਮਾਰਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਹੇ ਪਾਤਸ਼ਾਹ! ਤੇਰਾ ਜਨਮ ਤਾਂ ਉਤਮ ਹੈ ਤੇ ਤੁਸੀਂ ਅੰਦਰ ਚਲ ਕੇ ਪ੍ਰਸ਼ਾਦਾ ਛਕੋ। ਜੇ ਇਥੇ ਹੀ ਪ੍ਰਸ਼ਾਦਾ ਛਕਣਾ ਹੈ ਤਾਂ ਮੇਰੇ ਮਨ ਦਾ ਸੰਸਾ ਦੂਰ ਕਰੋ।

***ਜੇ ਇਹ ਠਾਂ ਮੰਗਵਾਵਹੁ ਸ੍ਵਾਮੀ! ਸੰਸੈ ਖੋਇ ਹਮਾਰਾ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕਿਉਂਕਿ ਉਤਮ ਜਾਤੀਆਂ ਵਾਲੀਆਂ ਚਉਕੇ ਦੇ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਕਰਦੇ ਨੇ ਤੇ ਤੁਸੀਂ ਉਤਮ ਜਾਤੀ ਨਾਲ ਸਬੰਧ ਰੱਖਦੇ ਹੋਏ ਜੇ ਬਿਨਾਂ ਚਉਕੇ ਤੋਂ ਪ੍ਰਸ਼ਾਦਾ ਛਕੋਂਗੇ ਤਾਂ ਮੇਰੇ ਮਨ ਵਿਚ ਜਿਹੜਾ ਸੰਸਾ ਪੈ ਗਿਆ ਇਹਨੂੰ ਦੂਰ ਕਰੋ।

ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਲਾਲੋਂ! -

***ਸ੍ਰੀ ਮੁਖ ਕਹਤਿ ਧਰਤਿ ਹੈ ਜਿਤਨੀ***
***ਤਿਤਨੋ ਚੌਂਕਾ ਜਾਂਨੋਂ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਜਿੰਨਾ ਧਰਤੀ ਹੈ ਨਾ, ਇਹ ਸਾਰੀ ਹੀ ਸਾਡੀ ਚਉਕਾ ਹੈ, ਕਿਉਂਕਿ ਇਨ੍ਹਾਂ ਚਉਕੇ ਬਣਾਉਣ ਵਾਲਿਆਂ ਨੂੰ ਇਕ ਗੱਲ ਸਮਝ 'ਚ ਨਹੀਂ ਆਈ।

***ਧਾਰਨਾ - ਸਾਰੀ ਧਰਤੀ ਪਵਿੱਤਰ ਹੋ ਜਾਵੇ,***
***ਜਿਥੇ ਬੈਠਣ ਪਿਆਰੇ ਰਾਮ ਦੇ।***

ਭਾਈ ਲਾਲੋ! ਜਿਥੇ ਤੱਕ ਧਰਤੀ ਹੈ, ਨਿੱਕਾ ਜਿਹਾ ਚਉਕਾ ਕਿਉਂ ਬਣਾਉਣਾ ਹੈ, ਸਾਰੀ ਧਰਤੀ ਚਉਕਾ ਹੈ।

***ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥***
*ਅੰਗ - ੧੦੨*

ਜਿਸ ਘਰ ਦੇ ਅੰਦਰ ਸੱਚੇ ਵਾਹਿਗੁਰੂ ਨੂੰ ਧਿਆਈਏ ਉਹ ਸੱਚ ਦਾ ਮੰਦਰ ਹੁੰਦਾ ਹੈ -

***ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥***
*ਅੰਗ - ੧੦੨*

ਉਹ ਹਿਰਦਾ ਸੁਹੇਲਾ ਹੈ ਜਿਹੜਾ ਹਰੀ ਦੇ ਗੁਣ ਗਾ ਕੇ ਬਜਦ 'ਚ ਆਉਂਦਾ।

***ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ***
***ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥ ੧ ॥***
***ਸਚੁ ਵਡਾਈ ਕੀਮ ਨ ਪਾਈ ॥***
***ਕੁਦਰਤਿ ਕਰਮੁ ਨ ਕਹਣਾ ਜਾਈ ॥***
***ਧਿਆਇ ਧਿਆਇ ਜੀਵਹਿ ਜਨ ਤੇਰੇ***
***ਸਚੁ ਸਬਦੁ ਮਨਿ ਮਾਣੋ ਜੀਉ ॥ ੨ ॥***
***ਸਚੁ ਸਾਲਾਹਣੁ ਵਡਭਾਗੀ ਪਾਈਐ ॥***
***ਗੁਰ ਪਰਸਾਦੀ ਹਰਿ ਗੁਣ ਗਾਈਐ ॥***
***ਰੰਗਿ ਰਤੇ ਤੇਰੈ ਤੁਧੁ ਭਾਵਹਿ***
***ਸਚੁ ਨਾਮੁ ਨੀਸਾਣੋ ਜੀਉ ॥ ੩ ॥***
***ਸਚੇ ਅੰਤੁ ਨ ਜਾਣੈ ਕੋਈ ॥***
***ਥਾਨਿ ਥਨੰਤਰਿ ਸਚਾ ਸੋਈ ॥***
***ਨਾਨਕ ਸਚੁ ਧਿਆਈਐ ਸਦ ਹੀ***
***ਅੰਤਰਜਾਮੀ ਜਾਣੋ ਜੀਉ ॥*** *ਅੰਗ - ੧੦੨*

ਉਹ ਥਾਨ ਪਵਿੱਤਰ ਹੈ, ਉਹ ਮਾਨ ਪਵਿੱਤਰ, ਉਹ ਸੁਣਨ ਵਾਲੇ ਪਵਿੱਤਰ ਨੇ, ਉਹ ਕਹਿਣ ਵਾਲੇ ਪਵਿੱਤਰ ਨੇ ਜਿਸ ਭਵਨ ਦੇ ਅੰਦਰ ਪ੍ਰਮੇਸ਼ਰ ਦਾ ਪਿਆਰਾ ਆ ਕੇ ਬੈਠ ਕੇ ਗਿਆ ਉਹ ਭਵਨ ਸਾਰਾ ਹੀ ਪਵਿੱਤਰ ਹੋ ਜਾਂਦਾ ਹੈ।

***ਸਚਾ ਚਉਕਾ ਸੁਰਤਿ ਕੀ ਕਾਰਾ ॥***
*ਅੰਗ - ੧੦੪੮*

ਸੱਚਾ ਚਉਕਾ ਜਿਹੜਾ ਹੈ ਸੁਰਤ ਪ੍ਰਮੇਸ਼ਰ ਦੇ ਨਾਲ ਜੁੜੀ ਹੋਈ ਜਿਹੜੀ ਹੈ, ਉਹ ਕਾਰ ਹੋਇਆ ਕਰਦੀ ਹੈ -

***ਹਰਿ ਨਾਮੁ ਭੋਜਨੁ ਸਚੁ ਆਧਾਰਾ ॥***
***ਸਦਾ ਤ੍ਰਿਪਤਿ ਪਵਿਤੁ ਹੈ ਪਾਵਨੁ***
***ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥***
*ਅੰਗ - ੧੦੪੮*

ਜਿਸ ਹਿਰਦੇ 'ਚ ਨਾਮ ਦਾ ਨਿਵਾਸ ਹੈ ਉਹ ਜਿੱਥੇ ਬੈਠ ਜਾਂਦਾ ਹੈ, ਉਹ ਹਵਾ ਵੀ ਪਵਿੱਤਰ ਹੋ ਜਾਂਦੀ ਹੈ, ਉਹ ਥਾਂ ਵੀ ਪਵਿੱਤਰ ਹੋ ਜਾਂਦਾ ਹੈ, ਉਹ ਘਰ ਵੀ ਪਵਿੱਤਰ ਹੋ ਜਾਂਦਾ ਹੈ। ਸੋ ਭਾਈ ਲਾਲੋ! ਇਹ ਸੱਚ ਦਾ ਚਉਕਾ ਹੈ, ਬਾਕੀ ਜਿਹੜੇ ਝੂਠੇ ਚਉਕੇ ਨੇ ਆਦਮੀ ਦੇ ਮਨ ਦੇ ਅੰਦਰ ਵਿਕਾਰ ਚੱਲ ਰਹੇ ਨੇ ਤੇ ਕਾਰਾਂ ਕੱਢੀ ਜਾਂਦਾ ਹੈ। ਕਹਿੰਦੇ, ਅੰਦਰ ਤਾਂ ਮਾੜੀਆਂ ਚੀਜ਼ਾਂ ਨੂੰ ਲੈ ਕੇ ਬੈਠ ਗਿਆ -

***ਕੁਬੁਧਿ ਡੂਮਣੀ ਕੁਦਇਆ ਕਸਾਇਣਿ***
***ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥***
*ਅੰਗ - ੯੧*

ਕਹਿੰਦੇ ਜਿਹਨੂੰ ਸ਼ੂਦਰ ਕਹਿੰਦੇ ਨੇ ਉਹਨੂੰ ਤਾਂ ਅੰਦਰ ਲਈਂ ਬੈਠਾ ਹੈ, ਕੁਬੁੱਧ ਜਿਹੜੀ ਹੈ ਇਹ ਡੂੰਮਣੀ ਹੈ, ਜਿਹੜੀ ਦਇਆ ਨਾ ਕਰਨੀ ਤੇ ਜ਼ੁਲਮ ਕਰਨਾ ਉਹ ਕਸਾਇਣ ਹੈ, ਜਿਹੜੀ ਨਿੰਦਿਆ ਕਰਨੀ ਹੈ ਉਹ ਚੂਹੜੀ ਹੈ, ਦੂਜੇ ਝਾੜੂ ਨਾਲ ਸਫਾਈ ਕਰਦੇ ਨੇ ਇਹ ਕਹਿੰਦੇ ਮੂੰਹ ਦੇ ਨਾਲ ਸਫਾਈ ਕਰਦਾ ਹੈ, ਅਉਗਣਾਂ ਦੀ। ਕ੍ਰੋਧ ਹੈ ਜਿਹੜਾ ਉਹ ਚੰਡਾਲ ਹੈ।

***ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥***
*ਅੰਗ - ੯੧*

ਫੇਰ ਕਾਰਾਂ ਕੱਢਣ ਨਾਲ ਕੀ ਹੁੰਦਾ ਹੈ।

***ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥***
*ਅੰਗ - ੯੧*

ਜਿਹੜਾ ਸੱਚ ਦਾ ਸੰਜਮ ਹੈ ਤੇ ਕਰਣੀ ਦੀ ਕਾਰ ਹੋਇਆ ਕਰਦੀ ਹੈ, ਜਿਹੜਾ ਇਸ਼ਨਾਨ ਕਰਨਾ ਹੈ ਉਹ ਪ੍ਰਮੇਸ਼ਰ ਦਾ ਨਾਮ ਜਪਣਾ ਹੋਇਆ ਕਰਦਾ ਹੈ।

***ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥***
*ਅੰਗ - ੯੧*

ਜਿਥੇ ਪਾਪ ਦਾ ਪਸਾਰਾ ਨਾ ਹੋਵੇ, ਪਾਖੰਡ ਨਾ ਹੋਵੇ ਉਹ ਥਾਂ ਉਤਮ ਹੋਇਆ ਕਰਦਾ ਹੈ। ਸੋ ਤੇਰਾ ਜੋ ਸੰਸਾ ਹੈ ਕਿ ਤੁਸੀਂ ਚਉਕੇ ਤੋਂ ਬਗੈਰ ਪ੍ਰਸ਼ਾਦਾ ਛਕਦੇ ਓਂ, ਉਤਮ ਜਾਤ ਨਾਲ ਸਬੰਧ ਰਖਦੇ ਓਂ। ਮਹਾਰਾਜ ਕਹਿਣ ਕਿ ਜਿਹੜੇ ਸੁੱਚੇ ਨੇ, ਸੁੱਚੇ ਭਾਈ ਲਾਲੋ! ਨਾਹੁੰਣ ਨਾਲ ਨਹੀਂ ਹੋਇਆ ਕਰਦੇ। ਸੁੱਚੇ ਹੁੰਦੇ ਨੇ ਜਿਹੜੇ ਸੱਚ ਨਾਲ ਰੱਤੇ ਹੋਏ ਨੇ, ਉਹ ਸੁੱਚੇ ਹੋਇਆ ਕਰਦੇ ਨੇ ਤੂੰ ਆਪਣਾ ਭਰਮ ਮਿਟਾ ਦੇ -

***ਧਾਰਨਾ - ਸੁੱਚੇ ਤਾਂ ਓਹੀਓ ਨੇ ਸੱਚੇ ਨਾਲ ਰੱਤੇ ਜਿਹੜੇ।***

ਭਾਈ ਲਾਲੋ! ਇਹ ਜਿਹੜਾ ਤੇਰਾ ਸੰਸਾ ਹੈ ਨਾ ਸੁੱਚ ਤੇ ਜੂਠ ਦਾ। ਕਹਿੰਦੇ, ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨਾਮ ਵਿਚ ਰੱਤੇ ਹੋਏ ਨੇ, ਉਹ ਸਦਾ ਹੀ ਸੁੱਚੇ ਨੇ।

***ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥***
***ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥***
*ਅੰਗ - ੪੭੨*

ਜੇ ਮਨ ਵਿਚ ਨਹੀਂ ਵਸਿਆ ਜਿੰਨਾਂ ਜੀਅ ਕਰਦਾ ਨਹਾ ਲੈ ਸਰੀਰ ਤਾਂ ਕਦੇ ਸੁੱਚਾ ਹੋਇਆ ਹੀ ਨਹੀਂ ਅੱਜ ਤੱਕ।

ਇਕ ਵਾਰੀ ਇਕ ਪੰਡਤ ਨੂੰ ਇਕ ਸਾਧਾਰਣ ਬੰਦੇ, ਜੱਟ

ਨੇ ਪੁੱਛਿਆ ਕਿ ਪੰਡਤ ਜੀ! ਤੁਸੀਂ ਐਉਂ ਦੱਸੋ ਕਿ ਕਿਵੇਂ ਸੁੱਚਾ ਹੋ ਸਕਦਾ ਹੈ। ਉਹ ਕਹਿੰਦਾ, ਸਵਾ ਮਣ ਮਿੱਟੀ ਸੂਰ ਨੇ ਜਿੱਥੇ ਪੁੱਟੀ ਹੋਵੇ ਉਹ ਮਿੱਟੀ ਲੈ ਕੇ ਦੰਦਾਂ ਤੇ ਮਲ-ਮਲ ਕੇ ਕੁਰਲੀਆਂ ਕਰੇ। ਹੱਥਾਂ ਨੂੰ ਮਲੇ ਧੋ ਲਵੇ, ਫੇਰ ਧੋ ਲਵੇ ਐਨੀਆਂ ਕੁਰਲੀਆਂ ਕਰੇ ਫੇਰ ਉਹ ਬਿਲਕੁਲ ਸੁੱਚਾ ਹੋ ਜਾਂਦਾ ਹੈ। ਉਹ ਜਾ ਕੇ ਮਿੱਟੀ ਲੈ ਆਇਆ, ਤੋਲ ਕੇ ਮਿੱਟੀ ਦਿਖਾ ਦਿਤੀ ਕਿ ਐਨੀ ਮਿੱਟੀ ਹੋ ਜਾਵਾਂਗਾ ਨਾ ਸੁੱਚਾ? ਕਹਿੰਦਾ, ਹਾਂ।" ਕੁਰਲੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ ਉਹਨੇ। ਪੰਜ-ਛੇ ਘੰਟੇ ਕਰੀ ਗਿਆ ਖੂਹ ਚਲਦਾ ਸੀ ਸਾਰੀ ਮਿੱਟੀ ਮਲ-ਮਲ ਕੇ ਦੰਦਾਂ ਦੇ ਨਾਲ ਸੁੱਟ ਦਿਤੀ। ਉਸ ਤੋਂ ਬਾਅਦ ਫੇਰ ਪੰਡਤ ਜੀ ਆ ਗਏ। ਕਹਿੰਦਾ ਪੰਡਤ ਜੀ! ਬੱਸ ਆਹੀ ਰਹਿ ਗਈ ਆਖਰੀ। ਕਹਿੰਦਾ, ਵਾਹ ਬਈ ਵਾਹ ਆਹ ਤਾਂ ਬੜਾ ਵੱਡਾ ਕੰਮ ਕਰਿਆ ਤੂੰ, ਆਹ ਤਾਂ ਕਿਸੇ ਨੇ ਨਹੀਂ ਕਰਿਆ। ਉਸ ਵੇਲੇ ਉਹਨੇ ਆਖਰੀ ਕੁਰਲੀ ਕਰਕੇ ਫੇਰ ਮੂੰਹ ਵਿਚ ਪਾਣੀ ਪਾ ਲਿਆ, ਉਹ ਕੁਰਲੀ ਜਿਹੜੀ ਕਰੀ ਉਹ ਪੰਡਤ ਦੇ ਉਤੇ ਮਾਰੀ ਵਗਾਹ ਕੇ। ਪੰਡਤ ਕਹਿਣ ਲੱਗਿਆ, ਓ ਦੁਸ਼ਟਾ! ਤੂੰ ਮੈਨੂੰ ਭਿੱਟ ਦਿਤਾ। ਕਹਿੰਦਾ, ਪੰਡਤ ਜੀ! ਸਵਾ ਮਣ ਮਿੱਟੀ ਨਾਲ ਮੂੰਹ ਮਾਂਜ-ਮਾਂਜ ਕੇ, ਸਰੀਰ ਮਾਂਜ-ਮਾਂਜ ਕੇ, ਬਾਰ-ਬਾਰ ਧੋਤਾ ਹੈ ਮੈਂ ਅਜੇ ਵੀ ਸੁੱਚਾ ਨਹੀਂ ਹੋਇਆ?

ਮਹਾਰਾਜ ਕਹਿੰਦੇ ਨੇ ਕਦੇ ਸੁੱਚਾ ਹੁੰਦਾ ਹੈ ਸਰੀਰ? ਕਿੰਨਾ ਹੀ ਨਹਾ ਲਓ, ਧੋ ਲਓ ਮੂੰਹ ਨੂੰ ਹੱਥ ਲੱਗ ਜਾਏ ਫੇਰ ਜੂਠਾ। ਇਹ ਤਾਂ ਹੈ ਹੀ ਸਰੀਰ ਜੂਠਾ ਇਹ ਦੇ ਵਿਚ ਚੀਜ਼ ਹੈ ਕਿਹੜੀ? ਕਹਿੰਦੇ -

***ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥***
***ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥***

***ਅੰਗ - ੪੭੨***

***ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥***
***ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥***

***ਅੰਗ - ੧੯***

ਸੱਚ ਦੇ ਨਾਲ ਰੱਤੀ ਹੋਈ ਜਿਹੜੀ ਦੇਹੀ ਹੈ, ਜਿਹੜੀ ਜਿਹਬਾ ਸੱਚ ਸਿਫਤਿ ਸਾਲਾਹ ਕਰਦੀ ਹੈ।

***ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥***

***ਅੰਗ - ੧੯***

ਜਿਨ੍ਹਾਂ ਚਿਰ ਮਨ ਦੇ ਵਿਚੋਂ ਮੈਲ ਨਹੀਂ ਜਾਂਦੀ। ਕਹਿੰਦੇ, ਮਨ ਨੂੰ ਕਿਹੜਾ ਸੁੱਚਾ ਕਰ ਦਏਗਾ, ਨਾਹ-ਨਾਹ ਕੇ ਤੀਰਥਾਂ ਤੇ। ਉਹ ਤਾਂ ਕੌੜੀ ਤੂੰਬੀ ਕੌੜੀ ਹੀ ਰਹਿ ਜਾਂਦੀ ਹੈ। ਸੋ -

***ਮਨਿ ਮੈਲੈ ਸੂਚਾ ਕਿਉ ਹੋਇ ॥***
***ਸਾਚਿ ਮਿਲੈ ਪਾਵੈ ਪਤਿ ਸੋਇ ॥***

***ਅੰਗ - ੬੮੬***

ਵਾਹਿਗੁਰੂ ਵਸ ਜਾਵੇ, ਫੇਰ ਕਹਿੰਦੇ ਸੁੱਚਾ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਕਹਿਣ ਲੱਗੇ, ਭਾਈ ਲਾਲੋ! ਤੂੰ ਵਹਿਮ ਨਾ ਕਰ। ਜਾ ਲਿਆ, ਜਿੰਨੀ ਧਰਤੀ ਸਾਰੀ ਸਾਡੀ ਚਉਕਾ ਤੇ ਜਿਹੜੇ ਸੱਚ ਦੇ ਨਾਲ ਰੱਤੇ ਹੋਏ ਨੇ ਉਹ ਸੁੱਚੇ ਨੇ ਤੂੰ ਆਪਣੇ ਮਰਮ ਦਾ ਤੂੰ ਭ੍ਰਮਣ ਕਰ। ਉਸ ਵੇਲੇ ਬੜੇ ਚਾਅ ਦੇ ਨਾਲ ਗਿਆ ਤੇ ਅੰਦਰੋਂ ਪ੍ਰਸ਼ਾਦੇ ਲਿਆਇਆ। ਪੌਣੇ 'ਚ ਬੰਨ੍ਹੇ ਹੋਏ, ਬਰਤਨ ਕੋਈ ਨਹੀਂ ਹੈ ਕੋਲ ਤੇ ਹੱਥਾਂ ਤੇ ਰੱਖ ਦਿਤੇ। ਬਾਜਰੇ ਦੀ ਰੋਟੀ ਚੋਪੜੀ ਹੋਈ ਨਹੀਂ ਹੈ, ਅਣਚੋਪੜੀ ਹੋਈ ਹੈ ਤੇ ਉਹਦੇ ਉਤੇ ਸਾਗ ਪਾ ਦਿਤਾ, ਪਿੰਨੀ। ਭੁਰਜੀ ਬਣਾ ਕੇ। ਮਰਦਾਨੇ ਨੇ ਜਦੋਂ ਉਹ ਪ੍ਰਸ਼ਾਦਾ ਫੜਿਆ, ਮਹਾਰਾਜ ਵਲ ਦੇਖਣ ਲਗ ਗਿਆ, ਅੰਦਰ ਕੀ ਗੱਲ ਕੀ ਆਈ ਤੇ ਫੇਰ ਜੇ ਜਗਤ ਤਾਂ ਉਧਾਰ ਕਰਨ, ਪਹਿਲੇ ਦਿਨ ਹੀ ਰੋਟੀ ਇਹੋ ਜਿਹੀ ਮਿਲੀ ਹੈ ਤੇ ਕਹਿੰਦੇ ਬੋਹਣੀ ਹੀ ਐਹੋ ਜਿਹੀ ਹੋਈ ਹੈ ਅੱਗੇ ਖਬਰੇ ਕੀ ਹਾਲ ਹੋਏਗਾ। ਮਨ ਵਿਚ ਗਿਣਤੀ ਗਿਣ ਲਈ। ਮਹਾਰਾਜ ਨੇ ਉਸੇ ਵੇਲੇ ਦੇਖਿਆ, ਕਹਿੰਦੇ, ਮਰਦਾਨਿਆ! ਕੀ ਗਿਣਤੀ ਗਿਣਦਾ ਹੈਂ? ਹੱਥ ਨਾਲ ਇਸ਼ਾਰਾ ਕਰਕੇ ਕਹਿੰਦਾ ਹੈ ਕਿ ਲੰਘੇਗੀ ਕਿਵੇਂ? ਬਾਜਰੇ ਦੀ ਰੋਟੀ ਹੈ ਨਾ ਚੋਪੜੀ ਹੋਈ ਹੈ, ਉਤੇ ਇਕ ਸੁੱਕੀ ਪਿੰਨੀ ਧਰੀ ਹੋਈ ਹੈ। ਮਹਾਰਾਜ ਕਹਿੰਦੇ, ਮਰਦਾਨਿਆ! ਤੂੰ ਅਜੇ ਤੱਕ ਓਸ ਕਿਰਤ ਦਾ ਪ੍ਰਸ਼ਾਦਾ ਨਹੀਂ ਛਕਿਆ ਜਿਹੜਾ ਕਿਰਤੀ ਅੰਦਰੋਂ ਪ੍ਰਮੇਸ਼ਰ ਦੇ ਨਾਲ ਜੁੜਿਆ ਹੋਇਆ। ਵਾਹਿਗੁਰੂ-ਵਾਹਿਗੁਰੂ ਕਰਦਾ ਹੈ ਤੇ ਬਾਹਰੋਂ ਕਿਰਤ ਕਰਦਾ ਹੈ, ਉਹ ਜਦੋਂ ਸੁੱਚੇ ਅੰਨ ਦਾ ਪ੍ਰਸ਼ਾਦਾ ਛਕਾਂਦਾ ਹੈ ਮਰਦਾਨਿਆ! ਉਹਦੇ ਵਿਚ ਛੱਤੀ ਪ੍ਰਕਾਰ ਦੇ ਭੋਜਨ ਕੀ ਉਹਦੇ ਵਿਚ ਤਾਂ ਐਨਾ ਸੁਆਦ ਹੁੰਦਾ ਹੈ, ਜਿਹੜੇ ਅੰਮ੍ਰਿਤ ਨੂੰ ਸੁਣਦੇ ਹਾਂ ਅਸੀਂ ਓਸ ਅੰਮ੍ਰਿਤ ਦਾ ਸੁਆਦ ਇਹਦੇ ਵਿਚ ਹੁੰਦਾ ਹੈ। ਤੂੰ ਬੁਰਕੀ ਤਾਂ ਮੂੰਹ ਵਿਚ ਪਾ।

ਲਾਲੋ ਨੇ ਗੱਲ ਸੁਣ ਲਈ ਸਾਰੀ ਤੇ ਮਨ ਦਾ ਜਿਹੜਾ ਭਰਮ ਸੀ ਹਟ ਗਿਆ ਕਿ ਮੈਂ ਰੁਖੀਆਂ ਰੋਟੀਆਂ ਦੇ ਦਿਤੀਆਂ, ਮੈਂ ਗਰੀਬ ਬੰਦਾ ਹਾਂ ਤੇ ਪੈਸੇ ਭਰ ਚੋਪੜ ਜਿੰਨੇ ਵੀ ਨਹੀਂ ਦੇ ਸਕਿਆ। ਘਿਉ ਵੀ ਵਿਚ ਨਹੀਂ ਪਾ ਸਕਿਆ ਤੇ ਇਹ ਧੰਨ ਹੈ ਗੁਰੂ ਨਾਨਕ ਤੇ ਮੈਂ ਕਿਵੇਂ ਇਨ੍ਹਾਂ ਦਾ ਉਪਕਾਰ ਕਰਾਂ। ਇਹ ਤਾਂ ਇਹਨੂੰ ਅੰਮ੍ਰਿਤ ਕਹਿੰਦੇ ਨੇ ਕਿ ਇਹਦੇ ਵਿਚ ਅੰਮ੍ਰਿਤ ਹੈ। ਜਦੋਂ ਮਰਦਾਨੇ ਨੇ ਮੂੰਹ ਵਿਚ ਬੁਰਕੀ ਪਾਈ, ਉਸ ਵੇਲੇ ਮਹਾਰਾਜ ਦੇਖੇ ਉਹਦੇ ਵਲ। ਉਸ ਵੇਲੇ ਇਸ਼ਾਰਾ ਕਰਿਆ ਕਿ ਹੁਣ ਸੁਣਾ ਮਰਦਾਨਿਆ! ਸਿਰ ਹਿਲਾਉਂਦਾ ਹੈ, ਕਹਿੰਦਾ ਪਾਤਸ਼ਾਹ! ਸੁਣਦੇ ਸੀ ਅੰਮ੍ਰਿਤ, ਲੇਕਿਨ ਕਦੇ ਦੇਖਿਆ ਨਹੀਂ ਸੀ। ਅੱਜ ਮੈਂ ਸੁਆਦ ਦੇਖਿਆ ਹੈ, ਇਹ ਕਾਹਦਾ ਸੁਆਦ ਆ ਰਿਹਾ ਹੈ। ਐਸੀ ਚੀਜ਼ ਤਾਂ ਮੈਂ ਜ਼ਿੰਦਗੀ ਭਰ 'ਚ ਕਦੇ ਵੀ ਨਹੀਂ ਖਾਧੀ ਤੇ ਐਸਾ ਲਿਖਿਆ ਹੈ ਕਿ -

***ਸੁਨਯੋ ਸੁਧਾ ਪਸ਼ਯੰਤ ਨ ਕਬਹੂੰ ਸਾਦ ਬਨਯੋ ਹੈ ਸੋਊ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਅੱਜ ਤੱਕ ਜੋ ਵੀ ਮੈਂ ਖਾਧਾ ਸੀ ਉਨ੍ਹਾਂ ਸਾਰਿਆਂ ਤੋਂ ਸੁਆਦ ਜੇ ਕੋਈ ਹੈ ਆਹ ਕੋਧਰੇ ਦੀ ਰੋਟੀ ਵਿਚ ਹੈ।

***ਅੰਤਰਜਾਮੀ ਜਾਨਹੁ ਤੁਮ ਸਭਿ ਵਰਤਹਿ ਉਰ ਮਹਿਂ ਜੋਊ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਮੇਰੇ ਹਿਰਦੇ 'ਚ ਜਿਹੜੀਆਂ ਗੱਲਾਂ ਚੱਲ ਰਹੀਆਂ ਨੇ ਪਾਤਸ਼ਾਹ! ਉਹ ਤੂੰ ਸਾਰੀਆਂ ਜਾਣਦਾ ਹੈ। ਉਸ ਵੇਲੇ ਪ੍ਰਸ਼ਾਦਾ ਛਕ ਕੇ ਮਹਾਰਾਜ! ਕਹਿਣ ਲੱਗੇ, ਭਾਈ ਲਾਲੋ! ਐਉਂ ਤਾਂ

ਦੱਸ ਤੂੰ ਇਹਦੇ ਵਿਚ ਕਿਹੜਾ ਸੁਆਦ ਪਾ ਦਿਤਾ? ਐਨਾ ਸੁਆਦ? ਭਾਈ ਲਾਲੋ ਦੀ ਸੁਰਤ ਪੰਜ ਹਜ਼ਾਰ ਸਾਲ ਪਹਿਲਾਂ ਪਿੱਛੇ ਚਲੀ ਗਈ। ਸਾਮ੍ਹਣੇ ਆ ਗਿਆ ਦ੍ਰਿਸ਼। ਕ੍ਰਿਸ਼ਨ ਮਹਾਰਾਜ ਬੈਠੇ ਨੇ, ਅਲੂਣਾ ਸਾਗ ਛਕ ਰਹੇ ਨੇ ਤੇ ਨਾਲ ਤਾਰੀਫ ਕਰ ਰਹੇ ਨੇ, ਕੇਲੇ ਦੇ ਰਹੀ ਹੈ ਬੀਬੀ, ਗੁੱਦਾ ਕੱਢ-ਕੱਢ ਸੁੱਟੀ ਜਾਂਦੀ ਹੈ, ਛਿੱਲੜ ਫੜਾਈ ਜਾਂਦੀ ਹੈ, ਕਹਿੰਦੇ ਐਨਾ ਸੁਆਦ-ਐਨਾ ਸੁਆਦ? ਕਹਿੰਦਾ ਇਹ ਤਾਂ ਓਹੀ ਸਮਾਂ ਬਣ ਗਿਆ -

***ਧਾਰਨਾ - ਤੇਰਾ ਬਿਰਦ ਹੈ ਗਰੀਬ ਨਿਵਾਜ,***
***ਆਦਿ ਜੁਗਾਦੋ ਮਾਲਕਾ।***

ਭਾਈ ਲਾਲੋ ਕਹਿਣ ਲੱਗਿਆ! ਮੈਂ ਤਾਂ ਕੋਈ ਪ੍ਰਸ਼ਾਦਾ ਚੰਗਾ ਨਹੀਂ ਬਣਾਇਆ। ਮੈਂ ਤਾਂ ਸੁੱਕੀ ਰੋਟੀ ਆਪ ਦੇ ਅੱਗੇ ਧਰ ਦਿਤੀ। ਲੇਕਿਨ ਤੇਰਾ ਬਿਰਧ ਹੈ -

***ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥***
***ਪੂਛਹੁ ਬਿਦਰ ਦਾਸੀ ਸੁਤੈ***
***ਕਿਸਨੁ ਉਤਰਿਆ ਘਰਿ ਜਿਸੁ ਜਾਇ ॥***
***ਅੰਗ - ੧੦੩੩***

ਜਿਹਦੇ ਘਰ ਵਿਚ ਕ੍ਰਿਸ਼ਨ ਜਾ ਕੇ ਉਤਰਿਆ, ਗਰੀਬ ਨਿਵਾਜ ਬਿਰਦ ਹੋਇਆ ਨਾ। ਇਕ ਪਾਸੇ ਦੁਰਯੋਧਨ ਹੈ, ਇਕ ਪਾਸੇ ਭੀਸ਼ਮ ਪਿਤਾਮਾ ਹੈ, ਦੁਰੋਣਾਚਾਰੀਆ ਹੈ, ਕਰਣ ਹੈ -

***ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਣੁਖਾ।***
***ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰ ਧੁਖਾ।***
***ਭਾਈ ਗੁਰਦਾਸ ਜੀ, ਵਾਰ 10/7***

ਝੁੱਗੀ 'ਚ ਬਹਿ ਗਿਆ ਜਾ ਕੇ, ਐਡੇ ਵੱਡੇ-ਵੱਡੇ ਬੰਦਿਆਂ ਨੂੰ ਛੱਡ ਕੇ। ਕਹਿੰਦੇ -

***ਪੂਛਹੁ ਬਿਦਰ ਦਾਸੀ ਸੁਤੈ***
***ਕਿਸਨੁ ਉਤਰਿਆ ਘਰਿ ਜਿਸੁ ਜਾਇ ॥ ੧ ॥***
***ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ***
***ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ ॥***
***ਅੰਗ - ੭੩੩***

ਸੁਣੋ ਅਕਥ ਕਥਾ ਵਾਹਿਗੁਰੂ ਦੀ।

***ਰਵਿਦਾਸੁ ਚਮਾਰੁ ਉਸਤਿਤ ਕਰੇ ਹ***
***ਰਿ ਕੀਰਤਿ ਨਿਮਖ ਇਕ ਗਾਇ ॥***
***ਪਤਿਤ ਜਾਤਿ ਉਤਮੁ ਭਇਆ***
***ਚਾਰਿ ਵਰਨ ਪਏ ਪਗਿ ਆਇ ॥ ਅੰਗ - ੭੩੩***

ਗਰੀਬ ਨਿਵਾਜ ਹੋਇਆ ਨਾ, ਪੰਡਤਾਂ ਨੂੰ ਨਿਵਾ ਦਿਤਾ ਉਹਦੇ ਚਰਨਾਂ ਤੇ।

***ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ***
***ਲੋਕੁ ਛੀਪਾ ਕਹੈ ਬੁਲਾਇ ॥ ਅੰਗ - ੭੩੩***

ਨਾਉਂ ਵੀ ਨਹੀਂ ਲੈਂਦੇ ਛੀਪਾ ਕਹਿੰਦੇ ਨੇ। ਜਾਤ ਦਾ ਨਾਉਂ ਲੈ ਕੇ ਹੀ ਬੁਲਾਉਂਦੇ ਸੀ।

***ਖਤ੍ਰੀ ਬ੍ਰਾਹਮਣ ਪਿਠਿ ਦੇ***
***ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥***
***ਅੰਗ - ੭੩੩***

ਦੇਹੁਰਾ ਫੇਰ ਦਿਤਾ। ਛਾਤੀ ਦੇ ਨਾਲ ਲਾ ਲਿਆ।

***ਜਿਤਨੇ ਭਗਤ ਹਰਿ ਸੇਵਕਾ***
***ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ ॥***
***ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ***
***ਜੇ ਕ੍ਰਿਪਾ ਕਰੇ ਹਰਿ ਰਾਇ ॥ ਅੰਗ - ੭੩੩***

ਪਾਤਸ਼ਾਹ! ਐਡੀ ਵੱਡੀ ਵਡਿਆਈ। ਤੂੰ ਤਾਂ ਗਰੀਬ ਨਿਵਾਜ ਹੈਂ ਆਦਿ ਤੇ ਜੁਗਾਦਿ ਦਾ। ਸ਼ੁਰੂ ਤੋਂ ਹੀ ਤੂੰ ਏਸ ਤਰ੍ਹਾਂ ਕਰਦਾ ਆਇਆ ਹੈਂ।

***ਧਾਰਨਾ - ਅਲੂਣਾ ਸਾਗ ਬਿਦਰ ਦਾ ਖਾ ਲਿਆ,***
***ਰਾਜਿਆਂ ਦੇ ਭੋਜਨ ਛੱਡ ਕੇ।***

ਪਾਤਸ਼ਾਹ! ਐਨੇ ਦੀਨ ਦਇਆਲ ਤੁਸੀਂ। ਇਕ ਬਾਜਰੇ ਦੀ ਰੋਟੀ, ਸੁੱਕੀ ਰੋਟੀ, ਅਨਚੋਪੜੀ ਰੋਟੀ ਤੇ ਉਹਦੇ ਵਿਚ ਬਗੈਰ ਘਿਉ ਤੋਂ ਬਣਾਈ ਹੋਈ ਸੁੱਕੀ ਭੁਰਜੀ। ਉਹਦੀ ਐਨੀ ਮਹਿਮਾ ਆਪ ਗਾਇਨ ਕਰ ਰਹੇ ਓਂ। ਕਹਿੰਦੇ ਨਾ ਭਾਈ ਲਾਲੋ! ਕਿਉਂ ਮਰਦਾਨਿਆਂ ਦੱਸ। ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਤੁਸੀਂ ਸਭ ਕੁਛ ਜਾਣਦੇ ਓਂ, ਐਸਾ ਪ੍ਰਸ਼ਾਦ ਨਾ ਕਦੇ ਡਿੱਠਾ ਤੇ ਨਾ ਕਦੇ ਖਾਧਾ ਹੈ। ਸੁਣਿਆ ਲਾਲੋ ਨੇ ਤੇ ਫੇਰ ਬੇਨਤੀ ਕੀਤੀ ਕਿ -

***ਭਾਜੀ ਲੀਨੀ ਬਿਦਰ ਕੀ ਦੁਰਜੋਧਨ ਤਜਿ ਰਾਜ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਰਾਜਿਆਂ ਨੂੰ ਛੱਡ ਦਿਤਾ। ਛੱਤੀ ਪ੍ਰਕਾਰ ਦੇ ਭੋਜਨ ਛੱਡ ਦਿਤੇ ਤੇ ਖਾਧਾ ਕੀ ਆ ਕੇ। ਅਲੂਣੀ ਭਾਜੀ ਬਿਦਰ ਦੀ ਖਾ ਰਹੇ ਨੇ।

***ਤੁਮਰੋ ਦੂਧੁ ਬਿਦਰ ਕੋ ਪਾਨੋ***
***ਅੰਮ੍ਰਿਤੁ ਕਰੁ ਮੈ ਮਾਨਿਆ ॥ ੧ ॥***
***ਖੀਰ ਸਮਾਨਿ ਸਾਗੁ ਮੈ ਪਾਇਆ***
***ਗੁਨ ਗਾਵਤ ਰੈਨਿ ਬਿਹਾਨੀ ॥ ਅੰਗ - ੧੧੦੫***

ਕਹਿ ਰਹੇ ਨੇ ਕਿ ਉਹਦਾ ਸਾਗ ਬਹੁਤ ਮਿੱਠਾ ਖੀਰ ਤੋਂ ਵੀ ਵਧੀਆ ਸੀਗਾ। ਬਿਦਰ ਦਾ ਪਾਣੀ ਵੀ ਮੈਨੂੰ ਤਾਂ ਅੰਮ੍ਰਿਤ ਕਰਕੇ ਲੱਗਿਆ।

ਪਾਤਸ਼ਾਹ! ਇਸੇ ਤਰ੍ਹਾਂ ਤੁਸੀਂ ਹੁਣ ਕਲਜੁਗ ਦੇ ਅੰਦਰ-

***ਭਾਜੀ ਲੀਨੀ ਬਿਦਰ ਕੀ ਦੁਰਜੋਧਨ ਤਜਿ ਰਾਜ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਜਦੋਂ ਤੁਹਾਡੇ ਕੋਲ ਗਿਆ ਸੀ ਨਾ ਸੁਦਾਮਾ। ਕੀ ਸੀਗਾ, ਸੁੱਕੇ ਚੌਲ ਸੀਗੇ ਤੇ ਤੁਸੀਂ ਆਪਣੇ ਹੱਥਾਂ ਨਾਲ ਖੋਲ੍ਹੇ। ਫੱਕੇ ਮਾਰਦੇ ਰਹੇ ਤੇ ਚਾਰ ਪਦਾਰਥ ਰਿੱਧੀਆਂ ਸਿੱਧੀਆਂ ਉਹਦੇ ਘਰ ਪਹੁੰਚਾ ਦਿਤੀਆਂ। ਇਕ ਬਚ ਗਿਆ ਸੀ ਉਹ ਫੜ ਲਿਆ ਰਾਧਾ ਨੇ ਕਿ ਸਾਡੇ ਜੋਗਾ ਵੀ ਕੁਛ ਰਹਿਣ ਦਿਓ। ਐਨਾ ਦਇਆਲ ਤੂੰ।

ਤੇਰਾ ਤਾਂ ਬਿਰਦ ਦੀ ਗਰੀਬਾਂ ਨੂੰ ਨਿਵਾਜਣਾ ਹੈ।

***ਜਾਤ ਭੀਲਨੀ ਨੀਚ ਕੇ ਜੂਠੇ ਲੀਨੇ ਬੇਰ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਦੰਦ ਦੇ ਨਾਲ ਸੁਆਦ ਦੇਖ ਕੇ ਕਿ ਮਿੱਠੇ ਨੇ ਕਿ ਖੱਟੇ ਨੇ, ਸ਼ਿਵਰੀ ਭੀਲਣੀ ਨੇ ਬੇਰ ਜਮ੍ਹਾਂ ਕੀਤੇ ਏਸ ਆਸ ਨਾਲ ਕਿ ਮੈਂ ਸ੍ਰੀ ਰਾਮ ਚੰਦਰ ਜੀ ਨੂੰ ਯਾਦ ਕਰਦੀ ਹਾਂ, ਉਹ ਜ਼ਰੂਰ ਮੇਰੇ ਘਰ ਚਰਨ ਪਾਉਣਗੇ। ਪਿਆਰ ਦੇ ਬੰਨ੍ਹੇ ਹੋਏ ਆਉਣਗੇ ਪੂਰਾ ਨਿਸ਼ਚਾ ਹੈ। ਸ੍ਰੀ ਰਾਮ ਚੰਦਰ ਜੀ ਚਲੇ ਜਾਂਦੇ ਨੇ, ਲੱਛਮਣ ਚਲਿਆ ਜਾਂਦਾ ਹੈ। ਉਸ ਵੇਲੇ ਬੇਰ ਲਿਆ ਕੇ ਦਿੰਦੀ ਹੈ। ਬੁੱਕ ਵਿਚ। ਕੋਈ ਪਲੇਟ ਨਹੀਂ ਉਹਦੇ ਕੋਲ। ਕੋਈ ਮਰਿਆਦਾ ਨਹੀਂ ਕਰੀ ਹੈ, ਕੋਈ ਹੱਥ ਨਹੀਂ ਧੁਆਏ। ਬੇਰ ਲਿਆ ਕੇ ਦੇ ਦਿਤੇ। ਪਾਤਸ਼ਾਹ! ਆਹ ਭੇਟਾ ਹੈ। ਆਪ ਛਕਦੇ ਨੇ, ਲੱਛਮਣ ਨੇ ਦੇਖ ਲਿਆ ਕਿ ਹਰੇਕ ਬੇਰ ਦੇ ਉਤੇ ਦੰਦ ਲੱਗਿਆ ਹੋਇਆ ਹੈ, ਇਹ ਤਾਂ ਜੂਠੇ ਬੇਰ ਨੇ। ਐਨਾ ਫੁਰਨਾ ਆਉਂਦੇ ਹੀ ਰਾਮ ਚੰਦਰ ਜੀ ਨੇ ਥੋੜ੍ਹੇ ਜਿਹੇ ਬੇਰ ਉਹਨੂੰ ਦੇ ਦਿਤੇ। ਐਸਾ ਕਹਿੰਦੇ ਨੇ ਉਹਨੇ ਖਾਧੇ ਨਹੀਂ ਪਿੱਠ ਪਿਛੇ ਦੂਰ ਸੁੱਟ ਦਿਤੇ। ਤੇ ਇਧਰਲੇ ਪਾਸੇ ਇਹ ਬੇਰ ਛਕਦੇ ਨੇ। ਜਦੋਂ ਪੁੱਛਿਆ ਸ੍ਰੀ ਰਾਮ ਚੰਦਰ ਜੀ ਨੂੰ ਕਿ ਤੁਸੀਂ ਬੇਰ ਖਾ ਲਏ ਭੀਲਣੀ ਦੇ। ਉਹ ਕਹਿੰਦੇ ਜਿਥੇ ਪ੍ਰੇਮ ਹੁੰਦਾ ਹੈ ਉਥੇ ਕੋਈ ਨੇਮ ਨਹੀਂ ਹੋਇਆ ਕਰਦਾ। ਸਭ ਨੇਮ, ਸਾਰੀਆਂ ਚੀਜ਼ਾਂ ਟੁੱਟ ਜਾਂਦੀਆਂ ਨੇ। ਇਕੱਲਾ ਪ੍ਰੇਮ ਰਹਿ ਜਾਂਦਾ ਹੈ, ਪ੍ਰੇਮ ਦੇ ਵਿਚ ਨਾ ਕੋਈ ਜਾਤ ਹੈ ਨਾ ਕੋਈ ਨੇਮ ਹੈ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਭਾਈ ਲਾਲੋ ਨੇ ਬੇਨਤੀ ਕੀਤੀ, ਨਾਲ ਦੀ ਨਾਲ ਝੁਕ ਗਿਆ, ਚਰਨਾਂ ਤੇ ਮਸਤਕ ਰੱਖ ਲਿਆ। ਨੇਤਰਾਂ 'ਚੋਂ ਜਲ ਜਾਂਦਾ ਹੈ। ਮਹਾਰਾਜ ਕਹਿੰਦੇ, ਉਠ ਭਾਈ ਲਾਲੋ! ਚਰਨ ਨਹੀਂ ਛੱਡ ਰਿਹਾ, ਪਾਤਸ਼ਾਹ! ਮੇਰੇ ਗਰੀਬ ਦੇ ਘਰ ਤੁਸੀਂ ਆ ਗਏ ਅੱਜ। ਸੱਚੇ ਦਿਲੋਂ ਕਹਿ ਰਿਹਾ ਹੈ। ਕੋਈ ਅੱਖਰ ਨਹੀਂ ਵਰਤ ਰਿਹਾ। ਅਸੀਂ ਤਾਂ ਕਈ ਅੱਖਰ ਵਰਤ ਲਵਾਂਗੇ। ਅੰਦਰੋਂ ਕੋਈ ਬਚਨ ਨਹੀਂ ਮੰਨਦੇ, ਕੇਵਲ ਉਸ ਵੇਲੇ ਗੱਲ ਕਰਨ ਵੇਲੇ ਗੱਲ ਕਹਿ ਦਿੰਦੇ ਹਾਂ।

ਉਸ ਵੇਲੇ ਗੁਰੂ ਮਹਾਰਾਜ ਨੇ ਕ੍ਰਿਪਾ ਕੀਤੀ, ਦੋਵੇਂ ਹੱਥਾਂ ਦੇ ਨਾਲ ਸੀਸ ਫੜ ਲਿਆ ਤੇ ਭਾਈ ਲਾਲੋ ਦਾ ਮਸਤਕ ਉਤੇ ਚੁੱਕਿਆ। ਸੀਸ ਦੇ ਉਤੇ ਦੋਵੇਂ ਹੱਥ ਰੱਖ ਦਿਤੇ, ਹੱਥ ਰੱਖਣ ਦੀ ਦੇਰ ਸੀ ਜਿਹੜੀ ਰੁਕਾਵਟ ਸੀ ਭਗਤੀ ਦੇ ਅੰਦਰ, ਉਹ ਕਪਾਟ ਜਿਹੜੇ ਜੁੜੇ ਹੋਏ ਸੀ ਉਹ ਖੋਲ੍ਹ ਦਿਤੇ–

***ਧਾਰਨਾ – ਗੁਰਾਂ ਖੋਲ੍ਹ ਦਿਤੇ ਬਜਰ ਕਪਾਟ,***
***ਸੋਝੀ ਹੋ ਗਈ ਤਿੰਨਾਂ ਲੋਕਾਂ ਦੀ।***

ਹੱਥ ਨਾਲ ਛੂੰਹਦੇ ਸਾਰ, ਦੀਵਾ ਸੀਗਾ ਤੇਲ ਸੀਗਾ, ਬੱਤੀ ਸੀਗੀ ਕੇਵਲ ਇੰਨਾ ਸੀ ਕਿ ਜਲਦੇ ਦੀਵੇ ਦੇ ਨਾਲ ਲਾਉਣ ਦੀ ਦੇਰ ਸੀ। ਉਸੇ ਵੇਲੇ ਲਟ-ਲਟ ਕਰਕੇ ਦੀਵਾ ਜਲ ਪਿਆ। ਕਿਉਂਕਿ ਪੂਰਾ ਸਤਿਗੁਰੂ ਜੋ ਹੁੰਦਾ ਹੈ ਉਸਦੀ ਨਿਸ਼ਾਨੀ ਹੋਇਆ ਕਰਦੀ ਹੈ –

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ – ੧੨੯੧***

ਆਹ ਘਰ ਦੇ ਵਿਚ, ਜਿਹੜਾ ਵਾਹਿਗੁਰੂ ਦਾ ਘਰ ਹੈ ਬਜਰ ਕਪਾਟ ਖੋਲ੍ਹ ਕੇ ਦਿਖਾ ਦੇਵੇ, ਕਹਿੰਦੇ ਉਹ ਪੂਰਾ ਸਤਿਗੁਰੂ ਹੋਇਆ ਕਰਦਾ ਹੈ।

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ ॥ ਅੰਗ – ੧੨੯੧***

ਪੰਜ ਸ਼ਬਦਾਂ ਦੀ ਧੁਨਕਾਰ ਹੋ ਰਹੀ ਹੈ, ਨਿਸ਼ਾਨੀ ਹੈ ਉਥੇ।

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਅੰਗ – ੧੨੯੧***

ਬੇਅੰਤ ਕਿਸਮ ਦੇ ਰਾਗ ਹੁੰਦੇ ਨੇ।

***ਸੋ ਦਰ ਕੇਹਾ ਸੋ ਘਰ ਕੇਹਾ ਜਿਤ ਬਹਿ ਸਰਬ ਸਮਾਲੇ।***

ਮਹਾਰਾਜ ਦਸਦੇ ਨੇ ਕਿ ਸਾਰੇ ਗਾ ਰਹੇ ਨੇ ਉਥੇ। ਵਾਹਿਗੁਰੂ ਦੇ ਦਰ ਤੇ ਰਾਗ ਹੋ ਰਿਹਾ ਹੈ, ਕੀਰਤਨ ਹੋ ਰਿਹਾ ਹੈ ਹਰ ਵਕਤ। ਕੀਰਤਨ ਦੇ ਅਧਾਰ ਤੇ ਭਗਤ ਜਨ ਰਹਿੰਦੇ ਨੇ ਉਥੇ। ਨਾਮ ਦਾ ਆਧਾਰ, ਕੀਰਤਨ ਦਾ ਅਧਾਰ ਹੈ ਉਥੇ। ਅਖਾੜੇ ਲਗਦੇ ਨੇ ਕੀਰਤਨ ਦੇ ਪ੍ਰਮੇਸ਼ਰ ਦੀ ਦਰਗਾਹ ਦੇ ਵਿਚ। ਕਿੰਨਾ ਅਨੰਦ ਹੁੰਦਾ ਹੋਣਾ। ਸੋ ਕੀਰਤਨ ਦਿਖਾ ਦਿੰਦੇ ਨੇ ਤੇ ਵਾਹਿਗੁਰੂ ਦੇ ਦਰਸ਼ਨ ਹੋ ਜਾਂਦੇ ਨੇ।

***ਸੁਖਮਨ ਕੈ ਘਰਿ ਰਾਗੁ ਸੁਨਿ***
***ਸੁੰਨਿ ਮੰਡਲਿ ਲਿਵ ਲਾਇ ॥ ਅੰਗ – ੧੨੯੧***

ਦਸਵੇਂ ਦੁਆਰ ਦੇ ਵਿਚ ਲਿਵ ਲਾ ਕੇ ਅਫੁਰ ਅਵਸਥਾ 'ਚ ਪਹੁੰਚ ਕੇ ਇਹ ਰਾਗ ਪ੍ਰਭੂ ਦੇ ਦਰ ਤੇ ਹੁੰਦਾ ਸੁਣਦਾ ਹੈ।

***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥***
***ਅੰਗ – ੧੨੯੧***

ਤੇ ਜਦੋਂ ਕਥਾ ਨਾ ਕਹਿਣ ਵਾਲੀ ਵਿਚਾਰੀ ਜਾਏਗੀ ਉਸ ਵੇਲੇ ਸਾਰੀਆਂ ਵਾਸ਼ਨਾਵਾਂ ਖਤਮ ਹੋ ਕੇ ਮਨ ਵਿਚ ਹੀ ਸਮਾਅ ਜਾਣਗੀਆਂ।

***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ ॥ ਅੰਗ – ੧੨੯੧***

ਕਮਲ ਜਿਹੜਾ ਮੂਧਾ ਹੋਇਆ ਪਿਆ ਸੀ ਸਿੱਧਾ ਹੋ ਗਿਆ। ਉਹਦੇ ਵਿਚ ਅੰਮ੍ਰਿਤ ਭਰ ਗਿਆ ਤੇ ਮਨ ਹੁਣ ਦੌੜਦਾ ਨਹੀਂ।

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***
***ਅੰਗ – ੧੨੯੧***

ਹੁਣ ਬਿਨਾਂ ਜੀਭ ਤੋਂ ਜਾਪ ਹੋ ਰਿਹਾ ਹੈ। ਅੱਖਾਂ ਖੁਲ੍ਹੀਆਂ ਨਾਲ ਅੱਖਾਂ ਜਾਪ ਕਰ ਰਹੀਆਂ ਨੇ, ਕੰਨ ਸੁਣ-ਸੁਣ ਕੇ ਜਾਪ ਕਰ ਰਹੇ ਨੇ।

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥***
***ਅੰਗ – ੧੨੬੫***

ਅਜਪਾ ਜਾਪ ਹਰ ਵਕਤ ਵਿਸਰਦਾ ਨਹੀਂ ਤੇ ਆਦਿ ਜੁਗਾਦਿ ਵਾਹਿਗੁਰੂ ਦੇ ਵਿਚ ਸਮਾਅ ਜਾਂਦਾ ਹੈ।

*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥*

*ਅੰਗ - ੧੨੯੧*

ਪੰਜੇ ਗਿਆਨ ਇੰਦਰੇ, ਪੰਜੇ ਕਰਮ ਇੰਦਰੇ ਤੇ ਤਤਿਸ਼ਠਾ, ਅੰਤਸ਼ਕਰਣ, ਜੀਵ ਆਤਮਾ ਇਹ ਆਤਮਾ ਦੇ ਵਿਚ ਲੀਨ ਹੋ ਜਾਂਦੇ ਤੇ ਨਿੱਜ ਘਰ ਵਿਚ ਵਾਸ ਹੋ ਗਿਆ।

*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ ॥* *ਅੰਗ - ੧੨੯੧*

ਸ਼ਬਦ ਨੂੰ ਖੋਜਣ ਨਾਲ ਇਹ ਘਰ ਪ੍ਰਾਪਤ ਹੁੰਦਾ ਹੈ, ਮਹਾਰਾਜ ਕਹਿੰਦੇ ਅਸੀਂ ਦਾਸ ਹਾਂ ਉਹਦੇ ਜਿਹੜਾ ਇਸ ਘਰ ਨੂੰ ਪ੍ਰਾਪਤ ਕਰਦਾ ਹੈ। ਸੋ ਗੁਰੂ ਨਾਨਕ ਨੇ ਇਹ ਘਰ ਦਿਖਾ ਦਿਤਾ।

***ਊਪਰ ਸੀਸ ਉਠਾਵਹਿ ਨਾ,***
***ਜਬ ਸ੍ਰੀ ਗੁਰੁ ਹਾਥ ਧਰਾ ਸਿਰ ਤਾਂਹੀ।***
***ਛੂਵਤਿ ਹਾਥ ਕਪਾਟ ਖੁਲੇ***
***ਤਿਹੁੰ ਲੋਕਨ ਕੀ ਸੁਧਿ ਭੀ ਮਨ ਮਾਂਹੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਹੱਥ ਰਖਦੇ ਸਾਰ ਕਪਾਟ ਖੁਲ੍ਹ ਗਏ। ਉਸ ਵੇਲੇ ਜੋ ਹਾਲਤ ਭਾਈ ਲਾਲੋ ਦੀ ਹੋਈ ਉਹ ਕੋਈ ਕਹਿ ਨਹੀਂ ਸਕਦਾ, ਦੱਸ ਨਹੀਂ ਸਕਦਾ।

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ ॥* *ਅੰਗ - ੩੩੪*

ਸੋ ਇਸ ਤਰ੍ਹਾਂ ਮਹਾਰਾਜ ਜਦੋਂ ਦੋ ਦਿਨ ਲੰਘ ਗਏ, ਤੀਸਰਾ ਦਿਨ ਆ ਗਿਆ ਉਸ ਵੇਲੇ ਮਰਦਾਨਾ ਉਦਾਸ ਹੋਇਆ ਮਹਾਰਾਜ ਜੀ ਦੇ ਕੋਲ ਆਉਂਦਾ ਹੈ ਰੋਜ਼। ਮਹਾਰਾਜ ਕਹਿੰਦੇ, ਮਰਦਾਨਿਆ! ਤੂੰ ਉਦਾਸ ਕਿਉਂ ਰਹਿੰਦਾ ਹੈਂ। ਦੇਖ ਆਪਾਂ ਕਿੱਡੇ ਵੱਡੇ ਭਗਤ ਦੇ ਘਰ ਆਏ ਹਾਂ ਤੇ ਤੇਰੇ ਮਨ ਵਿਚ ਖੁਸ਼ੀ ਚਾਹੀਦੀ ਹੈ। ਤੂੰ ਉਦਾਸੀ ਕਿਉਂ ਧਾਰਦਾ ਹੈਂ। ਕਹਿਣ ਲੱਗਿਆ ਪਾਤਸ਼ਾਹ! ਮੈਂ ਤੈਨੂੰ ਪਿਆਰ ਕਰਦਾ ਹਾਂ, ਤੇਰੇ ਚਰਨਾਂ ਦੇ ਸਦਕੇ, ਤੇਰੀ ਚਰਨ ਧੂੜ ਨੂੰ ਪਿਆਰ ਕਰਦਾ ਹਾਂ, ਪਾਤਸ਼ਾਹ! ਜਦੋਂ ਤੇਰੇ ਬਾਰੇ ਕੋਈ ਗੱਲ ਕਹਿੰਦਾ ਹੈ, ਤਾਂ ਮੈਂ ਸਹਿ ਨਹੀਂ ਸਕਦਾ। ਮੈਨੂੰ ਔਖਾ ਹੋ ਜਾਂਦਾ ਹੈ, ਮੇਰਾ ਜੀਉਣਾ ਨਹੀਂ ਰਹਿੰਦਾ ਮੇਰਾ ਮਰਨਾ ਹੋ ਜਾਂਦਾ ਹੈ। ਕਹਿੰਦੇ ਗੱਲ ਕੀ ਹੈ? ਕਹਿੰਦੇ, ਮਹਾਰਾਜ! ਜਦੋਂ ਮੈਂ ਬਾਹਰ ਜਾਂਦਾ ਹਾਂ, ਤਾਂ ਸਾਰੇ ਲੋਕ ਮੇਰੇ ਵਲ ਉਂਗਲੀਆਂ ਕਰਦੇ ਨੇ ਤੇ ਆਪ ਨੂੰ ਕੁਰਾਹੀਆ ਕਹਿੰਦੇ ਨੇ, ਇਕ ਡੂੰਮ ਨਾਲ ਰੱਖਿਆ ਹੋਇਆ ਹੈ ਖੱਤਰੀ ਹੋ ਕੇ, ਤੇ ਇਕ ਸ਼ੂਦਰ ਦੇ ਘਰ ਬੈਠਾ ਰੋਟੀ ਖਾਂਦਾ ਹੈ ਤੇ ਮੇਰੇ ਤੋਂ ਸਹਿਆ ਨਹੀਂ ਜਾਂਦਾ ਪਾਤਸ਼ਾਹ।

ਮਹਾਰਾਜ ਕਹਿੰਦੇ ਸੰਸਾਰ ਦੇ ਦੋ ਰਾਹ ਹੁੰਦੇ ਨੇ ਜਾਂ ਨਿੰਦਿਆ ਕਰਦਾ ਹੈ ਜਾਂ ਉਸਤਤ ਕਰਦਾ ਹੈ। ਸੰਤਾਂ ਨੂੰ ਨਾ ਉਸਤਤ ਦੇ ਨਾਲ ਕੋਈ ਸਬੰਧ ਹੈ ਤੇ ਨਾ ਨਿੰਦਿਆ ਨਾਲ ਕੋਈ ਸਬੰਧ ਹੈ, ਠੀਕ ਕੁਰਾਹੀਆ ਕਹਿ ਲੈਣ ਇਨ੍ਹਾਂ ਦੀ ਮਰਜ਼ੀ ਹੈ। ਜੋ ਕਹਿਣਾ ਹੈ ਕਹਿ ਲੈਣ। ਆਪਾਂ ਤਾਂ ਅਕਾਲ ਪੁਰਖ ਦੇ ਹੁਕਮ 'ਚ ਵਰਤਦੇ ਹਾਂ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਹੜੇ ਇਸ ਤਰ੍ਹਾਂ ਦੇ ਨਿੰਦਕ ਹੁੰਦੇ ਨੇ, ਉਨ੍ਹਾਂ ਦਾ ਹਾਲ ਬਹੁਤ ਬੁਰਾ ਹੋਇਆ ਕਰਦਾ ਹੈ।

***ਧਾਰਨਾ - ਦੁਨੀਆਂ ਵਿਚ ਘੁੰਮਦੇ ਨੇ***
***ਸੰਤਾਂ ਦੇ ਨਿੰਦਕ ਭਾਈ।***

ਬੰਦਗੀ ਕਰਨ ਵਾਲਿਆਂ ਦੀ ਨਿੰਦਾ ਕਰਨ ਵਾਲੇ ਉਨ੍ਹਾਂ ਨੂੰ ਜੋ ਸਜ਼ਾਵਾਂ ਮਿਲਦੀਆਂ ਨੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅੰਦਰ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ ਕਿ -

*ਸੰਤ ਕੀ ਨਿੰਦਾ ਜੋਨੀ ਭਵਨਾ ॥*
*ਸੰਤ ਕੀ ਨਿੰਦਾ ਰੋਗੀ ਕਰਨਾ ॥* *ਅੰਗ - ੧੧੪੫*
*ਸੰਤ ਕੀ ਨਿੰਦਾ ਦੂਖ ਸਹਾਮ ॥*
*ਡਾਨੁ ਦੈਤ ਨਿੰਦਕ ਕਉ ਜਾਮ ॥* *ਅੰਗ - ੧੧੪੫*

ਜਮਦੂਤ ਡੰਨ ਦਿੰਦੇ ਨੇ -

*ਸੰਤਸੰਗਿ ਕਰਹਿ ਜੋ ਬਾਦ ॥*
*ਤਿਨ ਨਿੰਦਕ ਨਾਹੀ ਕਿਛੁ ਸਾਦੁ ॥ ॥*

*ਅੰਗ - ੧੧੪੫*

ਜਿਹੜਾ ਸੰਤਾਂ ਨਾਲ ਖਹਿਣ ਲਗ ਜਾਵੇ, ਉਹਦੀ ਜ਼ਿੰਦਗੀ ਦਾ ਜੀਉਣ ਦਾ ਸਵਾਦ ਹੀ ਮਾਰਿਆ ਜਾਂਦਾ ਹੈ।

*ਭਗਤ ਕੀ ਨਿੰਦਾ ਕੰਧੁ ਛੇਦਾਵੈ ॥*
*ਭਗਤ ਕੀ ਨਿੰਦਾ ਨਰਕੁ ਭੁੰਚਾਵੈ ॥* *ਅੰਗ - ੧੧੪੫*

*ਭਗਤ ਕੀ ਨਿੰਦਾ ਗਰਭ ਮਹਿ ਗਲੈ ॥*
*ਭਗਤ ਕੀ ਨਿੰਦਾ ਰਾਜ ਤੇ ਟਲੈ ॥*

*ਅੰਗ - ੧੧੪੫*

ਗਰਭ ਦੇ ਵਿਚੋਂ ਗਲ-ਗਲ ਕੇ ਨਿਕਲਦਾ ਹੈ, ਜਨਮ ਤੋਂ ਪਹਿਲਾਂ ਹੀ ਮਰ ਜਾਂਦਾ ਹੈ। ਰਾਜ ਖਤਮ ਹੋ ਜਾਂਦਾ ਹੈ।

*ਨਿੰਦਕ ਕੀ ਗਤਿ ਕਤਹੂ ਨਾਹਿ ॥*
*ਆਪਿ ਬੀਜਿ ਆਪੇ ਹੀ ਖਾਹਿ ॥*
*ਚੋਰ ਜਾਰ ਜੂਆਰ ਤੇ ਬੁਰਾ ॥*
*ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ ॥ ੩ ॥*
*ਪਾਰਬ੍ਰਹਮ ਕੇ ਭਗਤ ਨਿਰਵੈਰ ॥*
*ਸੋ ਨਿਸਤਰੈ ਜੋ ਪੂਜੈ ਪੈਰ ॥*
*ਆਦਿ ਪੁਰਖਿ ਨਿੰਦਕੁ ਭੋਲਾਇਆ ॥*
*ਨਾਨਕ ਕਿਰਤੁ ਨ ਜਾਇ ਮਿਟਾਇਆ ॥*

*ਅੰਗ - ੧੧੪੫*

ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਮੇਰੇ ਤੋਂ ਨਿੰਦਿਆ ਨਹੀਂ ਸਹਿ ਹੁੰਦੀ ਤੇ ਮੈਂ ਰੋਣ ਲਗ ਜਾਂਦਾ ਹਾਂ ਇਕੱਲਾ। ਮੈਂ ਕਰਾਂ ਕੀ, ਬੇਵਸ ਹਾਂ, ਇਕ ਨਹੀਂ ਕਹਿੰਦਾ ਜਿਧਰ ਨੂੰ ਜਾਂਦਾ ਸਾਰੇ ਕਹਿੰਦੇ ਨੇ। ਹਿੰਦੂ ਵੀ ਤੇ ਮੁਸਲਮਾਨ। ਭਲਾ ਮੁਸਲਮਾਨ ਨੇ ਕਿਉਂ ਕਹਿਣਾ ਸੀ ਉਹ ਤਾਂ ਜਾਤ-ਪਾਤ ਮੰਨਦੇ ਨਹੀਂ। ਉਹ ਮੈਨੂੰ ਕਹਿੰਦੇ ਨੇ ਤੂੰ ਉਹਦੇ ਨਾਲ ਕਿਉਂ ਰੋਟੀ ਖਾਂਦਾ, ਉਥੇ ਰਹਿੰਦਾ ਹੈਂ ਤੂੰ ਨਮਾਜ਼ ਨਹੀਂ ਪੜ੍ਹਦਾ ਤੇ

ਮਹਾਰਾਜ, ਤੁਹਾਨੂੰ ਕੁਰਾਹੀਆ ਕਹਿ ਰਿਹਾ ਹੈ ਸਾਰਾ ਸ਼ਹਿਰ। ਮੈਂ ਤਿੰਨ ਦਿਨ ਦਾ ਦੇਖਦਾ ਹਾਂ ਇਕ ਬੰਦਾ ਨਹੀਂ ਆਇਆ ਜਿਹਨੇ ਆ ਕੇ ਆਪ ਨੂੰ ਨਮਸਕਾਰ ਕਰੀ ਹੋਵੇ। ਸੋ ਮਹਾਰਾਜ ਨੇ ਸਾਰੇ ਬਚਨ ਸੁਣ ਲਏ ਕਹਿੰਦੇ ਮਰਦਾਨਿਆ! ਉਦਾਸ ਨਾ। ਆਪਾਂ ਸਵੇਰੇ ਹੀ ਸਤਿ ਕਰਤਾਰ ਕਹਿ ਦੇਣਾ ਹੈ। ਸੋ ਅੰਮ੍ਰਿਤ ਵੇਲੇ ਜਾਗੇ ਭਾਈ ਲਾਲੋ ਨੇ ਜਲ ਪਾਣੀ ਤਿਆਰ ਕਰਿਆ ਤੇ ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਭਾਈ ਲਾਲੋ! ਅਸੀਂ ਹੁਣ ਚਲਦੇ ਹਾਂ। ਐਨੀ ਗੱਲ ਸੁਣਦੇ, ਭਾਈ ਲਾਲੋ ਦੇ ਨੈਣ ਭਰ ਗਏ, ਪਾਤਸ਼ਾਹ! ਵਿਛੋੜਾ ਦਿਓਂਗੇ? ਇਹ ਤਾਂ ਮੇਰੇ ਤੋਂ ਝੱਲਿਆ ਨਹੀਂ ਜਾਣਾ, ਖਬਰੇ ਕਿੰਨਿਆਂ ਜਨਮਾਂ ਦੇ ਸਿੱਕਦੇ ਨੂੰ ਤੁਸੀਂ ਦਰਸ਼ਨ ਦਿਤੇ ਤੇ ਤਿੰਨ ਦਿਨ ਬਾਅਦ ਜਾ ਰਹੇ ਓਂ? ਨਾ ਪਾਤਸ਼ਾਹ, ਜਾਵੋ ਨਾ।

ਕਹਿਣ ਲੱਗੇ, ਭਾਈ ਲਾਲੋ! ਇਥੇ ਮਰਦਾਨਾ ਬਹੁਤ ਦੁਖੀ ਹੋ ਰਿਹਾ ਹੈ ਤੇ ਇਹ ਸ਼ਹਿਰ ਦੇ ਲੋਕ ਨਿੰਦਿਆ ਹੀ ਕਰਦੇ ਨੇ। ਈਰਖਾ ਕਰਦੇ ਨੇ, ਦ੍ਵੈਸ਼ ਕਰਦੇ ਨੇ ਤੇ ਸਾਧੂ ਉਥੇ ਰਿਹਾ ਕਰਦੇ ਨੇ ਜਿੱਥੇ ਸੰਗਤ ਹੋਵੇ। ਸੰਗਤ ਆਵੇ, ਸੰਗਤ ਨੂੰ ਬਚਨ ਸੁਣਾਉਣ, ਕਿਸੇ ਦਾ ਭਲਾ ਹੋਵੇ, ਉਥੇ ਸਾਧੂਆਂ ਦਾ ਰਹਿਣਾ ਬਣਦਾ ਹੈ। ਜਿੱਥੇ ਲੋਕ ਨਿੰਦਿਆ ਕਰ-ਕਰ ਕੇ ਪਾਪ ਦੇ ਭਾਗੀ ਹੋਣ, ਉਸ ਥਾਂ ਰਹਿਣਾ ਨਹੀਂ ਬਣਦਾ। ਇਹ ਤਾਂ ਕਿਸੇ ਤਰ੍ਹਾਂ ਵੀ ਨਹੀਂ ਆਉਂਦੇ ਜੇ ਅਸੀਂ ਬੈਠਦੇ ਹਾਂ ਤਾਂ ਵੀ ਗੱਲਾਂ ਕਰਦੇ ਨੇ, ਜੇ ਅਸੀਂ ਚੁੱਪ ਕਰਦੇ ਹਾਂ ਤਾਂ ਵੀ ਕਰਦੇ ਨੇ, ਜੇ ਅਸੀਂ ਉਠ ਕੇ ਤੁਰਦੇ ਹਾਂ, ਤਾਂ ਵੀ ਗੱਲਾਂ ਕਰਦੇ ਨੇ। ਜੇ ਅਸੀਂ ਸਾਰਿਆਂ ਨੂੰ ਹੱਥ ਬੰਨ੍ਹ ਕੇ ਪਹਿਲਾਂ ਸਤਿ ਕਰਤਾਰ ਕਹਿੰਦੇ ਹਾਂ ਫੇਰ ਵੀ ਇਹ ਗੱਲਾਂ ਕਰਦੇ ਨੇ। ਸੋ ਐਸੇ ਥਾਂ ਦੁਨੀਆਂ ਰਾਜ਼ੀ ਨਹੀਂ ਹੈ, ਦੁਨੀਆਂ ਨੂੰ ਦੁਮੂਹੀ ਕਿਹਾ ਹੈ। ਕਿਸੇ ਗੱਲ ਵਿਚ ਰਾਜ਼ੀ ਨਹੀਂ ਹੈ। ਉਸ ਵੇਲੇ ਆਪ ਨੇ ਇਹ ਸਪਸ਼ਟ ਕਰਨ ਵਾਸਤੇ ਐਸਾ ਫੁਰਮਾਨ ਕੀਤਾ –

***ਧਾਰਨਾ – ਝੱਟ ਕਿਥੇ ਲੰਘਾਵਾਂ ਓ,***
***ਮਾਲਕਾ ਦੁਨੀਆਂ ਟਿਕਣ ਨਾ ਦੇਵੇ।***

***ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾ ਪਤਿ।।***
***ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ॥***
***ਚੁਪ ਕਰਾਂ ਤਾਂ ਆਖਈਐ ਇਤ ਘਟਿ ਨਾਹੀ ਮਤਿ॥***
***ਜੇ ਬਹਿ ਰਹਾਂ ਤਾ ਆਖੀਐ ਬੈਠਾ ਸਥਰ ਘਤ॥***
***ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ॥***
***ਜਨਮਸਾਖੀ***

ਜੇ ਚੁੱਪ ਕਰ ਜਾਂਦੇ ਹਾਂ ਤਾਂ ਕਹਿੰਦੇ ਨੇ ਕਿ ਇਹ ਤਾਂ ਬੋਲਣ ਜਾਣਦਾ ਹੀ ਨਹੀਂ। ਮੂੰਹ ਤੇ ਹੀ ਸਾਡੇ ਕਹੀ ਜਾਂਦੇ ਨੇ। ਜੇ ਅਸੀਂ ਬੋਲ ਕੇ ਕੋਈ ਉਪਦੇਸ਼ ਦੇ ਦੇਈਏ ਤਾਂ ਕਹਿੰਦੇ ਨੇ ਕਿ ਬੜ-ਬੜ ਬੜੀ ਕਰਦਾ ਹੈ। ਜੰਗਲ 'ਚ ਬਹਿੰਦੇ ਹਾਂ ਅਸੀਂ ਜਾ ਕੇ, ਤੇ ਸਾਨੂੰ ਕਹਿੰਦੇ ਨੇ ਕਿ ਸੱਥਰ ਘੱਤ ਕੇ ਬਹਿ ਗਿਆ ਇਹਨੇ ਤਾਂ ਹੁਣ ਜਾਣਾ ਹੀ ਨਹੀਂ ਇਥੋਂ। ਕੁਰਾਹੀਆ ਆਇਆ ਸੀ ਸੁਆਹ ਪਾ ਕੇ ਤੁਰ ਗਿਆ ਸਾਰਿਆਂ ਦੇ ਸਿਰ ਵਿਚ।

***ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥***
***ਕਾਈ ਗਲੀ ਨ ਮੇਵਨੀ ਜਿਥੇ ਕਢਾ ਝਤਿ॥***

***ਏਥੇ ਓਥੈ ਨਾਨਕਾ ਕਰਤਾ ਰਖੈ ਪਤਿ॥ ਜਨਮਸਾਖੀ***

ਸੋ ਭਾਈ ਲਾਲੋ! ਸਾਡਾ ਹੁਣ ਜਾਣਾ ਬਣਦਾ ਹੈ। ਭਾਈ ਲਾਲੋ! ਚਰਨਾਂ ਦੇ ਲਿਟ ਗਿਆ ਪਾਤਸ਼ਾਹ! ਅੰਦਰ ਹੀ ਰਿਹਾ ਕਰੋ ਤੁਸੀਂ ਬਾਹਰ ਨਾ ਨਿਕਲਿਆ ਕਰੋ। ਇਕ ਮਹੀਨਾ ਤਾਂ ਮੇਰੇ ਕੋਲ ਠਹਿਰ ਜਾਓ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਭਾਈ ਲਾਲੋ! ਤੇਰੀ ਵੀ ਬੇਨਤੀ ਅਸੀਂ ਨਾ ਮਨਜ਼ੂਰ ਨਹੀਂ ਕਰ ਸਕਦੇ। ਭਾਈ ਮਰਦਾਨਾ ਤੇਰੇ ਚਿੱਤ ਵਿਚ ਕੀ ਆਉਂਦੀ ਹੈ? ਕਹਿਣ ਲੱਗਿਆ, ਪਾਤਸ਼ਾਹ! ਮੇਰਾ ਤਾਂ ਜੀਅ ਨਹੀਂ ਲਗਦਾ। ਕਿਉਂਕਿ ਬਾਹਰ ਜਾਂਦਾ ਹਾਂ, ਕੋਈ ਆਦਰ ਨਹੀਂ ਕਰਦਾ, ਕੋਈ ਸਤਿਕਾਰ ਨਹੀਂ ਕਰਦਾ ਤੇ ਸਾਰੇ ਕੁਰਾਹੀਏ ਦਾ ਮਿਰਾਸੀ-ਕੁਰਾਹੀਏ ਦਾ ਮਿਰਾਸੀ ਕਹੀ ਜਾਂਦੇ ਨੇ। ਚੰਗਾ ਭਾਈ ਮਰਦਾਨਾ ਤੂੰ ਤਲਵੰਡੀ ਜਾ ਕੇ ਆ, ਅਸੀਂ ਇਕ ਮਹੀਨਾ ਇਥੇ ਠਹਿਰਾਂਗੇ। ਸੋ ਇਹਦਾ ਵੀ ਅਸੀਂ ਪਿਆਰ ਛੱਡ ਕੇ ਨਹੀਂ ਜਾ ਸਕਦੇ।

ਉਸ ਵੇਲੇ ਮਰਦਾਨਾ ਤਲਵੰਡੀ ਨੂੰ ਵਾਪਸ ਆ ਜਾਂਦਾ ਹੈ। ਕਹਿੰਦਾ, ਤੁਹਾਡੇ ਬਾਰੇ ਕਹਾਂ ਕੀ? ਕਹਿੰਦੇ, ਜੋ ਕੁਛ ਦੇਖ ਰਿਹਾ ਹੈਂ, ਕਹਿ ਦੇਈਂ ਉਥੇ ਜਾ ਕੇ। ਤੈਨੂੰ ਮਾੜਾ ਕਹਿਣਗੇ। ਕਹਿੰਦਾ ਮੈਨੂੰ ਤਾਂ ਕੁਛ ਕਹੀ ਜਾਣ, ਏਦੂੰ ਮਾੜਾ ਤਾਂ ਕੋਈ ਨਹੀਂ ਕਹਿੰਦਾ ਜਿੰਨਾ ਇਥੇ ਕਹਿੰਦੇ ਨੇ। ਉਥੇ ਤਾਂ ਚਾਰ ਆਦਮੀ ਦੋ ਹੱਥ ਜੋੜ ਕੇ ਅਦਬ ਕਰਨ ਵਾਲੇ ਵੀ ਨੇ। ਕਈ ਪਿਆਰ ਵਾਲੇ ਵੀ ਨੇ। ਇਥੇ ਤਾਂ ਮੈਂ ਇਕ ਵੀ ਨਹੀਂ ਦੇਖਿਆ ਪਿਆਰ ਵਾਲਾ, ਇੱਕਲਾ ਭਾਈ ਲਾਲੋ ਹੈ।

ਉਸ ਵੇਲੇ ਭਾਈ ਮਰਦਾਨਾ ਚਲਿਆ ਜਾਂਦਾ ਹੈ ਤੇ ਭਾਈ ਲਾਲੋ, ਬਹੁਤ ਪ੍ਰਸੰਨ ਹੋਏ। ਗੁਰੂ ਮਹਾਰਾਜ ਨੂੰ ਸਵੇਰੇ ਹੀ ਜਲ ਪਾਣੀ ਛਕਾ ਦਿੰਦੇ ਨੇ। ਆਪ ਸਾਰਾ ਦਿਨ ਜੰਗਲ 'ਚ ਜਾ ਕੇ ਰੋੜੀ ਸਾਹਿਬ ਬੈਠਦੇ ਨੇ। ਰੋੜ੍ਹਾਂ ਦਾ ਹੀ ਮਹਾਰਾਜ ਨੇ ਆਸਣ ਬਣਾ ਲਿਆ ਤੇ ਉਸ ਥਾਂ ਤੇ ਰੋੜ੍ਹਾਂ ਤੇ ਜਾ ਕੇ ਬਹਿੰਦੇ ਨੇ ਤੇ ਜਦੋਂ ਸ਼ਾਮ ਹੋ ਜਾਂਦੀ ਹੈ, ਸੂਰਜ ਛਿਪਣ ਵਾਲਾ ਹੋ ਜਾਂਦਾ ਹੈ ਉਸ ਵੇਲੇ ਭਾਈ ਲਾਲੋ ਦੇ ਘਰ ਆ ਜਾਂਦੇ ਨੇ, ਫੇਰ ਲਾਲੋ ਬਹੁਤ ਸੇਵਾ ਕਰਦਾ ਹੈ ਦਿਨ ਭਰ ਕੰਮ ਕਰਦਾ ਹੈ, ਰਾਤ ਨੂੰ ਫੇਰ ਗੁਰੂ ਮਹਾਰਾਜ ਦੀ ਸੇਵਾ ਕਰਦਾ ਹੈ, ਚਰਨ ਘੁੱਟਦਾ ਹੈ, ਪੱਖਾ ਝਲਦਾ ਰਹਿੰਦਾ ਹੈ, ਹੋਰ ਬੇਅੰਤ ਸੇਵਾ ਕਰਦਾ ਹੈ। ਮਹਾਰਾਜ ਨੂੰ ਪ੍ਰਸੰਨ ਕਰ ਲਿਆ ਉਹਨੇ ਸੇਵਾ ਕਰ-ਕਰ ਕੇ ਤੇ ਮਹਾਰਾਜ ਕਹਿਣ ਲੱਗੇ, ਭਾਈ ਲਾਲੋ! ਤੇਰਾ ਜਿਹੜਾ ਸਰੂਪ ਹੈ ਉਹ ਆਤਮਾ ਹੈ, ਤੂੰ ਸਰੀਰ ਨਹੀਂ ਹੈਂ। ਦੋ ਚੀਜ਼ਾਂ ਨੇ ਸੰਸਾਰ ਦੇ ਅੰਦਰ ਇਕ ਜੜ੍ਹ ਹੈ ਇਕ ਚੇਤਨ ਹੈ। ਚੇਤਨ ਨੂੰ ਪਾਰਬ੍ਰਹਮ ਪ੍ਰਮੇਸ਼ਰ, ਗੋਬਿੰਦ, ਵਾਹਿਗੁਰੂ, ਨਾਰਾਇਣ ਸਭ ਕੁਛ ਕਹਿੰਦੇ ਨੇ। ਜਿਹੜਾ ਜੜ੍ਹ ਹੈ ਉਹਨੂੰ ਪ੍ਰਕ੍ਰਿਤੀ ਕਹਿੰਦੇ ਨੇ। ਚੇਤਨ ਦੀ ਸੱਤਾ ਦੇ ਨਾਲ ਜਿਹੜੀ ਪ੍ਰਕ੍ਰਿਤੀ ਹੈ ਇਹ ਹਰਕਤ 'ਚ ਆਉਂਦੀ ਹੈ, ਇਹਦੇ ਵਿਚ ਇਕ ਝੂਠੀ ਮੈਂ ਬਣ ਜਾਂਦੀ ਹੈ ਹਰਕਤ 'ਚ ਆ ਕੇ। ਉਹ ਇਕ ਸੁਰਤ ਜਾਗ ਪੈਂਦੀ ਹੈ ਤੇ ਉਹਨੂੰ ਹਉਮੈ ਦੀ ਸੁਰਤ ਕਹਿੰਦੇ ਨੇ। ਉਹਨੂੰ ਇਹ ਆਪਣਾ ਆਪ ਮੰਨ ਬੈਠਦਾ ਹੈ। ਉਹਨੂੰ ਮੰਨ ਕੇ ਸੰਸਾਰ ਤੇ ਦੁਖੀ ਸੁਖੀ ਹੋ ਕੇ ਜੰਮਦਾ ਰਹਿੰਦਾ ਹੈ ਤੇ ਮਰਦਾ ਰਹਿੰਦਾ ਹੈ।

ਤੂੰ ਆਪਣੇ ਸਰੂਪ ਨੂੰ ਪਛਾਣ। ਤੇਰਾ ਸਰੂਪ ਜਿਹੜਾ ਹੈ ਉਹ ਸਤਿ ਚਿੱਤ ਅਨੰਦ ਹੈ। ਕਿਸੇ ਕਰਮ ਦਾ ਉਹਨੂੰ ਲੇਸ ਨਹੀਂ ਲੱਗਿਆ ਕਰਦਾ। ਹਰਖ, ਸੋਗ ਤੋਂ ਉਚਾ ਹੈ। ਉਹਦੇ ਤੱਕ ਨਾ ਕੋਈ ਕਲੇਸ਼, ਨਾ ਅਵਿਦਿਆ, ਨਾ ਅਸਿਮਿਤਾ, ਨਾ ਰਾਗ, ਨਾ ਦ੍ਵੈਸ਼ ਪਹੁੰਚ ਨਹੀਂ ਸਕਦੇ। ਤੂੰ ਸਦਾ ਅਨੰਦ ਅਵਸਥਾ ਦਾ ਹੈਂ ਆਪਣੇ ਸਰੂਪ ਨੂੰ ਪਛਾਣ ਤੇ ਜਦੋਂ ਮਹਾਰਾਜ ਨੇ ਇਹ ਕ੍ਰਿਪਾ ਕੀਤੀ ਤੇ ਪ੍ਰਤੱਖ ਰੂਪ ਦੇ ਅੰਦਰ ਪ੍ਰਗਟ ਹੋ ਗਿਆ, ਸ਼ਾਖਸ਼ਾਤਕਾਰ ਹੋ ਗਿਆ, ਆਪਣਾ ਸਰੂਪ ਪ੍ਰਮੇਸ਼ਰ ਦਾ ਸਰੂਪ ਉਸ ਵੇਲੇ ਭਾਈ ਲਾਲੋ ਦੇ ਅੰਦਰੋਂ ਸ਼ੁਕਰਾਨੇ ਵਜੋਂ ਇਹ ਆਵਾਜ਼ ਆਉਂਦੀ ਹੈ –

*ਧਾਰਨਾ – ਜਿਹੜਾ ਸਾਰੀਆਂ ਘਟਾਂ ਦੇ ਵਿਚ ਵਸਦਾ*
*ਅੰਦਰੋਂ ਦਿਖਾਇਆ ਗੁਰਾਂ ਨੇ।*

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ – ੨੯੩*

ਸੋ ਪ੍ਰਮੇਸ਼ਰ ਦੇ ਦਰਸ਼ਨ, ਜੋ ਅੰਦਰ ਵਸਦਾ ਹੈ –

*ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥*
*ਅਨਿਕ ਰੰਗ ਨਾਨਾ ਦ੍ਰਿਸਟਾਹਿ ॥*
*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥*
*ਨਾਨਕ ਤਿਸੁ ਜਨ ਸੋਝੀ ਪਾਏ ॥੧॥*
*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ – ੨੯੩*

ਸਾਰੇ ਸਮਾਇਆ ਹੋਇਆ ਹੈ। ਉਹ ਪ੍ਰਮੇਸ਼ਰ ਜਿਹਦੇ ਬਾਰੇ ਅਸੀਂ ਅਨੁਮਾਨ ਲਾਉਂਦੇ ਹਾਂ ਗੁਰੂ ਮਹਾਰਾਜ ਨੇ ਅੰਦਰੋਂ ਹੀ ਦਿਖਾ ਦਿਤਾ। ਉਸ ਵੇਲੇ ਆਪ ਨੇ ਫੁਰਮਾਨ ਕੀਤਾ –

*ਆਤਮ ਕੋ ਅੱਭਆਸ ਭਨਹਿੰ ਗੁਰ*
*ਤੂੰ ਸਤਿ ਚਿਤ ਆਨੰਦਾ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਹੇ ਭਾਈ ਲਾਲੋ! ਤੂੰ ਹੁਣ ਆਤਮ ਅਭਿਆਸ ਕਰਿਆ ਕਰ, ਆਤਮ ਚਿੰਤਨ ਕਰਿਆ ਕਰ।

*ਰਾਗ ਦ੍ਵੈਖ ਤੇ ਹੀਨ ਸਰੂਪਾ ਭਵ ਮ੍ਰਿਤੁ ਬਿਨ, ਸੁਖਕੰਦਾ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਨਾ ਤੇਰੀ ਕਦੇ ਮੌਤ ਹੁੰਦੀ ਹੈ, ਨਾ ਤੂੰ ਗਮੀ 'ਚ ਆਉਂਦਾ ਹੈਂ, ਨਾ ਕਦੇ ਖੁਸ਼ੀ 'ਚ ਆਉਂਦਾ ਹੈਂ, ਤੂੰ ਤਾਂ ਸਦਾ ਹੀ ਸਤਿ ਚਿੱਤ ਅਨੰਦ ਹੈਂ।

*ਅੱਕ੍ਰਯ ਏਕ ਪ੍ਰਮਾਤਮ ਪੂਰਨ ਜਿਹ ਬਿਨ ਜੜ ਹੈ ਮਾਯਾ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਇਹ ਤੇਰਾ ਸਰੂਪ ਹੈ, ਜਿਹਦੇ ਕਰਕੇ ਸਾਰੀ ਮਾਇਆ ਵਿਚ ਹਰਕਤ ਹੈ। ਤੂੰ ਆਪਣੇ ਸਰੂਪ ਨੂੰ ਸਮਝ।

*ਸ਼੍ਰੀ ਗੁਰੂ ਕੇ ਬਚ ਸੁਨਿ*
*ਅਸ ਲਾਲੋ ਸਭਿ ਅਗਜਾਨ ਗਵਾਯਾ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਜਦੋਂ ਐਸੇ ਬਚਨ ਦ੍ਰਿੜ੍ਹ ਪ੍ਰਤੀਤ ਦੇ ਨਾਲ ਸੁਣੇ, ਅਸੀਂ ਵੀ ਸੁਣ ਰਹੇ ਹਾਂ। ਸਾਡਾ ਅਗਿਆਨ ਨਾਸ਼ ਨਹੀਂ ਹੁੰਦਾ ਕਿਉਂਕਿ ਸਾਰੇ ਅੰਦਰ ਪ੍ਰਤੀਤ ਨਹੀਂ। ਸਾਡੇ ਅੰਦਰ ਜੀਵ ਆਤਮਾ ਦਾ ਅਧਿਆਸ ਐਨਾ ਪੱਕ ਗਿਆ ਕਿ ਅਸੀਂ ਇਹ ਗੱਲ ਸੁਣਨ ਤੇ ਮੰਨਣ ਵਾਸਤੇ ਤਿਆਰ ਨਹੀਂ। ਕਿਉਂਕਿ ਸਾਡਾ ਸਮਾਂ ਨਹੀਂ ਅਜੇ ਆਇਆ। ਉਹਦਾ ਸਮਾਂ ਆ ਚੁਕਿਆ ਸੀ।

*ਸ਼੍ਰੀ ਗੁਰੂ ਕੇ ਬਚ ਸੁਨਿ ਅਸ ਲਾਲੋ*
*ਸਭਿ ਅਗ਼ਾਨ ਗਵਾਯਾ।*
*ਬੀਤੀ ਹੁਤੀ ਬਾਸ਼ਨਾ ਮਨ ਮਹਿੰ ਭਯੋ ਤੱਤ ਕੋ ਬੇਤਾ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਐਸ ਤਰ੍ਹਾਂ ਕਰਕੇ ਗੁਰੂ ਮਹਾਰਾਜ ਨੇ ਉਥੇ ਕੁਛ ਦਿਨ ਬਿਤਾਏ। ਲਾਲੋ ਦੇ ਕੋਲ ਐਨੇ ਨੂੰ ਮਰਦਾਨਾ ਆ ਗਿਆ। ਕਹਿਣ ਲੱਗੇ, ਭਾਈ ਲਾਲੋ ਹੁਣ ਤੈਨੂੰ ਪੂਰਨ ਪਦ ਪ੍ਰਾਪਤ ਹੋ ਗਿਆ ਤੇ ਹੁਣ ਸਾਨੂੰ ਆਗਿਆ ਦੇ ਅਸੀਂ ਅੱਗੇ ਜਾਈਏ। ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ!

*ਗੋਬਿੰਦ ਭਾਉ ਭਗਤ ਦਾ ਭੁੱਖਾ।*

ਪਿਆਰ ਦਾ ਭੁੱਖਾ, ਪਿਆਰੇ ਕੋਲ ਚਲਿਆ ਤੇ ਪਿਆਰੇ ਨੂੰ ਆਪਣਾ ਰੂਪ ਬਣਾ ਲਿਆ।

*ਧਾਰਨਾ – ਭਾਉ ਭਗਤ ਦਾ ਭੁੱਖਾ,*
*ਗੋਬਿੰਦ ਭਾਉ ਭਗਤ ਦਾ ਭੁੱਖਾ।*

ਸੋ ਵਾਹਿਗੁਰੂ ਨੂੰ ਜੇ ਕੋਈ ਭੁੱਖ ਲੱਗੀ ਹੋਈ ਹੈ, ਉਹ ਪਿਆਰ ਦੀ ਹੈ ਸਾਧਸੰਗਤ ਜੀ! ਕਿਸੇ ਤਰੀਕੇ ਦੇ ਨਾਲ ਵਸ ਨਹੀਂ ਆਉਂਦਾ।

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥*
*ਅੰਗ – ੯੬੨*

ਸੋ ਪਿਆਰ ਦੇ ਵਸ ਆਉਂਦਾ ਹੈ। ਸੋ ਗੁਰੂ ਨਾਨਕ ਪਾਤਸ਼ਾਹ ਪਿਆਰ ਦੇ ਬੰਨ੍ਹੇ ਹੋਏ, ਸਭ ਤੋਂ ਪਹਿਲਾ ਜਿਹੜਾ ਕਦਮ ਆਪ ਨੇ ਦੁਨੀਆਂ ਦੇ ਉਧਾਰ ਦਾ ਚੁੱਕਿਆ ਉਹ ਇਕ ਪ੍ਰੇਮੀ ਦੇ ਘਰ, ਇਕ ਕਿਰਤੀ ਦੇ ਘਰ ਵਲ ਚੁੱਕਿਆ।

ਅਨੰਦ ਸਾਹਿਬ
ਗੁਰ ਸਤੋਤਰ
ਅਰਦਾਸ
ਹੁਕਮਨਾਮਾ

# ਮਨੋਭਾਵਾਂ ਦੀ ਰਚਨਾਤਮਕ ਵਰਤੋਂ
## ((Creative Use of Emotions))

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਅਧਿਆਇ ਦੂਸਰਾ
## ਤਦਰੂਪਤਾ ਦਾ ਰੂਪ ਪਰਿਵਰਤਨ

ਪੰਤਾਜਲ ਨੇ ਕਿਹਾ ਹੈ - 'ਯੋਗ ਸਾਡੇ ਸੋਚ ਨੂੰ ਕਾਬੂ ਕਰਨ ਵਾਲਾ ਹੈ, ਸੋਚ ਦੀਆਂ ਲਹਿਰਾਂ ਨੂੰ ਕਾਬੂ ਕਰਦਾ ਹੈ। ਮਨੁੱਖ ਆਪਣੇ ਵਾਸਤਵ ਸੁਭਾਅ ਵਿਚ ਆ ਜਾਂਦਾ ਹੈ। ਜਦੋਂ ਮਨੁੱਖ ਯੋਗ ਵਿਚ ਨਹੀਂ ਹੁੰਦਾ ਉਦੋਂ ਮਨੁੱਖ ਆਪਣੇ ਮਨ ਦੀਆਂ ਸੋਚ ਲਹਿਰਾਂ ਨਾਲ ਹੀ ਰਹਿੰਦਾ ਹੈ।

ਅਸੀਂ ਆਪਣੇ ਆਪ ਨੂੰ ਆਪਣੇ ਵਿਚਾਰਾਂ ਦੇ ਵਿਸ਼ੇ ਨਾਲ ਜੋੜ ਲੈਂਦੇ ਹਾਂ ਉਨ੍ਹਾਂ ਨਾਲ ਇਕ ਰੂਪ ਹੋ ਜਾਂਦੇ ਹਾਂ। ਵਿਚਾਰਾਂ ਅਨੁਸਾਰ ਜਾਂ ਦੁਖੀ ਹੋ ਜਾਂਦੇ ਹਾਂ ਜਾਂ ਖੁਸ਼ ਪਰ ਜਦੋਂ ਸਚੇਤਨਾ ਦਾ ਵਿਸਤਾਰ ਹੁੰਦਾ ਹੈ ਅਸੀਂ ਆਪਣੇ ਵਾਸਤਵ ਸੁਭਾਅ ਵਿਚ ਆਉਂਦੇ ਹਾਂ, ਸਾਨੂੰ ਆਪਣਾ ਸਰੂਪ ਪਤਾ ਲਗਦਾ ਹੈ, ਸਾਨੂੰ ਚੇਤਨ ਬਿੰਦੂ ਦਾ ਪਤਾ ਲਗਦਾ ਹੈ ਸਾਨੂੰ ਸਮਝ ਆਉਂਦੀ ਹੈ ਕਿ ਅਸੀਂ ਪੀੜਾ ਤੋਂ ਉਪਰ ਉਠ ਸਕਦੇ ਹਾਂ, ਪਰ੍ਹੇ ਹੋ ਸਕਦੇ ਹਾਂ, ਆਪਣੇ ਸੁਖ ਤੋਂ ਖੁਸ਼ੀ ਤੋਂ ਵੀ ਇਸੇ ਤਰ੍ਹਾਂ ਪਰ੍ਹੇ ਹੋ ਸਕਦੇ ਹਾਂ। ਵਡਭਾਗੇ ਹਨ ਜਿਹੜੇ ਆਪਣੇ ਆਪ ਦਾ ਆਪਾ ਦੇਖ ਸਕਦੇ ਹਨ।

ਜਦੋਂ ਅਸੀਂ ਸੰਸਾਰ ਵਿਚ ਇਕ ਛੋਟੇ ਬੱਚੇ ਦੇ ਰੂਪ ਵਿਚ ਪ੍ਰਵੇਸ਼ ਕਰਦੇ ਹਾਂ, ਸਾਡੀ ਚੇਤਨਾ ਇਕ ਨਵੇਂ ਵਾਤਾਵਰਣ ਵਿਚ ਖੁਲ੍ਹਦੀ ਹੈ। ਅਸੀਂ ਅਜੇ ਆਪਣੇ ਆਪ ਨੂੰ ਸੰਗਠਤ ਨਹੀਂ ਕੀਤਾ, ਆਪਣੀਆਂ ਇੰਦ੍ਰੀਆਂ ਨੂੰ ਸੰਗਠਨ ਨਹੀਂ ਕੀਤਾ, ਸਾਨੂੰ ਪਤਾ ਹੀ ਨਹੀਂ ਅਸੀਂ ਕੌਣ ਹਾਂ। ਅਸੀਂ ਆਪਣੇ ਆਲੇ-ਦੁਆਲੇ ਨੂੰ ਦੇਖਦੇ ਹਾਂ ਕੁਝ ਪਛਾਨਣ ਦੀ ਕੋਸ਼ਿਸ਼ ਕਰਦੇ ਹਾਂ, ਸਮਝਣਾ ਚਾਹੁੰਦੇ ਹਾਂ ਕਿ ਸਾਡੇ ਆਲੇ-ਦੁਆਲੇ ਕੀ ਘਸਮਾਣ ਪਿਆ ਹੋਇਆ ਹੈ ਕਿਉਂਕਿ ਅਸੀਂ ਪਛਾਣ ਨਹੀਂ ਸਕਦੇ ਜੋੜ ਨਹੀਂ ਸਕਦੇ, ਸਮਝ ਨਹੀਂ ਸਕਦੇ ਜਿਸ ਕਰਕੇ ਅਸੀਂ ਵਧੇਰੇ ਅਨਿਸਚਿਤ ਰਹਿੰਦੇ ਹਾਂ, ਸ਼ੁਰੂ ਤੋਂ ਹੀ ਅਸੀਂ ਸਥਿਰਤਾ ਲੱਭਦੇ ਹਾਂ ਸਥਿਰ ਹੋਣ ਲਈ ਆਧਾਰ, ਸਥਿਰ ਹੋਣ ਲਈ ਮੁੱਢ ਦੇਖਦੇ ਰਹਿੰਦੇ ਹਾਂ। ਹੌਲੀ-ਹੌਲੀ ਅਸੀਂ ਆਪਣੇ ਚਾਰੋ ਪਾਸੇ ਦੀਵਾਰਾਂ ਖੜ੍ਹੀਆਂ ਕਰਨ ਲਗ ਪੈਂਦੇ ਹਾਂ, ਅਸੀਂ ਆਪਣੀ ਸਖਸ਼ੀਅਤ ਬਣਾ ਲੈਂਦੇ ਹਾਂ। ਆਪਣਾ ਆਪਾ ਬਣਾ ਲੈਂਦੇ ਹਾਂ, ਆਪਣੀ ਅਗਿਆਨਤਾ ਅਸਪਸ਼ਟਤਾ ਨਾਲ ਆਪਣੇ ਆਪ ਨੂੰ ਹੀ ਪੂਰਮ ਰੂਪ ਵਿਚ ਨਹੀਂ ਦੇਖ ਸਕਦੇ, ਆਪਣੇ ਜੀਵਨ ਦੀ ਵਿਸ਼ਾਲਤਾ ਨੂੰ ਹੀ ਨਹੀਂ ਦੇਖ ਸਕਦੇ। ਮਿਸਾਲ ਵਜੋਂ ਸਮੁੰਦਰ ਦੀ ਲਹਿਰ ਸਮੁੰਦਰ ਤੋਂ ਵੱਖ ਨਹੀਂ, ਸਾਨੂੰ ਦੇਖਣ ਨੂੰ ਭਾਵੇਂ ਲਗਦੀ ਹੋਵੇ, ਉਸ ਦਾ ਨਾ ਵੀ ਭਾਵੇਂ ਵਖਰਾ ਹੈ ਪਰ ਹੈ ਤਾਂ ਉਹ ਸਾਗਰ ਦਾ ਹੀ ਹਿੱਸਾ। ਛੋਟਿਆਂ ਹੁੰਦਿਆਂ ਤੋਂ ਹੀ ਸਾਨੂੰ ਆਪੇ ਬਾਰੇ ਦੱਸਿਆ ਜਾਂਦਾ ਹੈ, ਸਾਡੇ ਵਿਅਕਤੀਤ੍ਵ ਬਾਰੇ ਦੱਸਿਆ ਜਾਂਦਾ ਹੈ ਇਹ ਦੱਸਿਆ ਜਾਂਦਾ ਹੈ ਅਸੀਂ ਕਿਵੇਂ ਫਰਕ ਹਾਂ, ਕਿਵੇਂ ਅਸੀਂ ਵਖਰੇ ਹਾਂ, ਅਸੀਂ ਨਾਵਾਂ ਦੇ ਪੱਧਰ ਤੇ ਰਹਿੰਦੇ ਹਾਂ, ਆਕਾਰਾਂ ਦੇ ਪੱਧਰ ਤੇ ਰਹਿੰਦੇ ਹਾਂ, ਅੰਦਰ ਦੀ ਏਕਤਾ ਬਾਰੇ ਜਾਣਦੇ ਹੀ ਨਹੀਂ। ਅਸੀਂ ਦੇਖਣ ਲਗ ਲੈਂਦੇ ਹਾਂ, ਮੈਂ ਕੀ ਹਾਂ ਤੇ ਕੀ ਨਹੀਂ ਇਸ ਵਿਚ ਭੇਦ ਦੇਖਦੇ ਹਾਂ, ਮੈਂ ਤੇ ਮੇਰੀ ਵਿਚ ਫਸ ਜਾਂਦੇ ਹਾਂ ਸੰਪੂਰਣ ਰੂਪ ਵਿਚ ਅਸੀਂ ਕੀ ਹਾਂ ਇਹ ਜਾਨਣ ਤੱਕ ਅਸੀਂ ਪਹੁੰਚਦੇ ਹੀ ਨਹੀਂ। ਸੰਸਾਰ ਦੀ ਹਰ ਇਕ ਚੀਜ਼ ਦਾ ਆਪਣਾ ਇਕ ਰੂਪ ਹੈ ਇਕ ਪਛਾਣ ਹੈ ਪਰ ਜਦੋਂ ਅਸੀਂ ਕਿਸੇ ਵੀ ਚੀਜ਼ ਦੇ ਮੁੱਢ ਤੇ ਜਾਂਦੇ ਹਾਂ, ਅਸੀਂ ਦੇਖਦੇ ਹਾਂ ਵਾਸਤਵ ਵਿਚ ਸਭ ਇਕ ਹੀ ਹੈ, 'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ, ਅਖੇਲ ਖੇਲਨ ਖੇਲ ਖੇਲਨ ਅੰਤ ਕੋ ਫਿਰ ਏਕ'। ਇਨ੍ਹਾਂ ਹੀ ਦੋ ਸਿਰਿਆਂ ਵਿਚ ਦੋਨੋਂ ਹੱਦਾਂ ਵਿਚ ਹੀ ਸਾਨੂੰ ਆਪਣੇ ਆਪ ਲਈ ਘਬਰਾਹਟ ਹੁੰਦੀ ਹੈ, ਅਸੀਂ ਸੰਸਾਰ ਦੀ ਕਿਹੜੀ ਚੀਜ਼ ਨਾਲ ਕਿਹੜੀ ਵਸਤ ਨਾਲ ਆਪਣੇ ਆਪ ਨੂੰ ਜੋੜੀਏ, ਬਹੁਤ ਵਾਰੀ ਅਸੀਂ ਪਛਾਣੇ ਜਾਣ ਵਾਲੇ ਸੰਸਾਰ ਤੋਂ ਉਪਰ ਨਹੀਂ ਉਠ ਸਕਦੇ, ਉਸ ਤੋਂ ਪਰ੍ਹੇ ਨਹੀਂ ਹੋ ਸਕਦੇ।

ਜਿਵੇਂ-ਜਿਵੇਂ ਅਸੀਂ ਵੱਡੇ ਹੁੰਦੇ ਹਾਂ ਸਾਡੀ ਆਪੇ ਦੀ ਪਰਿਭਾਸ਼ਾ ਵਧੇਰੇ ਸਾਫ ਹੁੰਦੀ ਜਾਂਦੀ ਹੈ, ਸਾਨੂੰ ਆਪਣੀ ਪਛਾਣ ਹੋਣ ਲਗ ਪੈਂਦੀ ਹੈ। ਅੱਜ ਦੇ ਮਨੋਵਿਗਿਆਨਕ ਦੱਸਦੇ ਹਨ ਕਿ ਕਿਸ਼ੋਰ ਅਵਸਥਾ ਬਹੁਤ ਹੀ ਮਹੱਤਵਪੂਰਣ ਹੈ, ਵਿਸ਼ੇਸ਼ ਕਰਕੇ ਵਿਅਕਤੀਤ੍ਵ ਲਈ, ਆਪਾ ਪਛਾਨਣ ਲਈ। Erik Erikson ਨੇ ਕਿਹਾ ਹੈ ਇਸ ਅਵਸਥਾ ਵਿਚ ਕਿਸ਼ੋਰ ਦਾ ਵਿਅਕਤੀਤ੍ਵ ਇਕ ਤਰ੍ਹਾਂ ਨਾਲ ਸੰਕਟ ਵਿਚ ਹੁੰਦਾ ਹੈ, ਇਹ ਸੰਕਟ ਉਦੋਂ ਸੁਲਝਦਾ ਹੈ ਜਦੋਂ ਕਿਸ਼ੋਰ ਆਪਣੇ ਵਿਵਸਾਏ ਦੀ ਚੋਣ ਕਰ ਲੈਂਦਾ ਹੈ, ਘਰ ਵਸਾ ਲੈਂਦਾ ਹੈ, ਜੀਵਨ ਵਿਚ ਸੁਰਖਿਅਤ ਮਹਿਸੂਸ ਕਰਨ ਲਗ ਪੈਂਦਾ ਹੈ।

ਜਦੋਂ Erikson ਨੇ ਪਹਿਲੇ ਪਹਿਲ ਅਭੇਦਤਾ ਦੇ ਵਿਕਾਸ ਬਾਰੇ ਲਿਖਿਆ, ਉਸ ਸਮੇਂ ਸਵੈ ਨੂੰ ਸਥਿਰ ਰੂਪ ਦੇਣਾ ਹੀ ਇਕ ਅੰਤਮ ਉਦੇਸ਼ ਗੋਲ ਸਮਝਿਆ ਜਾਂਦਾ ਹੈ। ਜੀਵਨ ਵਿਚ ਕੋਈ ਆਧਾਰ ਲਭ ਲੈਣਾ ਇਕ ਰੁਕਾਵਟ ਸਮਝੀ ਜਾਂਦੀ ਸੀ ਪਿਛੇ ਮੁੜਨਾ ਸਮਝਿਆ ਜਾਂਦਾ ਸੀ ਰੋਗ ਸਮਝਿਆ ਜਾਂਦਾ ਸੀ, ਜਿਹੜਾ ਵੀ ਕੋਈ ਪੱਕੀ ਨੌਕਰੀ ਨਹੀਂ ਸੀ ਲਗਦਾ ਘਰ ਨਹੀਂ ਸੀ ਵਸਾਉਂਦਾ, ਉਸਨੂੰ ਅਵਾਰਾ, ਗੈਰ ਜ਼ਿੰਮੇਵਾਰ ਸਮਝਿਆ ਜਾਂਦਾ ਸੀ। ਇਹ ਸਮਝਿਆ ਜਾਂਦਾ ਸੀ ਕਿ ਉਹ ਬਹੁਤ ਹੀ ਅਸ਼ਾਂਤ ਹੈ।

Artnur Miller ਇਕ ਲੇਖਕ ਹੈ ਉਸ ਨੇ ਇਕ ਪੁਸਤਕ ਵਿਚ ਇਕ ਕਿਰਦਾਰ ਦਾ ਵਰਨਣ ਕੀਤਾ ਹੈ ਉਹ ਕਿਰਦਾਰ ਹੈ, "Death of a sales man" ਉਸ ਕਿਰਦਾਰ ਦੇ ਰਾਹੀਂ Miller ਨੇ ਦੱਸਿਆ ਹੈ ਕਿ ਕਿਵੇਂ ਉਹ ਵੱਡਾ ਹੋ ਕੇ ਵੀ ਕਿਸ਼ੋਰ ਹੀ ਰਹਿੰਦਾ ਹੈ ਤੇ ਕਿਵੇਂ ਉਹ ਆਪਣੇ ਸਵੈ ਨੂੰ ਨਹੀਂ ਸਥਿਰ ਕਰ ਸਕਦਾ।

ਉਹ ਕਿਰਦਾਰ ਕਹਿੰਦਾ ਹੈ, ਮੈਂ ਵੀਹ-ਵਾਹ ਨੌਕਰੀਆਂ ਬਦਲੀਆਂ ਹਨ ਪਰ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਕਿਤੇ ਵੀ ਨਹੀਂ ਪਹੁੰਚਿਆ, ਮੇਰੀ ਆਯੂ 34 ਸਾਲ ਦੀ ਹੋ ਗਈ ਹੈ, ਮੈਨੂੰ ਕੋਈ ਆਪਣਾ ਭਵਿੱਖ ਬਨਾਉਣਾ ਚਾਹੀਦਾ ਹੈ।

ਮੈਂ ਬਹੁਤ ਪਰੇਸ਼ਾਨ ਹਾਂ, ਕਿਉਂ ਨਾ ਮੈਂ ਵਿਆਹ ਹੀ ਕਰ ਲਵਾਂ, ਮੈਨੂੰ ਕੁਝ ਕਰਨਾ ਚਾਹੀਦਾ ਹੈ, ਇਹ ਹੀ ਮੇਰੀ ਸਮਸਿਆ ਹੈ, ਮੈਂ ਅਜੇ ਮੁੰਡਾ ਖੁੰਡਾ ਹੀ ਹਾਂ, ਮੇਰਾ ਵਿਆਹ ਵੀ ਨਹੀਂ ਹੋਇਆ, ਮੈਂ ਕੋਈ ਕੰਮ ਕਾਜ ਵੀ ਨਹੀਂ ਕਰਦਾ, ਮੈਂ ਤਾਂ ਅਜੇ ਮੁੰਡਾ ਹੀ ਹਾਂ।

ਇਸ ਕਿਰਦਾਰ ਰਾਹੀਂ Miller ਸਾਨੂੰ ਦੱਸ ਰਿਹਾ ਹੈ ਕਿ ਸਵੈ ਦੇ ਨਿਰਮਾਣ ਵਿਚ ਵਿਅਕਤੀਤ੍ਵ ਦੇ ਵਿਕਾਸ ਵਿਚ ਕਿੰਨੀਆਂ ਔਕੜਾਂ ਆਉਂਦੀਆਂ ਹਨ, ਕਿਵੇਂ ਕਿਸ਼ੋਰ ਅਵਸਥਾ ਵਿਚੋਂ ਨਿਕਲਣਾ ਔਖਾ ਹੋ ਜਾਂਦਾ ਹੈ, ਅੱਗੇ ਵਧਣ ਵਿਚ ਖਤਰਾ ਲਗਦਾ ਹੈ, ਅਗਲੇ ਜੀਵਨ ਵਿਚ ਪੈਰ ਰੱਖਣ ਤੋਂ ਡਰ ਲਗਦਾ ਹੈ ਪਰ ਇਸ ਸਭ ਕੁਝ ਦਾ ਇਕ ਦੂਸਰਾ ਪੱਖ ਵੀ ਹੈ ਜਿਹੜਾ ਕਿ ਇਸ ਤੋਂ ਬਿਲਕੁਲ ਹਟ ਕੇ ਹੈ। ਕੁਝ ਲੋਕ ਇਹੋ ਜਿਹੇ ਵੀ ਹਨ ਜਿਹੜੇ ਆਪਣੇ ਆਪੇ ਨੂੰ ਚੰਗੀ ਤਰ੍ਹਾਂ ਨਾਲ ਪਕੜ ਕੇ ਬੈਠ ਜਾਂਦੇ ਹਨ, ਸਵੈ ਧਾਰਣਾ ਨੂੰ ਜੀਵਨ ਧਾਰਣਾ ਨੂੰ ਪਕੜ ਲੈਂਦੇ ਹਨ, ਸ਼ਖਸ਼ੀਅਤ ਨੂੰ ਪਕੜ ਲੈਂਦੇ ਹਨ, ਇਥੋਂ ਤੱਕ ਕਿ ਕਿਸੇ ਕਿਸਮ ਦੇ ਬਦਲਾਵ ਦੀ ਕੋਈ ਜਗ੍ਹਾ ਹੀ ਨਹੀਂ ਰਹਿੰਦੀ, ਕਿਸੇ ਕਿਸਮ ਦੇ ਵਿਕਾਸ ਦਾ ਵੀ ਕੋਈ ਥਾਂ ਨਹੀਂ ਰਹਿੰਦਾ।

ਜਿਵੇਂ-ਜਿਵੇਂ ਸਾਡੀ ਸਵੈ ਧਾਰਣਾ ਬਦਲਦੀ ਹੈ, ਵਧੇਰੇ ਸਪਸ਼ਟ ਹੁੰਦੀ ਜਾਂਦੀ ਹੈ, ਜੋ ਕੁਝ ਵੀ ਸਾਡੇ ਤੋਂ ਬਾਹਰ ਹੁੰਦਾ ਹੈ ਉਹ ਵੀ ਸਾਨੂੰ ਸਪਸ਼ਟ ਹੁੰਦਾ ਜਾਂਦਾ ਹੈ, ਕੀ ਜ਼ਰੂਰੀ ਹੈ ਕੀ ਨਹੀਂ ਇਹ ਵੀ ਸਾਫ ਦਿਸਣ ਲਗ ਪੈਂਦਾ ਹੈ। ਅਸੀਂ ਦਵੰਦ ਦੇ ਸੰਸਾਰ ਵਿਚ ਰਹਿੰਦੇ ਹਾਂ, ਮੈਂ ਤੇ ਮੇਰੀ ਵਿਚ ਹੀ ਲੱਗੇ ਰਹਿੰਦੇ ਹਾਂ। ਜੋ ਨਹੀਂ ਹੈ ਉਸ ਦੇ ਪਿੱਛੇ ਦੌੜਦੇ ਹਾਂ ਜੋ ਹੈ ਜੋ ਸੱਤ ਹੈ ਉਸਨੂੰ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ। ਸਵੈ ਦੀ ਇਕ ਕੇਂਦਰਤ ਪਰਿਭਾਸ਼ਾ ਜਿਹੜੀ ਅਸੀਂ ਬਣਾ ਲੈਂਦੇ ਹਾਂ ਉਸ ਦਾ ਇਕ ਲਾਭ ਵੀ ਹੈ ਉਸ ਨਾਲ ਅਸੀਂ ਸੰਗਠਤ ਤਰੀਕੇ ਨਾਲ ਕੰਮ ਕਾਜ ਕਰ ਸਕਦੇ ਹਾਂ। ਬਿਨ੍ਹਾਂ ਸਾਡੀ ਆਪਣੀ ਕਿਸੇ ਪਛਾਣ ਤੋਂ ਸੰਸਾਰ ਵਿਚ ਰਹਿਣਾ ਕੰਮ ਕਰਨਾ ਔਖਾ ਹੋ ਜਾਂਦਾ ਹੈ। ਰੋਜ਼ ਦਾ ਜੀਵਨ ਜੀਣਾ ਔਖਾ ਹੋ ਜਾਏਗਾ। ਸਵੈ ਨੂੰ ਕੇਂਦਰਤ ਕਰਨ ਨਾਲ ਸੰਸਾਰ ਵਿਚ ਵਿਚਰਨਾ ਸੌਖਾ ਹੋ ਜਾਂਦਾ ਹੈ, ਪਰ ਇਸ ਦਾ ਦੂਸਰਾ ਪਾਸਾ ਹੈ ਕਿ ਅਸੀਂ ਆਪਣੇ ਅਸਤਿਤ੍ਵ ਤੋਂ ਪਰ੍ਹੇ ਹੋ ਜਾਂਦੇ ਹਾਂ, ਵੱਖ ਹੋ ਜਾਂਦੇ ਹਾਂ। ਇਸ ਨਾਲ ਵੱਖ ਹੋਣ ਨਾਲ ਇਕ ਤਰ੍ਹਾਂ ਦਵੰਦ ਪੈਦਾ ਕਰਦਾ ਹੈ, ਅਸ਼ਾਂਤੀ ਦਿੰਦਾ ਹੈ, ਅਣਜੋੜਤਾ ਦਿੰਦਾ ਹੈ, ਇਕੱਲਾਪਣ ਤੇ ਵਖਰੇ ਹੋਣ ਦਾ ਅਹਿਸਾਸ ਵੀ ਦਿੰਦਾ ਹੈ।

ਅਸੀਂ ਆਪਣੇ ਆਪ ਨੂੰ ਕਾਬੂ ਵਿਚ ਰੱਖਣਾ ਆਪਣਾ ਮਾਰਗ ਦਰਸ਼ਨ ਕਰਨਾ ਆਪਣੇ ਵਿਕਾਸ ਦੀ ਧਾਰਨਾ ਨਾਲ ਜੋੜਿਆ ਹੈ, ਆਪਣੇ ਆਪ ਨੂੰ ਅਸੀਂ ਦੂਸਰਿਆਂ ਤੋਂ ਵੱਖ ਜਾਣਦੇ ਹਾਂ ਪਰ ਇਸ ਤਰ੍ਹਾਂ ਦੀ ਸਾਡੀ ਪਛਾਣ ਸਾਨੂੰ ਦੂਸਰਿਆਂ ਤੋਂ ਵੱਖ ਕਰ ਦਿੰਦੀ ਹੈ। ਸਾਨੂੰ ਅਧੂਰਾ ਰੱਖਦੀ ਹੈ, ਸਾਡੇ ਅੰਦਰ ਇਕ ਖਿੱਚ ਰਹਿੰਦੀ ਹੈ, ਅਸੀਂ ਕਿਵੇਂ ਵਾਸਤਵ ਸਥਿਤੀ ਤੋਂ ਉਚੇ ਉਠੀਏ, ਪਰੇ ਹੋਈਏ। ਆਪਣੀ ਖੁਦੀ ਨੂੰ ਖਤਮ ਕਰਨ ਵਿਚ 'ਮੈਂ' ਨੂੰ ਖਤਮ ਕਰਨ ਵਿਚ ਬਹੁਤ ਮਿਹਨਤ, ਬਹੁਤ ਸਮਾਂ ਲਗ ਜਾਂਦਾ ਹੈ, ਇਹ ਹੀ ਜੀਵਨ ਦਾ ਦਵੰਦ ਹੈ, ਦੁਬਿਧਾ ਹੈ। ਅਸੀਂ ਚੇਤਨਾ ਦੇ ਵਿਕਾਸ ਦੇ ਮੂਲ ਕੇਂਦਰ ਤੇ ਹਾਂ, ਅਸੀਂ ਆਪਣੇ ਲਈ ਸਵੈਧਾਰਨਾ ਬਣਾਈ ਹੈ ਜੋ ਕਿ ਸੰਸਾਰ ਤੋਂ ਵੱਖ ਹੈ, ਹਟ ਕੇ ਹੈ ਇਕ ਬਨਾਵਟੀ ਵਖਰਾ ਪਰ ਜਿਸ ਦੇ ਲਾਭ ਵੀ ਹਨ ਪਰ ਨਾਲ ਹੀ ਸਾਨੂੰ ਇਹ ਵੱਖਰਾ ਪਰ ਇਕੱਲਾਪਨ ਦੁਖੀ ਵੀ ਕਰਦਾ ਹੈ, ਅਸੀਂ ਇਕ ਵੀ ਹੋਣਾ ਚਾਹੁੰਦੇ ਹਾਂ ਉਸ ਨਾਲ ਮਿਲਣਾ ਵੀ ਚਾਹੁੰਦੇ ਹਾਂ।

Erich Fromn ਨੇ ਦੱਸਿਆ ਹੈ ਉਸ ਨਾਲ ਇਕ ਹੋਣਾ ਮਨੁੱਖ ਦੇ ਜੀਵਨ ਦੀ ਪ੍ਰੇਰਨਾ ਹੈ ਉਹ ਕਹਿੰਦਾ ਹੈ, ਵਖਰੇ ਹੋਣ ਦੀ ਇਕ ਤਾਂਘ, ਇਕ ਪਰੇਸ਼ਾਨੀ ਲੱਗੀ ਰਹਿੰਦੀ ਹੈ।

ਸਭ ਤੋਂ ਡੂੰਘੀ ਅੰਦਰ ਦੀ ਲੋੜ ਹੈ ਇਸ ਵਖਰੇਪਨ ਨੂੰ ਦੂਰ ਕਰਨਾ, ਇਕੱਲੇਪਨ ਦੀ ਜੇਲ੍ਹ ਵਿਚੋਂ ਨਿਕਲਣਾ।

ਸਾਰੇ ਸਮਿਆਂ ਦਾ ਮਨੁੱਖ ਸਾਰੀਆਂ ਜਾਤਾਂ ਦਾ ਮਨੁੱਖ ਸਾਰੀਆਂ ਸੰਸਕ੍ਰਿਤੀਆਂ ਦਾ ਮਨੁੱਖ ਇਸ ਪ੍ਰਸ਼ਨ ਨੂੰ ਸੁਲਝਾਣ ਵਿਚ ਲੱਗਾ ਰਿਹਾ ਹੈ, ਸਭ ਤੋਂ ਵੱਡਾ ਪ੍ਰਸ਼ਨ ਇਕੱਲੇਪਨ ਨੂੰ ਕਿਵੇਂ ਦੂਰ ਕੀਤਾ ਜਾਵੇ, ਉਸ ਨਾਲ ਇਕ ਕਿਵੇਂ ਹੋਇਆ ਜਾਵੇ, ਆਪਣੇ ਨਿੱਜੀ ਜੀਵਨ ਤੋਂ ਕਿਵੇਂ ਉਪਰ ਉਠਿਆ ਜਾਵੇ ਕਿਵੇਂ ਪ੍ਰਾਸ਼ਚਿਤ ਕੀਤਾ ਜਾਵੇ।

ਵਖਰੇਪਨ ਤੋਂ ਦੂਰ ਹੋਣ ਦੀ ਇਸ ਤੋਂ ਉਪਰ ਉਠਣ ਦੀ ਚਾਹ ਅਸੀਂ ਆਪਣੀਆਂ ਬਹੁਤ ਸਾਰੀਆਂ ਰੋਜ਼ ਦੀਆਂ ਗੱਲਾਂ, ਰੋਜ਼ ਦੇ ਕੰਮਾਂ ਵਿਚ, ਦੇਖਦੇ ਹਾਂ, ਕਈ ਕਿਸਮ ਦੀਆਂ ਦਵਾਈਆਂ ਖਾਣੀਆਂ ਜਿਨ੍ਹਾਂ ਨਾਲ ਭੁਚੱਕੇ ਪੈਣ, ਭ੍ਰਾਂਤੀ ਪਵੇ, ਸ਼ਰਾਬ ਪੀਣੀ, ਹੋਰ ਨਸ਼ੇ ਕਰਨੇ, ਤੇਜ਼ ਸਪੀਡ ਤੇ ਗੱਡੀ ਚਲਾਉਣੀ, ਇਹ ਸਭ ਕੁਝ ਇਸ ਗੱਲ ਦਾ ਪ੍ਰਤੀਕ ਹਨ ਕਿ ਸਾਡੇ ਅੰਦਰ ਇਹ ਇੱਛਾ ਕਿੰਨੀ ਪ੍ਰਬਲ ਹੈ ਕਿ ਅਸੀਂ ਆਪਣੇ ਆਪ ਨੂੰ ਆਪੇ ਨੂੰ ਭੁੱਲ ਜਾਈਏ, ਆਪਾ ਭੁੱਲ ਜਾਈਏ, ਉਸ ਇਕ ਨਾਲ ਇਕ ਹੋ ਜਾਈਏ।

ਪਰ ਜਿਸ ਮਨੁੱਖ ਦੀ ਸਵੈ ਧਾਰਣਾ ਬਹੁਤ ਪੱਕੀ ਹੋਵੇਗੀ ਆਪੇ ਦੀ ਭਾਵਨਾ ਵੱਧ ਹੋਵੇਗੀ, ਆਪਣੀ ਵਖਰੀ ਪਛਾਣ ਪੱਕੀ ਹੋਵੇਗੀ ਆਪਣੇ ਉਤੇ ਪਕੜ ਬਹੁਤ ਹੋਵੇਗੀ ਉਸ ਲਈ ਸਵੈ ਤੋਂ ਪਰੇ ਹੋਣਾ, ਉਚੇ ਉਠਣਾ ਓਨਾਂ ਹੀ ਔਖਾ ਹੋਵੇਗਾ। ਇਹੋ ਜਿਹੇ ਮਨੁੱਖ ਲਈ ਕਿਸੇ ਵੀ ਹਾਲਤ ਵਿਚ ਆਪਣੇ ਆਪ ਨੂੰ ਢਿੱਲੇ ਛੱਡਣਾ ਔਖਾ ਹੁੰਦਾ ਹੈ, ਉਸ ਨੂੰ ਪਰ੍ਹੇ ਹਟਣਾ, ਉਚੇ ਉਠਣਾ ਸੱਚਮੁਚ ਹੀ ਔਖਾ ਹੁੰਦਾ ਹੈ। ਉਹ ਭਾਵੇਂ ਇਹ ਕਿੰਨਾ ਵੀ ਮਹਿਸੂਸ ਕਰੇ ਕਿ ਉਹ ਉਪਰ ਉਠ ਸਕਦਾ ਹੈ, ਪਰ੍ਹੇ ਹੋ ਸਕਦਾ ਹੈ, ਉਹ ਮੈਂ ਛੱਡ ਸਕਦਾ ਹੈ, ਉਹ ਆਪਣੇ ਲਈ ਭਾਵੇਂ ਕਿੰਨਾਂ ਕੁੱਝ ਇਕੱਠਾ ਕਰ ਲਵੇ, ਆਪਣੇ ਆਪੇ ਦੀ ਪਰਿਭਾਸ਼ਾ ਭਾਵੇਂ ਕਿੰਨੀ ਹੀ ਵਿਸਤ੍ਰਿਤ ਕਰ ਲਵੇ, ਉਹ ਘਰ ਬਣਾ ਲਵੇ, ਪਰਿਵਾਰ ਵਾਲਾ ਹੋ ਜਾਵੇ, ਕਾਰ ਲੈ ਲਵੇ, ਹੋਰ ਜਿੰਨਾ ਕੁਝ ਜੋ ਕੁਝ ਮਰਜ਼ੀ, ਇਕੱਠਾ ਕਰ ਲਵੇ, ਇਹ ਕਹਿ ਲਵੇ ਇਹ ਮੇਰਾ ਹੈ, ਮੇਰਾ ਹੈ ਆਪਣੀ ਮੈਂ ਨੂੰ ਜਿੰਨਾ ਮਰਜ਼ੀ ਵਿਸਤ੍ਰਿਤ ਕਰ ਲਵੇ ਪਰ ਇਸ ਤਰ੍ਹਾਂ ਕਰਨ ਨਾਲ ਉਸ ਦੀ ਮੈਂ ਖਤਮ ਨਹੀਂ ਹੋ ਜਾਂਦੀ, ਉਸ ਦਾ ਇਕੱਲਾਪਨ ਖਤਮ ਨਹੀਂ ਹੋ ਜਾਂਦਾ। ਜਿੰਨਾ-ਜਿੰਨਾ ਉਸ ਕੋਲ ਵੱਧ ਸਭ ਕੁਝ ਹੁੰਦਾ ਜਾਂਦਾ ਹੈ, ਜਿੰਨਾ ਕੁਝ ਉਹ ਆਸੇ ਪਾਸੇ ਦੇ ਸੰਸਾਰ ਤੇ ਵਧੇਰਾ ਕੰਟਰੋਲ ਮਹਿਸੂਸ ਕਰਦਾ ਹੈ, ਬਾਹਰੋਂ ਦੇਖਣ ਨੂੰ ਭਾਵੇਂ ਲਗ ਕਿ ਉਸ ਦਾ ਇਕੱਲਾਪਨ ਖਤਮ ਹੋ ਗਿਆ ਹੈ ਉਹ ਮਹਿਸੂਸ ਕਰਦਾ ਹੈ, ਬਹੁਤ ਸਾਰੇ ਲੋਕੀ ਉਸ ਦੇ ਥੱਲੇ ਕੰਮ ਕਰਦੇ ਹਨ,

ਉਸਨੂੰ ਖੁਸ਼ ਕਰਨ ਦੀ ਤਾਕ ਵਿਚ ਰਹਿੰਦੇ ਹਨ। ਅੰਤ ਵਿਚ ਉਸਨੂੰ ਪਤਾ ਲਗਦਾ ਹੈ ਕਿ ਉਸ ਦਾ ਇਕੱਲਾਪਨ ਘਟਿਆ ਨਹੀਂ ਇਹ ਤਾਂ ਪਹਿਲਾਂ ਨਾਲੋਂ ਵੀ ਵਧ ਗਿਆ ਹੈ ਉਹ ਆਪਣੇ ਆਪ ਨੂੰ ਵਧੇਰੇ ਖਾਲੀ ਮਹਿਸੂਸ ਕਰਦਾ ਹੈ।

ਕਈ ਲੋਕ ਤਾਂ ਆਪਣੀ ਸਮਰਥਾ ਨਾਲ ਬਹੁਤ ਸਾਰਾ ਧਨ ਇਕੱਠਾ ਕਰ ਲੈਂਦੇ ਹਨ, ਬਹੁਤ ਸ਼ੋਹਰਤ ਪ੍ਰਤਿਸ਼ਟਾ ਪ੍ਰਾਪਤ ਕਰ ਲੈਂਦੇ ਹਨ, ਬਹੁਤ ਸਾਰੀ ਸੱਤਾ ਪ੍ਰਾਪਤ ਕਰ ਲੈਂਦੇ ਹਨ, ਵੱਡੇ ਅਹੁੱਦੇ ਪ੍ਰਾਪਤ ਕਰ ਲੈਂਦੇ ਹਨ ਸਰਕਾਰੇ ਦਰਬਾਰੇ ਉਨ੍ਹਾਂ ਦੀ ਸੁਣੀ ਜਾਂਦੀ ਹੈ, ਇਹ ਸਭ ਕੁਝ ਬਹੁਤ ਵਾਰੀ ਉਹ ਸੰਸਥਾ ਰਾਹੀਂ ਹੀ ਪ੍ਰਾਪਤ ਕਰਦੇ ਹਨ। ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਸੰਸਥਾ ਨਾਲ ਜੋੜ ਲੈਂਦੇ ਹਨ, ਫੇਰ ਆਪਣੇ ਆਪ ਨੂੰ ਉਸੇ ਨਾਲ ਅੱਗੇ ਵਧਾਉਂਦੇ ਹਨ, ਆਪਣੇ ਸਵੈ ਨੂੰ ਅੱਗੇ ਲੈ ਜਾਂਦੇ ਹਨ, ਸੰਸਾਰ ਵਿਚ ਆਪਣਾ ਨਾਂ ਵੀ ਕਰ ਲੈਂਦੇ ਹਨ, ਏਸ ਸਭ ਕੁਝ ਹੋਣ ਦੇ ਬਾਅਦ ਵੀ ਉਹ ਆਪਣੇ ਆਪ ਨੂੰ ਅਧੂਰਾ ਹੀ ਮਹਿਸੂਸ ਕਰਦੇ ਹਨ। ਇਨ੍ਹਾਂ ਲੋਕਾਂ ਲਈ ਉਨ੍ਹਾਂ ਦੀ ਸੱਤਾ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਹੁੰਦੀ ਹੈ, ਉਨ੍ਹਾਂ ਦੀ ਇਹ ਭਾਵਨਾ ਕਿ ਉਹ ਵੱਖ ਹਨ, ਉਹ ਦੂਸਰਿਆਂ ਤੋਂ ਹਟ ਕੇ ਹਨ ਇਹ ਬਹੁਤ ਹੀ ਤੀਖਣ ਤੇ ਸੰਵੇਦਨਸ਼ੀਲ ਹੁੰਦੀ ਹੈ। ਵਾਸਤਵ ਵਿਚ ਬਹੁਤ ਧੰਨ ਹੋ ਜਾਣਾ, ਬਾਹਰ ਦੀ ਤਰੱਕੀ ਮਿਲ ਜਾਣੀ, ਹੋਰ ਸਭ ਕੁਝ ਦਾ ਬਹੁਤ ਹੋ ਜਾਣਾ, ਮਿਲ ਜਾਣਾ ਇਹ ਸਭ ਕੁਝ ਤਾਂ ਇਕ ਤਰ੍ਹਾਂ ਨਾਲ ਸਵੈ ਵਿਕਾਸ ਵਿਚ ਸਵੈ ਨਿਰਮਾਣ ਲਈ ਬਾਧਾ ਹੋ ਜਾਂਦੇ ਹਨ। ਜਿੰਨੀ ਵੱਧ ਤੁਹਾਨੂੰ ਸਫਲਤਾ ਮਿਲਦੀ ਜਾਂਦੀ ਹੈ ਓਨੀਂ ਹੀ ਤੁਸੀਂ ਵੱਧ ਕੋਸ਼ਿਸ਼ ਕਰਦੇ ਹੋ ਕਿ ਤੁਸੀਂ ਆਪਣੇ ਆਪੇ ਨੂੰ ਆਪਣੇ ਬਣੇ ਹੋਏ ਬਿੰਬ ਨੂੰ ਘੁੱਟ ਕੇ ਪਕੜੀ ਰੱਖੋ। ਕੇਵਲ ਬਾਹਰ ਦੀ ਅਭੇਦਤਾ ਦਾ ਵਿਕਾਸ ਹੀ ਦੇਖਣ ਵਿਚ ਆਉਂਦਾ ਹੈ। ਤੁਸੀਂ ਆਪਣੇ ਆਪ ਨੂੰ ਭਾਵੇਂ ਧੋਖਾ ਦਿਓ ਕਿ ਮੈਂ ਸੁਰਖਿਅਤ ਹਾਂ ਮੈਂ ਇਕੱਲਾਪਨ ਖਤਮ ਕਰ ਲਿਆ ਹੈ, ਵਾਸਤਵ ਵਿਚ ਤਾਂ ਤੁਸੀਂ ਬਹੁਤ ਸਾਰੇ ਲੋਕੀ ਇਕੱਠੇ ਕਰ ਲਏ ਹਨ, ਬਹੁਤ ਸਾਰੀਆਂ ਚੀਜ਼ਾਂ ਵਸਤਾਂ ਇਕੱਠੀਆਂ ਕਰ ਲਈਆਂ ਹਨ ਇਹ ਸਭ ਕੁਝ ਉਹ ਕਿੰਨਾ ਵੀ ਆਪਣੀ ਛਾਤੀ ਨਾਲ ਲਾ ਰੇ ਰੱਖੇ ਇਹ ਕਦੇ ਵੀ ਤੁਹਾਡੇ, ਤੁਹਾਡਾ ਹਿੱਸਾ ਨਹੀਂ ਬਣਦੇ।

**ਅਭੇਦਤਾ ਦਾ ਵਿਸਤਾਰ**

**ਤਦਰੂਪਤਾ ਦਾ ਵਿਸਤਾਰ**

ਦ੍ਰਿੜ੍ਹ, ਕਰੜੀ ਅਭੇਦਤਾ ਦੇ ਕਾਰਣ ਜਿਹੜਾ ਵਖਰਾਪਨ, ਇਕੱਲਾ ਪਨ ਆ ਜਾਂਦਾ ਹੈ ਕੀ ਉਸਦਾ ਕੋਈ ਵਿਕਲਪ ਹੈ? ਇਕ ਵਾਰੀ ਜਦੋਂ ਸਵੈ ਧਾਰਨਾ ਬਣ ਜਾਂਦੀ ਹੈ ਜੀਵਨ ਸ਼ੈਲੀ ਬਣ ਜਾਂਦੀ ਹੈ ਫੇਰ ਅਸੀਂ ਬਹੁਤ ਕੁਝ ਨਹੀਂ ਕਰ ਸਕਦੇ ਫੇਰ ਤਾਂ ਅਸੀਂ ਸੁਰਖਿਅਤ ਮਹਿਸੂਸ ਕਰਨ ਲਈ ਉਸਨੂੰ ਜੱਫੀ ਪਾ ਲੈਂਦੇ ਹੰ, ਜਦੋਂ ਵੀ ਅਸੀਂ ਇਕੱਲੇ ਮਹਿਸੂਸ ਕਰਦੇ ਹਾਂ, ਅਸ਼ਾਂਤ ਹੁੰਦੇ ਹਾਂ, ਡਰੇ ਹੁੰਦੇ ਹਾਂ ਅਸੀਂ ਆਪਣੇ ਆਪ ਨਾਲ ਵਧੇਰੇ ਜੁੜ ਜਾਂਦੇ ਹਾਂ, ਅਸੀਂ ਆਪਣੀ ਅਭੇਦਤਾ ਨੂੰ ਕਿਵੇਂ ਬਦਲ ਸਕਦੇ ਹਾਂ। ਅਸੀਂ ਵਧੇਰੇ ਪੂਰਨ ਕਿਵੇਂ ਬਣ ਸਕਦੇ ਹਾਂ, ਅਸੀਂ ਤਾਂ ਜੋ ਹਾਂ ਉਸੇ ਵਿਚੋਂ ਆਪਣੀ ਸੁਰਖਿਆ ਲੈਂਦੇ ਜਾ ਰਹੇ ਹਾਂ। ਇਕ ਪੱਧਰ ਤੇ ਪਹੁੰਚ ਕੇ ਆਪਣੀ ਜੀਵਨ ਸ਼ੈਲੀ ਛੱਡਣ ਬਾਰੇ ਸੋਚਣਾ, ਜੋ ਅਸੀਂ ਹਾਂ ਉਸਨੂੰ ਛੱਡਣਾ ਸੋਚ ਕੇ ਹੋਰ ਕੁਝ ਅਪਨਾਉਣ ਕੀ ਇਹ ਉਲਟੀ ਚਾਲ ਨਹੀਂ ਲਗਦੀ ਪਿਛੇ ਮੁੜਨਾ ਨਹੀਂ ਲਗਦਾ, ਵੱਡੇ ਹੋ ਕੇ ਮੁੜ ਕਿਸ਼ੋਰ ਅਵਸਥਾ ਵਿਚ ਜਾਣਾ ਲਗਦਾ ਹੈ। ਅਸੀਂ ਉਸ ਕਿਰਦਾਰ ਦੀ ਤਰ੍ਹਾਂ ਨਹੀਂ ਹੋਣਾ ਚਾਹੁੰਦੇ ਜਿਸ ਦੀ ਮਿਸਾਲ ਸ਼ੁਰੂ ਵਿਚ ਦਿਤੀ ਗਈ ਹੈ, ਇਕ ਜਗ੍ਹਾ ਤੋਂ ਦੂਸਰੀ ਵਿਚ ਜਾਣਾ ਕਿਤੇ ਟਿਕਣਾ ਹੀ ਨਹੀਂ ਜੀਵਨ ਨੂੰ ਸਥਿਰਤਾ ਦੇਣੀ ਹੀ ਨਹੀਂ। ਫੇਰ ਵੀ ਇਹ ਦੇਖਣਾ ਹੋਰ ਕੀ ਹੋ ਸਕਦਾ ਹੈ?

ਇਨ੍ਹਾਂ ਉਪਰ ਲਿਖੇ ਪ੍ਰਸ਼ਨਾਂ ਦੇ ਉਤਰ ਅੱਜ ਦੇ ਮਨੋਵਿਗਿਆਨਾਂ ਨੇ ਨਹੀਂ ਦਿਤੇ ਤੇ ਸ਼ਾਇਦ ਨਾ ਹੀ ਦੇ ਸਕਦੇ ਹਨ। ਮਨੋਵਿਗਿਆਨਕ ਸਾਨੂੰ ਅੱਜ ਤੱਕ ਇਹ ਹੀ ਨਹੀਂ ਦੱਸ ਸਕੇ ਕਿ ਜਦੋਂ ਆਪਣੀ ਅਭੇਦਤਾ ਤੇ ਪਹੁੰਚ ਗਏ ਸਾਡੀ ਅਭੇਦਤਾ ਬਣ ਗਈ ਉਸ ਤੋਂ ਬਾਅਦ ਜੀਵਨ ਸ਼ੈਲੀ ਦਾ ਵਿਕਾਸ ਕਿਵੇਂ ਕੀਤਾ ਜਾ ਸਕਦਾ ਹੈ ਉਸ ਤੇ ਕਿਵੇਂ ਪਹੁੰਚਿਆ ਜਾ ਸਕਦਾ ਹੈ। ਕਿਤੇ ਵੀ ਇਕ ਵਿਸ਼ੇਸ਼ ਤੇ ਸਿੱਧਾ ਪੱਧਰਾ ਅੰਤਰ ਨਹੀਂ ਦੱਸਿਆ ਗਿਆ ਕਿ ਅਧੂਰੀ, ਅਨਵਿਸਤ੍ਰਿਤ ਅਭੇਦਤਾ ਦੀ ਭਾਵਨਾ ਅਤੇ ਮਨੋਰਥ ਭਰਪੂਰ ਅਭੇਦਤਾ ਦਾ ਰਾਹ ਕੀ ਹੈ, ਆਪਣੀ ਛੋਟੀ ਅਭੇਦਤਾ ਤੋਂ ਉਪਰ ਹੋਣ ਦਾ ਰਾਹ ਕੀ ਹੈ, ਜਿਹੜਾ ਕਿ ਥੋੜ੍ਹੇ ਸਮੇਂ ਲਈ ਪਰੇਸ਼ਾਨ ਕਰ ਸਕਦਾ ਹੈ ਪਰ ਅੰਤ ਵਿਚ ਉਹ ਪੂਰਣ ਸਵੈ ਧਾਰਨਾ ਦੇ ਸਕਦਾ ਹੈ। ਦੂਸਰੇ ਪਾਸੇ ਆਪਣੀ ਪਹਿਲੀ ਅਭੇਦਤਾ ਨੂੰ ਮਿਟਾਉਣ ਲਈ ਜਿਹੜੀ ਪਰੇਸ਼ਾਨੀ ਆਉਂਦੀ ਹੈ ਉਸਨੂੰ ਬਜਾਏ ਇਕ ਸਕਾਰਾਤਮਕ ਤਰੀਕੇ ਨਾਲ ਉਸ ਪੱਖੋਂ ਦੇਖਿਆ ਜਾਏ, ਉਸ ਨੂੰ ਇਕ ਮਾਨਸਿਕ ਰੋਗ ਦੀ ਤਰ੍ਹਾਂ ਦੇਖਿਆ ਜਾਂਦਾ ਹੈ।

ਆਧੁਨਿਕ ਮਨੋਵਿਗਿਆਨ ਇਸ ਗੱਲ ਤੇ ਜ਼ੋਰ ਦਿਤਾ ਹੈ, ਅਸੀਂ ਸਥਿਰ ਅਭੇਦਤਾ ਕਿਵੇਂ ਬਣਾਉਂਦੇ ਹਾਂ, ਵਿਅਕਤੀਤ੍ਵ ਨੂੰ ਸਵੈਧਾਰਨਾ ਦਾ ਮੁੱਢ ਮੰਨਿਆ ਜਾਂਦਾ ਹੈ। ਇਸੇ ਲਈ ਸਥਿਰ ਵਿਅਕਤੀਤ੍ਵ ਹੋਣਾ ਬਹੁਤ ਹੀ ਅਵੱਸ਼ਕ ਮੰਨਿਆ ਜਾਂਦਾ ਹੈ। ਉਪਰ ਦਿਤਾ ਵਿਚਾਰ ਪੱਛਮੀ ਸੰਸਾਰ ਦਾ ਵਿਚਾਰ ਹੈ ਪੂਰਬੀ ਸੰਸਾਰ ਤਾਂ ਅਭੇਦਤਾ ਨੂੰ ਇਕ ਚਲਣ ਵਾਲਾ ਵਿਸ਼ਾ, ਇਕ ਵਿਸਤ੍ਰਿਤ ਹੋਣ ਵਾਲਾ ਵਿਸ਼ਾ ਹੀ ਸਮਝਦੇ ਹਨ, ਜਿਸ ਵਿਚ ਅਭੇਦਤਾ ਦੇ ਹੋਰ ਪਹਿਲੂ ਆਉਂਦੇ ਰਹਿੰਦੇ ਹਨ ਸਾਡੇ ਸੁਭਾਅ ਦੇ ਹੋਰ ਗੁਣ ਅਵਗੁਣ ਅੱਗੇ ਆਉਂਦੇ ਰਹਿੰਦੇ ਹਨ ਤੇ ਕੁਝ ਇਕ ਅਵਗੁਣ ਅਸੀਂ ਛੱਡਦੇ ਰਹਿੰਦੇ ਹਾਂ, ਇਕ ਪੂਰਣ ਰੂਪ ਪੂਰਣ ਵਿਚਾਰ ਬਣਦਾ ਤੇ ਛੋਂਹਦਾ ਰਹਿੰਦਾ ਹੈ।

ਅੱਜ ਦੇ ਮਨੋਵਿਗਿਆਨਕਾਂ ਨੇ ਅਭੇਦਤਾ ਦੇ ਵਿਕਾਸ ਦੇ ਵੱਖ-ਵੱਖ ਪੱਥਰ ਦਿਤੇ ਹਨ ਪਰ ਉਸ ਤੋਂ ਅੱਗੇ ਦੇ ਵਿਕਾਸ ਬਾਰੇ ਹੁਣ ਤੱਕ ਕੋਈ ਬਹੁਤਾ ਧਿਆਨ ਨਹੀਂ ਦਿਤਾ। ਪਰ ਕਈ ਮਨੋਵਿਗਿਆਕਾਂ ਨੇ ਦੱਸਿਆ ਹੈ ਕਿ ਇਸ ਵਿਕਾਸ ਵਿਚ ਹੋਰ ਵੀ ਕਈ ਵਿਸਤ੍ਰਿਤ ਹੋਣ ਦੇ ਪੱਧਰ ਹਨ, ਤਰੀਕੇ ਹਨ, ਹਾਂ ਇਹ ਗੱਲ ਜ਼ਰੂਰ ਹੈ ਕਿ ਉਸ ਪੱਧਰ ਤੇ ਕੋਈ ਵਿਰਲਾ ਹੀ ਪਹੁੰਚਦਾ ਹੈ। ਮਨੋਵਿਗਿਆਨਕ ਇਕ ਗੱਲ ਨੂੰ ਮੰਨਦੇ ਹਨ ਕਿ ਮਨੁੱਖ ਇਕ ਪੱਧਰ ਤੇ ਜਦੋਂ ਅਭੇਦਤਾ ਪ੍ਰਾਪਤ ਕਰ ਲੈਂਦਾ ਹੈ ਉਹ ਫੇਰ ਉਸੇ ਵਿਚ ਹੀ ਫਸ ਕੇ ਰਹਿ ਜਾਂਦਾ ਹੈ, ਉਹ ਪੂਰੀ ਤਰ੍ਹਾਂ ਨਾਲ ਪਰਪੱਕ ਨਹੀਂ ਹੁੰਦਾ। ਉਹ ਪਹਿਲਾਂ ਦਿਤਾ ਉਦਾਹਰਣ ਆਪਣੇ ਆਪ ਵਿਚ ਪੂਰਾ ਹੈ ਜਿਹੜਾ ਕਿਸ਼ੋਰ

ਅਵਸਥਾ ਵਿਚ ਹੀ ਫਸ ਕੇ ਰਹਿ ਗਿਆ ਉਹ ਸਿਆਣਾ ਨਹੀਂ ਬਣਿਆ ਉਸ ਅਵਸਥਾ ਤੱਕ ਨਹੀਂ ਪਹੁੰਚਿਆ। ਉਸ ਦੀ ਸਿਆਣੇਪਣ ਦੀ ਅਭੇਦਤਾ ਬਣੀ ਹੀ ਨਹੀਂ। ਜੇ ਵਿਕਾਸ ਦੇ ਹੋਰ ਵੀ ਅੱਗੇ ਕਈ ਪੱਧਰ ਹਨ ਤਾਂ ਕੀ ਇਹ ਕਿਹਾ ਜਾ ਸਕਦਾ ਹੈ ਕਿ ਬਹੁਤ ਸਾਰੇ ਲੋਕੀ ਉਸ ਤੱਕ ਪਹੁੰਚਦੇ ਹੀ ਨਹੀਂ। ਇਹ ਹੀ ਨਹੀਂ ਅੱਜ ਦੇ ਲੋਕੀ ਅੱਜ ਦੀ ਸੰਸਕ੍ਰਿਤੀ ਵਿਚ ਐਨੇ ਖੁਭ ਗਏ ਹਨ ਕਿ ਉਹ ਅਗਲੇ ਵਿਕਾਸ ਪੱਧਰ ਹੀ ਨਹੀਂ।

ਮਨੋਵਿਗਿਆਨਕਾਂ ਲਈ ਇਹ ਸੁਭਾਵਿਕ ਹੀ ਹੈ ਕਿ ਉਹ ਵਿਕਾਸ ਬਾਰੇ ਸਿਧਾਂਤਕ ਰੂਪ ਵਿਚ ਦੱਸਣ ਲੋਕਾਂ ਦੇ ਗੁਣਾਂ ਬਾਰੇ ਦੱਸਣ ਉਹ ਲੋਕ ਜਿਨ੍ਹਾਂ ਨੂੰ ਉਹ ਜਾਂਚਦੇ ਹਨ, ਦੇਖਦੇ ਹਨ। ਜੇਕਰ ਅਸੀਂ ਉਸ ਮਨੋਵਿਗਿਆਨ ਦਾ ਨਿਰਮਾਣ ਕਰਨਾ ਹੈ ਜਿਹੜਾ ਵਿਕਾਸ ਦੀਆਂ ਹੋਰ ਉਪਰਲੀਆਂ ਪੱਧਰਾਂ ਬਾਰੇ ਦੱਸੇ ਉਸ ਲਈ ਇਹ ਅਵਸ਼ਕ ਹੈ ਕਿ ਇਹੋ ਜਿਹੇ ਮਨੁੱਖਾਂ ਨੂੰ ਦੇਖਿਆ ਜਾਵੇ ਉਨ੍ਹਾਂ ਨੂੰ ਜਾਂਚਿਆ ਜਾਵੇ ਜਿਹੜੇ ਉਸ ਪੱਧਰ ਤੇ ਪਹੁੰਚ ਕੇ ਉਥੋਂ ਆਪਣਾ ਜੀਵਨ ਜੀ ਰਹੇ ਹਨ। ਮਨੋਵਿਗਿਆਨ ਦੀਆਂ ਬਹੁਤ ਸਾਰੀਆਂ ਘੋਖਾ ਬਹੁਤ ਸਾਰਾ ਅਭਿਆਸ ਅਸਾਧਾਰਣ ਲੋਕਾਂ ਤੇ ਹੀ ਹੁੰਦਾ ਹੈ ਜਿਹੜੇ ਆਮ ਜੀਵਨ ਤੋਂ ਹਟ ਕੇ ਹੁੰਦੇ ਹਨ।

ਜਿਨ੍ਹਾਂ ਨੇ ਆਤਮ ਸਿੱਧੀ ਤੇ ਪੜ੍ਹਿਆ ਹੈ, ਜਾਣਿਆ ਹੈ, ਉਹ ਜਾਣਦੇ ਹਨ ਕਿ ਪ੍ਰਤਿਭਾਸ਼ਾਲੀ ਜਾਂ ਜਿਹੜੇ ਵਧੇਰੇ ਚੇਤਨ ਲੋਕ ਹੁੰਦੇ ਹਨ ਉਨ੍ਹਾਂ ਦਾ ਵਿਕਾਸ ਹੋਰ ਅਗਲੇ ਪੱਧਰਾਂ ਤੱਕ ਹੁੰਦਾ ਹੈ। Maslow ਦੇ ਆਤਮ ਸਿੱਧੀ ਸਿਧਾਂਤ ਵਿਚ ਦੱਸਿਆ ਹੈ Buck ਨੇ ਆਪਣੇ ਵਿਸ਼ਵ ਚੇਤਨਾ ਦੇ ਸਿਧਾਂਤ ਵਿਚ ਦੱਸਿਆ ਹੈ, ਹੋਰ ਜਿਹੜੇ ਇਸ ਵਿਸ਼ੇ ਤੇ ਖੋਜ ਕਰ ਰਹੇ ਹਨ ਉਹ ਦਸਦੇ ਹਨ ਕਿ ਅੱਗੇ ਹੋਰ ਪੱਧਰ ਹਨ, ਵਿਕਾਸ ਦੀਆਂ ਅਗਲੀਆਂ ਪੌੜੀਆਂ ਹਨ ਉਹ ਦਸਦੇ ਹਨ ਕਿ ਵਧੇਰੇ ਵਿਕਸਿਤ ਪੱਧਰਾਂ ਵਿਚ ਆਪਣੇ ਲਈ ਬਹੁਤ ਘੱਟ ਸੋਚ, ਆਪਣੇ ਲਈ ਬਹੁਤ ਘੱਟ ਵਿਚਾਰ ਦੂਸਰਿਆਂ ਲਈ ਵਧੇਰੇ ਚਿੰਤਾ ਕਰਨੀ ਉਨ੍ਹਾਂ ਦਾ ਵਧੇਰੇ ਧਿਆਨ ਕਰਨਾ ਆ ਜਾਂਦਾ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਸਾਡੀ ਚਿੰਤਾ ਦਾ ਦਾਇਰਾ ਵਧ ਗਿਆ ਹੋਵੇ ਜਿਵੇਂ-ਜਿਵੇਂ ਸਾਡੀ ਅਭੇਦਤਾ ਦਾ ਪੱਧਰ ਉਚਾ ਹੁੰਦਾ ਜਾਂਦਾ ਹੈ ਸਾਡਾ ਧਿਆਨ, ਸਾਡੀ ਚਿੰਤਾ ਦੂਸਰਿਆਂ ਲਈ ਵਧਦੀ ਜਾਂਦੀ ਹੈ।

Ekisson ਦਸਦਾ ਹੈ –

ਇਕ ਜਵਾਨ ਹਾਬਰੂ ਅਭੇਦਤਾ ਦੀ ਖੋਜ ਵਿਚ ਬਹੁਤ ਵਾਰੀ ਆਪਣੇ ਆਪ ਨੂੰ ਦੂਸਰਿਆਂ ਵਿਚ ਹੀ ਗੁਆ ਬੈਠਦਾ ਹੈ। ਉਹ ਨੇੜੇ ਹੋਣ ਲਈ ਤਿਆਰ ਹੈ, ਉਹ ਆਪਣੇ ਆਪ ਨੂੰ ਜੋੜਨ ਲਈ ਤਿਆਰ ਹੁੰਦਾ, ਕੋਈ ਵੀ ਭਾਈ ਵਾਲੀ ਪਾਉਣ ਲਈ ਤਿਆਰ ਹੁੰਦਾ ਹੈ।

ਜਦੋਂ ਕਿ ਪੱਛਮੀ ਮਨੋਵਿਗਿਆਨਕ ਅਜੇ ਹੋਰ ਵਿਸਤ੍ਰਿਤ ਪੱਧਰਾਂ ਨੂੰ ਦੇਖ ਰਹੇ ਹਨ ਇਹ ਜਾਨਣ ਦੀ ਕੋਸ਼ਿਸ਼ ਕਰ ਰਹੇ ਹਨ, ਯੋਗ ਮਨੋਵਿਗਿਆਨ ਨੇ ਬਹੁਤ ਪਹਿਲਾਂ ਤੋਂ ਇਨ੍ਹਾਂ ਉਚੇ ਪੱਧਰਾਂ ਬਾਰੇ ਖੋਜਿਆ ਹੈ ਤੇ ਜਾਣਿਆ ਹੈ। ਅੱਜ ਦੀ ਮਨੋਚਿਕਿਤਸਾ ਸਾਨੂੰ ਪਹਿਲੇ ਦੱਸੇ ਗਏ ਵਿਅਕਤਿਤ੍ਵ ਵਿਕਾਸ ਦੇ ਉਚੇ ਪੱਧਰਾਂ ਨੂੰ ਜਾਨਣ ਵਿਚ ਸਹਾਇਕ ਹੋ ਸਕਦੀ ਹੈ ਸਾਨੂੰ ਰੌਲੇ ਗੋਲੇ ਵਿਚ ਕੱਢ ਕੇ ਅਭੇਦਤਾ ਦੇ ਚੰਗੇ ਠੋਕ ਸਿਧਾਂਤ ਤੇ ਲੈਜਾ ਸਕਦੀ ਹੈ। ਯੋਗ ਮਨੋਵਿਗਿਆਨ ਸਾਨੂੰ ਇਸ ਤੋਂ ਵੀ ਅੱਗੇ ਲੈ ਜਾ ਸਕਦਾ ਹੈ, ਤੰਗ ਛੋਟੀਆਂ ਤਦਰੂਪਤਾ ਵਿਚੋਂ ਨਿਕਲ ਕੇ ਵੱਡੀ ਸੰਪੂਰਨ ਚੇਤਨਾ ਦੀ ਪ੍ਰਾਪਤੀ ਤੇ ਪਹੁੰਚ ਸਕਦੇ ਹਾਂ ਜਿੱਥੇ ਸਾਨੂੰ ਇਹ ਪਤਾ ਲਗ ਸਕੇ, ਅਸੀਂ ਕੀ ਹਾਂ? ਕੌਣ ਹਾਂ ਅਸੀਂ ਆਪਣੇ ਆਪ ਨੂੰ ਆਪਣੇ ਵਾਸਤਵ ਰੂਪ ਵਿਚ ਸਥਿਰ ਕਰ ਸਕੀਏ, ਸਾਡਾ ਵਾਸਤਵਕ ਸੁਭਾਅ ਹੈ, ਸ਼ਾਂਤੀ, ਪ੍ਰਸੰਨਤਾ, ਅਨੰਦ।

ਤਦਰੂਪਤਾ ਨੂੰ ਖੋਜਣਾ, ਵਿਸਤ੍ਰਿਤ ਕਰਨ ਲਈ ਯੋਗ ਮਨੋਵਿਗਿਆਨ ਸਾਨੂੰ ਦੱਸਦਾ ਹੈ ਕਿ ਸਵੈ ਧਾਰਨਾ ਨੂੰ ਛੱਡਣ ਨਾਲ ਇਹ ਜ਼ਰੂਰੀ ਨਹੀਂ ਕਿ ਤੁਸੀਂ ਦੁਖੀ ਹੋਵੋ, ਅਸ਼ਾਂਤ ਹੋਵੋ, ਦਵੰਦ ਵਿਚ ਰਹੋ, ਇਹ ਵੀ ਜ਼ਰੂਰੀ ਨਹੀਂ ਕਿ ਤੁਸੀਂ ਪਿਛੇ ਵਲ ਮੁੜ ਜਾਓ ਆਪਣੇ ਬਾਰੇ ਹੀ ਦਵੰਦ ਵਿਚ ਪੈ ਜਾਓ ਮੁੜ ਕੇ ਕਿਸ਼ੋਰ ਅਵਸਥਾ ਵਿਚ ਚਲੇ ਜਾਓ। ਜਦੋਂ ਕਿ ਇਹ ਬਿਲਕੁਲ ਸੰਭਵ ਹੈ ਕਿ ਪੁਰਾਣੇ, ਛੋਟੀ ਤੰਗ ਭੀੜੀ ਅਭੇਦਤਾ ਨੂੰ ਨਵੀਂ ਪੂਰਣ ਸੋਹਣੀ ਵਿਸਤ੍ਰਿਤ ਅਭੇਦਤਾ ਨਾਲ ਉਸਨੂੰ ਪੂਰਿਆ ਜਾਵੇ। ਮੈਂ ਤੇ ਮੇਰੀ ਤੋਂ ਵਿਸਤ੍ਰਿਤ ਕਰਕੇ ਸਰਬ ਸਾਂਝੀ ਬਣਾਈ ਜਾਵੇ।

ਅਸੀਂ ਆਪਣੀ ਤੰਗ ਛੋਟੀ 'ਮੈਂ' ਨੂੰ ਛੱਡ ਕੇ ਉਸ ਦੇ ਵਿਸਤਾਰ ਵਲ ਜਾ ਸਕਦੇ ਹਾਂ, ਜਾਂਦੇ ਹਾਂ ਕਿਉਂਕਿ 'ਮੈਂ' ਵਿਚ ਇਕੱਲਾਪਨ ਹੈ, ਵਿਸਤ੍ਰਿਤ ਹੋਈ ਮੈਂ ਵਿਚ ਸਾਰਾ ਸੰਸਾਰ ਹੀ ਆਪਣਾ ਹੈ, ਕੋਈ ਪਰਾਇਆ ਹੈ ਹੀ ਨਹੀਂ, ਮੈਂ ਹੀ ਸਾਰੇ ਕਿਤੇ ਫੈਲ ਗਿਆ ਹੈ। ਇਹ ਅਨੁਭਵ ਭਾਵ ਕਿ ਆਪਣੀ ਛੋਟੀ ਜਿਹੀ ਹਸਤੀ ਨੂੰ ਛੱਡ ਕੇ ਸਾਰੇ ਵਿਸ਼ਵ ਵਿਚ ਵਿਚਰਨ ਵਾਲੇ ਬਣ ਜਾਣਾ ਇਹ ਬਹੁਤ ਹੀ ਵੱਡਾ ਅਨੰਦਮਈ ਹੋ ਸਕਦਾ ਹੈ। ਜਦੋਂ ਜੀਵਨ ਵਿਚ ਇਸ ਤਰ੍ਹਾਂ ਹੁੰਦਾ ਹੈ ਭਾਵੇਂ ਹਲਕਾ ਜਿਹਾ ਹੋਵੇ, ਸਾਡੇ ਅੰਦਰ ਇਕ ਚਾਨਣ ਹੋ ਜਾਂਦਾ ਹੈ ਇਕ ਵਿਸ਼ਾਲਤਾ ਆ ਜਾਂਦੀ ਹੈ, ਇਕ ਨਰੋਆਪਣ ਮਹਿਸੂਸ ਹੋਣ ਲਗ ਪੈਂਦਾ ਹੈ, ਇਕ ਤਰ੍ਹਾਂ ਦਾ ਹੌਲਾਪਨ ਆ ਜਾਂਦਾ ਹੈ ਸਾਨੂੰ ਆਪਣੇ ਅੰਦਰ ਦਾ ਇਕੱਲਾਪਨ ਖਤਮ ਹੁੰਦਾ ਲਗ ਪੈਂਦਾ ਹੈ।

ਬਹੁਤ ਸਾਰੇ ਪੱਛਮੀ ਮਨੋਵਿਗਿਆਨਕ ਪੂਰਬੀ ਇਸ ਅਨੁਭਵ ਨੂੰ, ਭਾਵ ਚੇਤਨਾ ਤੋਂ ਉਪਰ ਹੋ ਕੇ ਮੈਂ ਦਾ ਅੰਤ ਹੋ ਜਾਣਾ, ਸਾਰੀ ਮੈਂ ਤੇ ਮੇਰੀ ਦੀ ਭਾਵਨਾ ਨੂੰ ਪਿੱਛੇ ਛੱਡ ਦੇਣਾ ਇਹ ਸਭ ਕੁਝ ਨੂੰ ਪੱਛਮੀ ਮਨੋਵਿਗਿਆਨਕ 'ਮੈਂ' ਦੀ ਪੂਰਣ ਖਤਮ ਹੋਣਾ ਲੈਂਦੇ ਹਨ। ਕਈ ਲੋਕਾਂ ਲਈ ਇਸ ਤਰ੍ਹਾਂ ਨਾਲ ਪੂਰਣ ਤੌਰ ਤੇ 'ਮੈਂ' ਨੂੰ ਖਤਮ ਕਰ ਦੇਣਾ ਇਕ ਕਲਪਨਾ ਹੀ ਲਗਦੀ ਹੈ ਇਕ ਸੁਪਨਾ ਹੀ ਲਗਦਾ ਹੈ। ਵਾਸਤਵ ਵਿਚ ਇਸ ਤਰ੍ਹਾਂ ਹੁੰਦਾ ਨਹੀਂ ਕਿਉਂਕਿ ਚੇਤਨਾ ਦਾ ਪਸਾਰ ਕੋਈ ਸਰਬਨਾਸ਼ ਨਹੀਂ, ਇਹ ਤਾਂ ਅਭੇਦਤਾ ਦਾ ਪਸਾਰਾ ਹੈ ਤੁਹਾਡਾ ਵਿਕਾਸ ਤੁਹਾਡੀ ਚੇਤਨਾ ਦੀ ਅਭੇਦਤਾ ਦਾ ਪਸਾਰਾ। ਇਹ ਪਸਾਰਾ ਕੋਈ ਸਵੈ-ਵ੍ਰਿਧੀ ਨਾਲ ਨਹੀਂ ਕੋਈ ਸਵੈ ਨੂੰ ਸਜਾਣ ਨਾਲ ਪਰੰਤੂ ਸਵੈ ਦੀ ਪਰਿਭਾਸ਼ਾ ਦਾ ਹੌਲੀ-ਹੌਲੀ ਬਦਲਣਾ ਉਸ ਵਿਚ ਸਹਿਜ ਬਦਲਾਵ ਲਿਆਉਣਾ ਹੈ। ਇਸ ਪੂਰੀ ਪ੍ਰਕ੍ਰਿਆ ਤੋਂ ਸਾਨੂੰ ਡਰਨ ਦੀ ਲੋੜ ਨਹੀਂ ਕਿ ਸਾਡੀ ਤਦਰੂਪਤਾ ਖਤਮ ਹੋ ਜਾਵੇਗੀ ਉਹ ਤਾਂ ਸਦਾ ਹੀ ਸਾਡੇ ਨਾਲ ਹੈ।

ਰਹੱਸਆਤਮਕ ਲਿਖਤਾਂ ਵਿਚ ਦਸਿਆ ਗਿਆ ਹੈ, ਜਿਸ

ਤਰ੍ਹਾਂ ਹੀ ਉਪਚੇਤਨਾ ਦਾ ਜਾਗਰਣ ਹੁੰਦਾ ਹੈ, ਪ੍ਰਗਟਾਵਾ ਹੁੰਦਾ ਹੈ, 'ਮੈਂ' ਖਤਮ ਹੋ ਜਾਂਦੀ ਹੈ ਪਰ ਅੰਗ੍ਰੇਜ਼ੀ ਦਾ 'ਈਗੋ' ਸ਼ਬਦ ਚੰਗੀ ਤਰ੍ਹਾਂ ਨਾਲ ਸਮਝਿਆ ਹੀ ਨਹੀਂ ਜਾਂਦਾ ਇਸ ਸ਼ਬਦ ਦੀ ਪਰਿਭਾਸ਼ਾ ਬਹੁਤ ਲੰਮੀ ਚੌੜੀ ਹੈ। ਆਧੁਨਿਕ ਮਨੋਵਿਗਿਆਨਕ ਵਿਚ 'ਈਗੋ' ਸ਼ਬਦ ਦੀ ਵਰਤੋਂ ਉਸ ਪੱਖ ਲਈ ਕੀਤੀ ਜਾਂਦੀ ਹੈ ਜਿਹੜਾ ਮਨ ਦੇ ਕਾਰਜ ਨੂੰ ਸਮਵਰਗ ਕਰਦਾ ਹੈ। ਇਹ ਮਨ ਦੀ ਸੋਚ, ਤਰਕ, ਮੂਲਾਂਕਣ ਕਰਨਾ ਵਾਲਾ ਪੱਖ ਹੈ। 'ਈਗੋ' ਉਹ ਕੰਮਪਿਊਟਰ ਹੈ ਜਿਹੜਾ ਤੋਲਦਾ ਹੈ, ਛਾਂਟਦਾ ਹੈ ਗਿਣਤੀ ਕਰਦਾ ਹੈ।

ਪਰ ਇਸ ਦਾ ਇਕ ਬਿਲਕੁਲ ਦੂਸਰਾ ਪੱਖ ਵੀ ਹੈ। ਸਾਡੀ ਰੋਜ਼ ਦੀ ਬੋਲੀ ਵਿਚ 'ਈਗੋ' ਸ਼ਬਦ ਤੋਂ ਭਾਵ ਹੈ ਸੁਆਰਥੀ ਹੋਣਾ, ਐਥੋਂ ਤੱਕ ਸੁਆਰਥੀ ਕਿ ਦੂਸਰਿਆਂ ਨੂੰ ਨੁਕਸਾਨ ਵੀ ਪਹੁੰਚਾ ਦੇਣਾ। ਜਦੋਂ ਅਸੀਂ Egotistical ਸ਼ਬਦ ਦੀ ਵਰਤੋਂ ਕਰਦੇ ਹਾਂ ਅਸੀਂ ਉਨ੍ਹਾਂ ਲੋਕਾਂ ਬਾਰੇ ਕਹਿੰਦੇ ਹਾਂ ਜਿਹੜੇ ਨਕਾਰਆਤਮਕ ਸੋਚ ਰਖਦੇ ਹਨ ਜਿਨ੍ਹਾਂ ਦੀ ਈਗੋ ਬਹੁਤ ਹੀ ਪੱਕੀ ਹੈ। ਜਦੋਂ ਇਕ ਮਨੋਵਿਗਿਆਨਕ ਈਗੋ ਦੀ ਗੱਲ ਕਰਦਾ ਹੈ, ਪੂਰੀ ਵਿਸਤ੍ਰਿਤ ਈਗੋ ਦੀ ਗੱਲ ਕਰਦਾ ਹੈ, ਉਸ ਸਮੇਂ ਉਹ ਉਸ ਮਨੁੱਖ ਦੀ ਗੱਲ ਕਰ ਰਿਹਾ ਹੈ, ਜਿਹੜਾ ਆਪਣੇ ਆਲੇ-ਦੁਆਲੇ ਨਾਲ ਆਪਣੇ ਵਾਤਾਵਰਣ ਵਿਚ ਪੂਰੀ ਜੁਗਤ ਨਾਲ ਵਿਚਰ ਰਿਹਾ ਹੋਵੇ। ਇਹ ਜ਼ਰੂਰੀ ਨਹੀਂ ਕਿ ਇਹ ਜੁਗਤ ਕੇਵਲ Egotistical ਵਿਅਕਤੀਤ੍ਵ ਵਾਲੇ ਕੋਲ ਹੀ ਹੋਵੇ।

ਜਦੋਂ ਅਸੀਂ ਇਹ ਕਹਿੰਦੇ ਹਾਂ ਸੁਣਦੇ ਹਾਂ ਕਿ ਉਪ ਚੇਤਨ ਅਵਸਥਾ ਵਿਚ ਈਗੋ ਖਤਮ ਹੋ ਜਾਂਦੀ ਹੈ ਇਸ ਤੋਂ ਕੇਵਲ ਇਹ ਭਾਵ ਹੁੰਦਾ ਹੈ ਕਿ ਸਾਡਾ ਸੁਆਰਥਪਨ ਆਪਣੇ ਆਪ ਲਈ ਸੋਚ ਆਪਣੇ ਨਾਲ ਸਬੰਧਿਤ ਚੀਜ਼ਾਂ ਗੱਲਾਂ, ਇਸ ਤੋਂ ਇਹ ਭਾਵ ਨਹੀਂ ਕਿ ਈਗੋ ਦੀਆਂ ਹੋਰ ਸਮਰਥਾ ਭਾਵ ਸਮਵਰਗ ਤੇ ਗਿਆਨਾਤਮਕ ਪੱਖ ਖਤਮ ਹੋ ਜਾਂਦਾ ਹੈ। ਵਿਸਤ੍ਰਿਤ ਤਦਰੂਪਤਾ ਵਿਚ ਸਾਰੇ ਅਵਸ਼ਕ ਗੁਣ, ਸਮਰਥਾ ਜਿਵੇਂ ਕਿ ਸੋਚਣ ਦੀ, ਤਰਕ, ਦਲੀਲ, ਵਿਸ਼ਲੇਸ਼ਨ, ਇੰਦ੍ਰੀ ਗਿਆਨ ਨੂੰ ਪਰਖਣਾ, ਅੱਗੇ ਦੇਖ ਸਕਣਾ, ਪਿਛਲੇ ਅਨੁਭਵ ਨੂੰ ਵਰਤ ਸਕਣਾ ਗੱਲ ਕੀ ਕਿ ਇਸ ਵਿਚ ਸਾਰੇ ਸਾਕਾਰਆਤਮਕ ਗੁਣ ਜਿਹੜੇ ਕਿ ਇਕ ਸਾਧਾਰਣ ਮਨੁੱਖ ਅੰਦਰ ਹੁੰਦੇ ਹਨ ਤੇ ਸਾਧਾਰਣ ਵਾਤਾਵਰਣ ਵਿਚ ਰਹਿਣ ਲਈ ਯੋਗ ਬਣਾਉਂਦੇ ਹਨ ਜਿਸ ਤਰ੍ਹਾਂ ਚੇਤਨਾ ਦਾ ਵਿਸਤਾਰ ਹੁੰਦਾ ਹੈ ਅਸੀਂ ਸੁਆਰਥ ਛੱਡ ਦਿੰਦੇ ਹਾਂ, ਅਸੀਂ ਆਪਣੇ ਆਪ ਨੂੰ ਵੱਧ ਖੁਲ੍ਹੇ ਕਰ ਲੈਂਦੇ ਹਾਂ ਆਪਣਾ ਘੇਰਾ ਵੱਡਾ ਕਰ ਲੈਂਦੇ ਹਾਂ। ਅਸੀਂ ਮੈਂ ਤੇ ਮੇਰੀ ਤੋਂ ਉਪਰ ਉਠ ਜਾਂਦੇ ਹਾਂ। ਅਸੀਂ ਸਰੀਰ ਦੀ ਮੈਂ ਤੋਂ ਪਰ੍ਹੇ ਹੋ ਕੇ ਉਪਰ ਹੋ ਕੇ ਵਿਸ਼ਾਲਤਾ ਵਲ ਚਲੇ ਜਾਂਦੇ ਹਾਂ। ਮੈਂ ਦੀ ਭਾਵਨਾ ਖਤਮ ਹੋ ਜਾਂਦੀ ਹੈ ਈਗੋ ਦੀਆਂ ਸਮਵਰਗਤਾ ਰਹਿੰਦੀ ਹੈ, ਇਸ ਦੀ ਵਰਤੋਂ ਵਿਸ਼ਾਲ ਤਦਰੂਪਤਾ ਲਈ ਹੁੰਦੀ ਹੈ 'ਮੈਂ' ਦਾ ਮੂਲ ਰੂਪ ਖਤਮ ਨਾ ਹੋ ਕੇ ਉਸ ਦਾ ਰੂਪ ਬਦਲ ਜਾਂਦਾ ਹੈ ਭਾਵ ਉਸ ਦੀ ਕਾਇਆ ਪਲਟ ਜਾਂਦੀ ਹੈ।

ਇਸ ਤਰ੍ਹਾਂ ਨਾਲ ਵਰੋਸੋਇਆ ਹੋਇਆ, ਪਸਰਿਆ ਹੋਇਆ ਤਦਰੂਪਤਾ ਸਾਨੂੰ ਸੰਸਾਰ ਵਿਚ ਰਹਿਣ ਲਈ ਵਧੇਰੇ ਸੰਗਠਤ ਹੋ ਕੇ ਕੰਮ ਕਰਨ ਲਈ ਤਿਆਰ ਕਰ ਦਿੰਦੀ ਹੈ। ਉਦਾਹਰਣ ਵਜੋਂ ਇਕ ਤੰਗ, ਛੋਟੀ ਤਦਰੂਪਤਾ ਸਾਨੂੰ ਸੰਸਾਰ ਦਾ ਇਕ ਬਹੁਤ ਹੀ ਸੀਮਤ ਦ੍ਰਿਸ਼ ਹੀ ਦੇਵੇਗੀ ਜਿਵੇਂ ਕਿ ਇਹ ਮੇਰਾ ਹੱਥ ਹੈ ਜੇ ਇਸਨੂੰ ਸੱਟ ਲਗਦੀ ਹੈ ਤਾਂ ਮੈਨੂੰ ਕੋਈ ਫਰਕ ਨਹੀਂ ਪੈਂਦਾ, ਉਹ ਮੇਰਾ ਨਹੀਂ ਹੈ, ਮੈਨੂੰ ਦੁਖ ਨਹੀਂ ਹੋਵੇਗਾ ਮੈਨੂੰ ਉਸ ਹੱਥ ਦੀ ਪ੍ਰਵਾਹ ਕਰਨ ਦੀ ਲੋੜ ਨਹੀਂ। ਇਥੇ ਬੜੀ ਚੰਗੀ ਤਰ੍ਹਾਂ ਨਾਲ ਸਪਸ਼ਟ ਕੀਤਾ ਗਿਆ ਹੈ ਕਿ ਛੋਟੀ ਦ੍ਰਿਸ਼ਟੀ ਤੰਗ ਦ੍ਰਿਸ਼ਟੀ ਕੀ ਹੈ, ਬਾਹਰ ਦਾ ਸੰਸਾਰ ਕੀ ਹੈ? ਜਿਵੇਂ ਹੀ ਸਾਡੀ ਤਦਰੂਪਤਾ ਦਾ ਵਿਸਤਾਰ ਹੁੰਦਾ ਹੈ ਸਾਡੀ ਸਚੇਤਨਤਾ ਦਾ ਪਸਾਰਾ ਹੁੰਦਾ ਹੈ, ਸਾਨੂੰ ਸਮਝ ਆ ਜਾਂਦੀ ਹੈ ਕਿ ਸਾਰਾ ਸੰਸਾਰ ਕਿਵੇਂ ਇਕ ਹੈ। ਅਸੀਂ ਇਹ ਸਮਝਣ ਲਗ ਪੈਂਦੇ ਹਾਂ ਕਿ ਕਿਵੇਂ ਸੱਟ ਚੋਟ ਕਿਵੇਂ ਸਾਡੇ ਉਤੇ ਅਸਰ ਕਰ ਸਕਦੀ ਹੈ। ਸੀਮਤ ਸਵੈ ਧਾਰਨਾ ਨਾਲ ਸਾਨੂੰ ਆਪਣਾ ਵਾਤਾਵਰਣ ਦੂਸ਼ਿਤ ਕਰਦਿਆਂ ਵੀ ਕੋਈ ਪਰਵਾਹ ਨਹੀਂ ਹੁੰਦੀ। ਅਸੀਂ ਠੰਡਾ ਪੀ ਕੇ ਬੋਤਲ ਵਗਾਹ ਕੇ ਮਾਰਦੇ ਹਾਂ ਸੋਚਦੇ ਹਾਂ ਮੈਨੂੰ ਕੀ ਪਰਵਾਹ ਗੰਦਾ ਹੁੰਦਾ ਹੈ ਵਾਤਾਵਰਣ ਦੂਸ਼ਿਤ ਹੁੰਦਾ ਹੈ ਤਾਂ ਕੀ। ਕੁਝ ਖਾ ਕੇ ਕਾਗਜ਼ ਮਰੋੜ ਕੇ ਸੁੱਟ ਦਿੰਦੇ ਹਾਂ ਤੇ ਕਹਿੰਦੇ ਹਾਂ ਮੈਨੂੰ ਕੀ ਦਰਖਤ ਦੀ ਟਾਹਣੀ ਤੋੜ ਦਿੰਦੇ ਹਾਂ ਤੇ ਸੋਚਦੇ ਹਾਂ ਫੇਰ ਕੀ ਹੋ ਗਿਆ ਭਾਵ ਕੀ ਕਿ ਸਾਡੀ ਇਹ ਪ੍ਰਵਿਰਤੀ ਹੋ ਜਾਂਦੀ ਹੈ। ਕੋਈ ਗੱਲ ਨਹੀਂ ਮੈਂ ਕੁਝ ਵੀ ਕਰ ਸਕਦਾ ਹਾਂ ਪਰ ਜਿਵੇਂ ਹੀ ਸਾਡੀ ਸਵੈ ਧਾਰਨਾ ਸੰਮਿਲਿਤ ਹੋ ਜਾਂਦੀ ਹੈ, ਸਾਨੂੰ ਦਿਸਣ ਲਗ ਪੈਂਦਾ ਹੈ, ਸਮਝ ਆਉਣ ਲਗ ਪੈਂਦੀ ਹੈ ਕਿ ਜੋ ਕੁਝ ਵੀ ਅਸੀਂ ਬਾਹਰੀ ਸੰਸਾਰ ਨਾਲ ਕਰਾਂਗੇ ਉਹ ਸਾਨੂੰ ਹੀ ਮੁੜ ਕੇ ਮਿਲੇਗਾ, ਸਾਨੂੰ ਸਮਝ ਆਉਣ ਲਗ ਪੈਂਦੀ ਹੈ ਜੇ ਅਸੀਂ ਬਾਗ ਵਿਚ ਗੰਦ ਪਾਵਾਂਗੇ, ਮੁੜ ਕੇ ਜਦੋਂ ਅਸੀਂ ਜਾਵਾਂਗੇ ਸਾਨੂੰ ਹੀ ਚੰਗਾ ਨਹੀਂ ਲੱਗੇਗਾ।

ਜਿਵੇਂ ਸਾਡੀ ਸਚੇਤਨਤਾ ਵਧਦੀ ਹੈ ਸਾਨੂੰ ਵਧੇਰੇ ਮਹਿਸੂਸ ਹੁੰਦਾ ਹੈ, ਸਾਨੂੰ ਆਪਣੀ ਜ਼ਿੰਮੇਵਾਰੀ ਵਧੇਰੇ ਲਗਣ ਲਗ ਪੈਂਦੀ ਹੈ। ਸਾਨੂੰ ਆਪਣੇ ਵਿਚ ਤੇ ਦੂਸਰਿਆਂ ਵਿਚ ਭੇਦ ਘੱਟ ਲਗਣ ਲਗ ਪੈਂਦਾ ਹੈ। ਫੈਲੀ ਹੋਈ ਤਦਰੂਪਤਾ ਦੇ ਸਰੂਪ ਵਿਚੋਂ ਸਾਨੂੰ ਲਗਣ ਲਗ ਪੈਂਦਾ ਹੈ ਕਿ ਅਸੀਂ ਉਸ ਇਕ ਵਿਸ਼ਾਲ ਦਾ ਹੀ ਇਕ ਭਾਗ ਹਾਂ। ਸਾਡੇ ਸਰੀਰ ਦੇ ਸਾਰੇ ਛੋਟੇ ਛੋਟੇ ਸੈਲ ਵੀ ਇਕੱਠੇ ਹੋ ਕੇ ਕੰਮ ਕਰਦੇ ਹਨ ਤੇ ਇਕ ਦੂਸਰੇ ਲਈ ਬਹੁਤ ਵਾਰੀ ਖਤਮ ਵੀ ਹੋ ਜਾਂਦੇ ਹਨ। ਫੈਲੀ ਹੋਈ ਵਿਕਸਿਤ ਅਭੇਦਤਾ ਸਾਨੂੰ ਸੰਗਠਨ ਹੋਣ ਵਿਚ ਸਹਾਇਕ ਹੁੰਦੀ ਹੈ, ਅਸੀਂ ਚੰਗੀ ਤਰ੍ਹਾਂ ਨਾਲ ਕੰਮ ਕਰ ਸਕਦੇ ਹਾਂ, ਅਸੀਂ ਜਨ ਭਲਾਈ ਲਈ ਕੰਮ ਕਰ ਸਕਦੇ ਹਾਂ, ਇਕੱਲਾ ਆਪਣੇ ਲਈ ਹੀ ਨਹੀਂ। ਸਾਡੇ ਜੀਵਨ ਵਿਚ ਇਕ ਨਵੀਂ ਏਕਤਾ ਦੀ ਲਹਿਰ ਦੌੜ ਪੈਂਦੀ ਹੈ, ਜਿਹੜੀ ਕਿ ਪਹਿਲਾਂ ਨਹੀਂ ਸੀ। ਜਦੋਂ ਸਾਡੀ ਸਵੈ ਧਾਰਨਾ ਛੋਟੀ ਸੀ। ਹੌਲੀ-ਹੌਲੀ ਅਸੀਂ ਇਕੱਲੇਪਨ ਤੋਂ ਨਿਕਲ ਜਾਂਦੇ ਹਾਂ, ਸਮਝਣ ਲਗ ਪੈਂਦੇ ਹਾਂ ਇਕੱਲਾਪਨ ਜਿਹੜਾ ਅਸੀਂ ਮਹਿਸੂਸ ਕਰਦੇ ਸੀ ਉਹ ਕੋਈ ਸੱਚਾ ਜੀਵਨ ਉਦੇਸ਼ ਨਹੀਂ ਸੀ, ਉਹ ਸਾਡੀ ਇਕ ਗਲਤ ਧਾਰਨਾ ਸੀ, ਇਕ ਭਰਮ ਸੀ, ਜਿਹੜਾ ਸਾਡੇ ਅਨੁਭਵ ਤੇ ਅਸੀਂ ਬਣਾ ਲਿਆ ਸੀ।

**(ਬਾਕੀ ਪੰਨਾ 48 ਤੇ)**

# ਗੁਰਮਤਿ ਪ੍ਰਚਾਰ ਦਾ ਸੋਮਾ
# ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਮਹਾਂਪੁਰਸ਼ਾਂ ਦੇ ਜੀਵਨ ਸੰਸਾਰ ਲਈ ਚਾਨਣ ਮੁਨਾਰਾ ਹੋਇਆ ਕਰਦੇ ਹਨ। ਉਨ੍ਹਾਂ ਦਾ ਜੀਵਨ ਸਮਦਰਸ਼ੀ, ਪ੍ਰਉਪਕਾਰੀ ਤੇ ਰੂਹਾਨੀਅਤ ਭਰਪੂਰ ਹੁੰਦਾ ਹੈ। ਉਹ ਆਪਣੀ ਪਾਰਦ੍ਰਿਸ਼ਟੀ ਸਦਕਾ ਭਵਿਖਤ ਦੀਆਂ ਲਕੀਰਾਂ ਖਿਚ ਕੇ ਆਪਣੇ ਵੱਡੇ ਮਹਾਂਪੁਰਖਾਂ ਤੇ ਗੁਰੂ ਸਾਹਿਬਾਨਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲਣ ਵਾਸਤੇ ਗੁਰਸਿਖ ਜਗਿਆਸੂਆਂ ਨੂੰ ਪਰਪੱਕ ਹੋ ਕੇ ਰਹਿਣ ਦਾ ਉਪਦੇਸ਼ ਦਿਆ ਕਰਦੇ ਹਨ। ਠੀਕ ਇਸੇ ਤਰ੍ਹਾਂ ਦਾ ਹੀ ਜੀਵਨ ਸੰਤ ਬਾਬਾ ਵਰਿਆਮ ਸਿੰਘ ਜੀ ਦਾ ਹੈ ਜਿਨ੍ਹਾਂ ਨੇ ਪਿੰਡ ਧਮੋਟ (ਜਿਲ੍ਹਾ ਲੁਧਿਆਣਾ) ਦੇ ਇਕ ਆਮ ਕਿਸਾਨ ਪਰਿਵਾਰ ਵਿਚ ਜੰਮ-ਪਲ ਕੇ ਗੁਰਮਤਿ ਪ੍ਰਚਾਰ ਨੂੰ ਇਕ ਨਵੀਂ ਸੇਧ ਦਿੱਤੀ ਜਿਸ ਦਾ ਸਦਕਾ ਅੱਜ ਸਾਰੇ ਸੰਸਾਰ ਵਿਚ ਅਤੇ ਖਾਸ ਕਰਕੇ ਗੁਰਸਿਖੀ ਹਲਕਿਆਂ ਵਿਚ ਰਤਵਾੜਾ ਸਾਹਿਬ ਦਾ ਨਾਮ ਬੜੇ ਪਿਆਰ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ।

ਆਪ ਦਾ ਜਨਮ 17 ਜੂਨ 1918 ਨੂੰ ਮਾਤਾ ਇੰਦ ਕੌਰ ਦੀ ਕੁੱਖੋਂ ਜਥੇਦਾਰ ਕਰਤਾਰ ਸਿੰਘ ਦੇ ਗ੍ਰਿਹ ਵਿਖੇ ਪਿੰਡ ਧਮੋਟ ਤਹਿ ਪਾਇਲ, ਜਿਲ੍ਹਾ - ਲੁਧਿਆਣਾ ਵਿਖੇ ਹੋਇਆ। ਸੁਰਤ ਸੰਭਾਲਦਿਆਂ ਹੀ ਆਪ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਲਿਆ ਸੀ ਤੇ ਸਿਖੀ ਦੇ ਪ੍ਰਚਾਰ ਦੀ ਸ਼ੁਰੂਆਤ ਆਪਣੇ ਪਿੰਡ ਧਮੋਟ ਤੋਂ ਕੀਤੀ ਤੇ ਵਿਦਿਆਰਥੀ ਜੀਵਨ ਦੌਰਾਨ ਆਪ ਪਿੰਡ ਵਿਚ ਆਸਾ ਜੀ ਦੀ ਵਾਰ ਦੇ ਕੀਰਤਨ ਦੇ ਨਾਲ ਨਾਲ ਅਖੰਡ ਪਾਠਾਂ ਦੀ ਸੇਵਾ ਵੀ ਨਿਭਾਉਂਦੇ ਰਹੇ ਜਿਸ ਦਾ ਸਦਕਾ ਪਿੰਡ ਦੇ ਵਿਸ਼ਵਕਰਮਾ ਨੂੰ ਮੰਨਣ ਵਾਲੇ ਰਾਮਗੜ੍ਹੀਏ ਪਰਿਵਾਰਾਂ ਨੂੰ ਸਿੰਘ ਸਜਾ ਦਿੱਤਾ। ਪੜ੍ਹਾਈ ਪੂਰੀ ਕਰਨ ਉਪਰੰਤ ਜਦੋਂ ਨੌਕਰੀ ਦੀ ਤਲਾਸ਼ ਵਿਚ ਸਿੰਧ ਗਏ ਤਾਂ ਨੌਕਰੀ ਤਾਂ ਕੀ ਕਰਨੀ ਸੀ ਉਥੋਂ ਦੇ ਪੰਜਾਬੀ ਆਬਾਦਕਾਰਾਂ ਦੀ ਹਾਲਤ ਦੇਖ ਕੇ ਦਿਲ ਦ੍ਰਵ ਗਿਆ ਤੇ ਉਥੇ ਹੀ ਟਿਕ ਗਏ ਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਹਟਾ ਕੇ ਗੁਰਸਿਖੀ ਨਾਲ ਜੋੜਿਆ ਤੇ ਨਾਲ ਨਾਲ ਉਨ੍ਹਾਂ ਨੂੰ ਗੁਰੂ ਦੀ ਬਾਣੀ ਪੜ੍ਹਨ ਦੀ ਸੰਥਿਆ ਵੀ ਦਿੰਦੇ ਰਹੇ ਤੇ ਨਾਲ ਤਪ ਸਾਧਨਾ ਤੇ ਸਿਮਰਨ ਵੀ ਕੀਤਾ।



ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ
ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

18 ਸਾਲ ਦੀ ਉਮਰ ਵਿਚ ਹੀ ਆਪ ਦਾ ਸੰਪਰਕ ਰਾੜਾ ਸਾਹਿਬ ਵਾਲੇ ਵੱਡੇ ਮਹਾਂਪੁਰਖਾਂ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਨਾਲ ਹੋਇਆ ਤੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਹੀ ਗ੍ਰਿਹਸਤੀ ਜੀਵਨ ਨਿਰਲੇਪਤਾ ਨਾਲ ਬਤੀਤ ਕੀਤਾ। ਪਟਿਆਲੇ ਫੌਜ ਵਿਚ ਨੌਕਰੀ ਕੀਤੀ ਤੇ ਚੰਡੀਗੜ੍ਹ ਸੈਕਟਰੀਏਟ ਵਿਚ ਵੀ ਸਰਵਿਸ ਕੀਤੀ ਪਰੰਤੂ ਨਾਮ ਅਭਿਆਸ ਵਿਚ ਸਥਿਰ ਰਹਿ ਕੇ ਸੱਚੀ ਸੁਚੀ ਕਿਰਤ ਕਰਦਿਆਂ ਹੋਇਆ ਵੱਧ ਤੋਂ ਵੱਧ ਕੰਮ ਕੀਤਾ ਤੇ ਸੰਪਰਕ ਵਿਚ ਆਏ ਅਧਿਕਾਰੀਆਂ ਨੂੰ ਰਿਸ਼ਵਤ ਲੈਣ ਤੇ ਦੇਣ ਤੋਂ ਵਰਜ਼ ਕੇ ਦਰਗਾਹ ਵਿਚ ਸੁਰਖਰੂ ਰਹਿਣ ਲਈ ਪ੍ਰੇਰਨਾ ਦਿੰਦੇ ਰਹੇ। (Recess) ਛੁੱਟੀ ਦੇ ਸਮੇਂ ਸਤਸੰਗ ਗੋਸ਼ਟੀ ਕਰਕੇ ਸ਼ੰਕੇ ਨਵਿਰਤ ਕਰਦੇ ਰਹਿੰਦੇ ਸਨ। ਸਰਕਾਰੀ ਸਰਵਿਸ ਨੂੰ ਅਚਾਨਕ ਹੀ ਤਿਲਾਂਜਲੀ ਦੇ ਕੇ ਯੂ.ਪੀ. ਵਿਚ ਫਾਰਮ ਅਬਾਦ ਵੀ ਕੀਤਾ ਤੇ ਉਥੋਂ ਦੇ ਖੂੰਖਾਰ ਲੋਕਾਂ ਦੇ ਕਤਲ ਕਰਨ ਤੋਂ ਹੀ ਠੱਲ ਨਹੀਂ ਪਾਈ ਸਗੋਂ ਸ਼ਰਾਬ ਤੇ ਨਸ਼ਿਆਂ ਤੋਂ ਨਿਜਾਤ ਵੀ ਦਿਵਾ ਦਿੱਤੀ ਤੇ ਘਰ ਘਰ ਜਾ

ਕੇ ਦੂਰ ਦੁਰਾਡੇ ਥਾਵਾਂ ਤੇ ਨਾਮਬਾਣੀ ਦਾ ਉਪਦੇਸ਼ ਦੇ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਉਪਰੰਤ ਅਚਾਨਕ ਹੀ ਇਕ ਅਗੰਮੀ ਹੁਕਮ ਪਾ ਕੇ ਹਸਦਾ ਤੇ ਵਸਦਾ ਫਾਰਮ ਵੇਚ ਕੇ ਚੰਡੀਗੜ੍ਹ ਵਿਚ ਆ ਗਏ ਤੇ ਚੰਡੀਗੜ੍ਹ ਦੇ ਦੁਆਲੇ ਤੇ ਰੋਪੜ, ਅੰਬਾਲਾ ਤੇ ਪਟਿਆਲਾ ਜਿਲਿਆਂ ਦੇ ਪਛੜੇ ਇਲਾਕਿਆਂ ਦਾ ਸਰਵੇਖਣ ਕੀਤਾ ਤੇ ਮਨ ਤੇ ਬਹੁਤ ਅਸਰ ਪਿਆ ਕਿ ਜਿਸ ਧਰਤੀ ਤੇ ਪੰਜ ਗੁਰੂ ਸਾਹਿਬਾਨ ਦੇ ਚਰਨ ਪਏ ਹੋਣ ਤੇ ਉਹ ਇਲਾਕਾ ਸਿੱਖੀ ਤੋਂ ਵਾਂਝਾ ਹੈ, ਲੋਕੀ ਤਮਾਕੂ ਬੀਜਦੇ ਹਨ, ਮੜੀਆਂ ਮਸਾਣੀਆਂ, ਗੁਗੇ ਤੇ ਦੇਵੀਆਂ ਨੂੰ ਪੂਜਦੇ ਹਨ। ਦਿਨ ਰਾਤ ਇਕ ਕਰਕੇ ਪਿੰਡ ਪਿੰਡ ਵਿਚ ਦੀਵਾਨ ਸਜਾਏ ਤੇ ਕਰੜੀ ਮਿਹਨਤ ਤੋਂ ਬਾਅਦ ਸਿੱਖੀ ਦੇ ਸੁਕ ਰਹੇ ਬੂਟੇ ਨੂੰ ਸਦਾ ਲਈ ਹਰਿਆਂ ਕੀਤਾ ਅਤੇ ਜਿਸ ਦਾ ਸਦਕਾ ਰਤਵਾੜਾ ਸਾਹਿਬ ਹੋਂਦ ਵਿਚ ਆਇਆ।



ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
**ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਪ੍ਰਸ਼ਾਦੇ ਵਰਤਾਉਣ ਦੀ**

ਇਥੇ ਇਹ ਗੱਲ ਖਾਸ ਤੌਰ ਤੇ ਵਰਨਣ ਯੋਗ ਹੈ ਕਿ ਪ੍ਰਚਾਰ ਦੀ ਇਸ ਮੁਹਿੰਮ ਵਿਚ ਉਨ੍ਹਾਂ ਦੀ ਧਰਮ ਸੁਪਤਨੀ ਸਤਿਕਾਰਯੋਗ ਬੀਬੀ ਰਣਜੀਤ ਕੌਰ ਜੀ ਨੇ ਪੂਰਾ ਸਾਥ ਦਿੱਤਾ ਅਣਗਿਣਤ ਪਰਵਾਰਾਂ ਨੂੰ ਸਿਧੇ ਰਸਤੇ ਪਾਇਆ ਅਤੇ ਸੇਵਾ ਦੀ ਮੂਰਤ ਬਣਕੇ ਸਭ ਨਾਲ ਖਿੜੇ ਮੱਥੇ ਹਮਦਰਦੀ ਜਿਤਾਈ। ਉਨ੍ਹਾਂ ਵਿਚ ਇਹ ਮਹਾਨ ਸਿਫਤ ਹੈ ਕਿ ਉਨ੍ਹਾਂ ਨੇ ਹਮੇਸ਼ਾ ਦੇ ਕੇ ਹੀ ਭਲਾ ਮਨਾਇਆ ਹੈ ਤੇ ਪੂਜਾ ਦੇ ਧਾਨ ਨੂੰ ਘਰ ਦੀ ਦਲੀਜਾ ਨਹੀਂ ਵੜਨ ਦਿਤਾ ਕਿਉਂਕਿ ਉਨ੍ਹਾਂ ਦੇ ਪਿਤਾ ਬਾਬਾ ਹੀਰਾ ਸਿੰਘ ਇਕ ਮਹਾਨ ਰੂਹਾਨੀ ਹਸਤੀ ਸੇਵਾ ਤੇ ਸਿਮਰਨ ਦੀ ਪਰਤੱਖ ਮੂਰਤ ਸਨ ਜਿਨ੍ਹਾਂ ਨੇ ਬਾਬਾ ਜੀ ਤੇ ਬੀਜੀ ਦੇ ਸੰਯੋਗ ਨੂੰ ਕਈ ਸਾਲ ਪਹਿਲਾਂ ਹੀ ਦੱਸ ਦਿੱਤਾ ਸੀ।

ਇਨ੍ਹਾਂ ਮਹਾਨ ਰੂਹਾਨੀ ਸ਼ਖਸ਼ੀਅਤ ਕਰਕੇ ਜਿਥੇ ਹਿੰਦੋਸਤਾਨ ਭਰ ਵਿਚ ਰਤਵਾੜਾ ਸਾਹਿਬ ਦੀ ਚਰਚਾ ਹੈ ਉਥੇ ਵਿਦੇਸ਼ਾਂ ਵਿਚ ਵੀ ਇਸ ਅਸਥਾਨ ਦੀ ਜਾਣ ਪਛਾਣ ਭਲੀਭਾਂਤ ਸੋਭਾ ਦਾਇਕ ਹੈ। ਇਸ ਅਸਥਾਨ ਬਾਰੇ ਸੰਤ ਬਾਬਾ ਅਜੀਤ ਸਿੰਘ ਜੀ ਨਥਲਪੁਰ ਤੇ ਸੰਤ ਬਾਬਾ ਕਰਤਾਰ ਸਿੰਘ ਜੀ ਭੈਰੋਂ ਮਾਜਰਾ ਵਾਲਿਆਂ ਨੇ ਇਸ ਦੇ ਪਰਗਟ ਹੋਣ ਦੇ ਇਸ਼ਾਰੇ ਅਸਥਾਨ ਬਣਨ ਤੋਂ ਵੀਹ ਸਾਲ ਪਹਿਲਾਂ ਹੀ ਦੇ ਦਿਤੇ ਸਨ ਕਿ ਇਹ ਧਰਤੀ ਦੁਆਪਰ ਯੁਗ ਦੇ ਅਵਤਾਰ ਅਤੇ ਪਾਂਡਵਾਂ, ਅਤੇ ਦਸ਼ਮੇਸ਼ ਪਿਤਾ ਜੀ ਦੇ ਚਰਨਾਂ ਨਾਲ ਪਵਿੱਤਰ ਹੋਈ ਹੋਈ ਹੈ।

1999 ਵਿਚ ਜਦੋਂ ਦੂਜੀ ਵਾਰੀ ਸਨੀਵੇਲ (U.S.A) ਵਿਖੇ ਦੀਵਾਨ ਚਲ ਰਹੇ ਸਨ ਤਾਂ ਇਕ ਬਹੁਤ ਹੀ ਪੜ੍ਹੇ ਲਿਖੇ ਤੇ ਸੁਲਝੇ ਹੋਏ ਪ੍ਰੇਮੀ ਨੇ ਸਟੇਜ਼ ਤੇ ਇਹ ਪ੍ਰਭਾਵ ਦਿਤੇ "ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੋਈ ਹੈ ਕਿ ਮੈਂ ਐਸੇ ਸੰਤ ਦੇ ਦਰਸ਼ਨ ਕੀਤੇ ਹਨ ਤੇ ਉਹਨਾਂ ਦੇ ਪ੍ਰਬਚਨ ਸੁਣ ਕੇ ਮੇਰੇ ਸਾਰੇ ਰੂਹਾਨੀ ਸਵਾਲਾਂ ਦਾ ਜਵਾਬ ਮਿਲ ਗਿਆ ਹੈ ਅਤੇ ਇਸ ਤੋਂ ਵੱਧ ਪ੍ਰਸੰਨਤਾ ਹੋਰ ਇਹ ਹੋਈ ਕਿ ਇਹ ਦਰਜਨ ਤੋਂ ਵੱਧ ਪੁਸਤਕਾਂ ਦੇ ਰਚੇਤਾ ਹਨ ਅਤੇ ਮੈਂ ਅੱਜ ਸਾਰੀਆਂ ਪੁਸਤਕਾਂ ਦਾ ਸੈਟ ਲੈ ਲਿਆ ਹੈ ਜਿਨ੍ਹਾਂ ਨੂੰ ਪੜ੍ਹ ਕੇ ਰੂਹਾਨੀ ਗੁੰਝਲਾਂ ਸਹਿਜੇ ਹੀ ਖੁਲ੍ਹ ਜਾਂਦੀਆਂ ਹਨ। ਇਨ੍ਹਾਂ ਦੀਆਂ ਵੀਡੀਓ ਕੈਸਟਾਂ ਨੂੰ ਸੁਣ ਕੇ ਘਰ ਵਿਚ ਵੀ ਸਤਸੰਗ ਦਾ ਮਾਹੌਲ ਬਣ ਜਾਂਦਾ ਹੈ ਤੇ ਇਹ ਖਾਸੀਅਤ ਹੈ ਕਿ ਸਾਦੀ ਬੋਲੀ ਵਿਚ ਬਹੁਤ ਡੂੰਘੀ ਫਿਲਾਸਫੀ ਦੀ ਗੱਲ ਕਰ ਜਾਂਦੇ ਹਨ।"

ਵੱਡੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਇਸ ਅਮੋਲਕ ਹੀਰੇ ਨੂੰ ਪਹਿਲੀ ਮਿਲਣੀ ਵਿਚ ਹੀ ਪਰਖ ਲਿਆ ਸੀ ਤੇ ਆਪਣੇ ਮੁਖਾਰਬਿੰਦ ਤੋਂ ਇਹ ਬਚਨ ਕੀਤੇ ਸਨ "ਕਿ ਅੱਜ ਸੁਹਾਗਣ ਨੂੰ ਸੁਹਾਗਣ ਮਿਲੀ ਹੈ, ਹੁਣ ਤੱਕ ਰੰਡੀਆਂ ਹੀ ਮਿਲਦੀਆਂ ਰਹੀਆਂ ਨੇ।" ਭਾਵ 18 ਸਾਲ ਦੀ ਉਮਰ

ਵਿਚ ਹੀ ਇਹ ਪੁਗੀ ਹੋਈ ਰੂਹ ਸੀ ਤੇ ਸਮਾਂ ਪਾ ਕੇ ਪਰਗਟ ਹੋਣਾ ਲਾਜ਼ਮੀ ਸੀ। ਜਿਨੇ ਵੀ ਕਾਰਜ ਇਸ ਅਸਥਾਨ ਤੇ ਚਲ ਰਹੇ ਹਨ ਉਹ ਸਾਰੇ ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੂੰ ਸਮਰਪਤ ਕਰਦੇ ਹਨ ਤੇ ਸਹਿਜ ਸੁਭਾਅ ਹੀ ਕਹਿ ਦਿੰਦੇ ਹਨ ਕਿ ਮੈਂ ਤਾਂ ਕੁਝ ਨਹੀਂ ਕਰ ਰਿਹਾ ਮੈਥੋਂ ਕਰਵਾਇਆ ਜਾ ਰਿਹਾ ਹੈ। ਕਿਉਂਕਿ ਇਕ ਵੇਰਾਂ ਸੰਤ ਮਹਾਰਾਜ ਜੀ ਨੇ ਬਚਨ ਕੀਤਾ ਸੀ ਕਿ ਇਥੇ ਯੂ.ਪੀ. ਵਿਚ ਤੁਸੀਂ ਨਾਮ ਜੱਪਣ ਦੀ ਜੁਗਤੀ ਬਾਰੇ ਆਪ ਦੱਸ ਦਿਆ ਕਰੋ ਤੇ ਸੰਗਤ ਨੂੰ ਸੰਭਾਲੋ। ਇਨ੍ਹਾਂ ਉਤਰ ਦਿੱਤਾ, "ਇਹ ਕੰਮ ਤਾਂ ਆਪ ਜੀ ਦਾ ਹੀ ਹੈ।" ਉਸ ਵੇਲੇ ਵੱਡੇ ਮਹਾਰਾਜ ਜੀ ਨੇ ਬਚਨ ਕੀਤਾ ਸੀ ਕਿ ਅਸੀਂ ਤੇਰੇ ਸਰੀਰ ਵਿਚ ਹੋ ਕੇ ਆਪ ਕੰਮ ਕਰਾਂਗੇ, ਤੂੰ ਸਾਨੂੰ ਸਰੀਰ ਦੇ ਦੇ" ਇਹਨਾਂ ਨੇ ਕਿਹਾ ਮਹਾਰਾਜ ਸਰੀਰ ਤਾਂ ਤਿੰਨ ਕਾਲ ਆਪ ਜੀ ਦਾ ਹੀ ਹੈ।" ਇਸੇ ਕਰਕੇ ਗੁਰਦੁਆਰਾ ਸਾਹਿਬ ਦਾ ਨਾਮ ਵੀ ਗੁਰਦੁਆਰਾ ਈਸ਼ਰ ਪ੍ਰਕਾਸ਼ ਸੁਸ਼ੋਭਿਤ ਹੈ।



**ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੇ ਲੱਖਾਂ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਦੁਆਰਾ ਗੁਰੂ ਨਾਲ ਜੋੜਿਆ**

ਇਸ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਇਹ ਪਹਿਲੇ ਐਸੇ ਮਹਾਂਪੁਰਸ਼ ਹਨ ਜਿਨ੍ਹਾਂ ਨੇ ਇਲੈਕਟਰੋਨਿਕ ਮੀਡੀਏ ਨੂੰ ਗੁਰਮਤਿ ਪ੍ਰਚਾਰ ਦਾ ਮਾਧਿਅਮ ਬਣਾਇਆ ਅਤੇ ਵੀਡੀਓ ਫਿਲਮਾਂ ਰਾਹੀਂ ਦੇਸ਼ ਵਿਦੇਸ਼ ਵਿਚ ਪ੍ਰਚਾਰ ਕੀਤਾ ਜਿਸ ਤੋਂ ਪ੍ਰਭਾਵਿਤ ਹੋ ਕੇ ਵਿਦੇਸ਼ਾਂ ਵਿਚ ਵਸਦੇ ਪ੍ਰੇਮੀਆਂ ਨੇ ਇਨ੍ਹਾਂ ਦੀਆਂ ਕਾਪੀਆਂ ਕਰਵਾ ਕੇ ਫਰੀ ਵੰਡਿਆ। ਇਨ੍ਹਾਂ ਦੇ ਪ੍ਰਬਚਨ ਐਸੇ ਅਨੁਭਵ ਪ੍ਰਕਾਸ਼ ਵਿਚੋਂ ਨਿਕਲਦੇ ਹਨ ਕਿ ਇਹ ਆਮ ਸਿਧੀ ਸਾਦੀ ਬੋਲੀ ਵਿਚ ਗੂਹੜ ਸਿਧਾਤਾਂ ਨੂੰ ਐਸੇ ਸੈਂਟਿਫਿਕ ਢੰਗ ਨਾਲ ਦੱਸਦੇ ਹਨ ਕਿ ਆਮ ਸਾਧਾਰਨ ਪ੍ਰੇਮੀ ਵੀ ਸਮਝ ਜਾਂਦੇ ਹਨ ਤੇ ਇਕ ਤਰ੍ਹਾਂ ਨਾਲ ਗੁਰਮਤਿ ਦੇ ਪ੍ਰਭਾਵ ਨਾਲ ਕੀਲੇ ਜਾਂਦੇ ਹਨ। ਇਨ੍ਹਾਂ ਦਾ ਪ੍ਰਚਾਰ ਕੇਵਲ ਗੁਰਮਤਿ ਤੱਕ ਹੀ ਸੀਮਤ ਨਹੀਂ ਸਗੋਂ ਇਨ੍ਹਾਂ ਨੇ ਅਨੇਕਾਂ ਪਰਿਵਾਰਾਂ ਨੂੰ ਬਰਬਾਦ ਹੋਣ ਤੋਂ ਬਚਾਇਆ ਹੈ ਜਿਨ੍ਹਾਂ ਵਿਚ ਸਿੱਖੀ ਤੋਂ ਕੋਹਾਂ ਦੂਰ ਭੱਜਣ ਵਾਲੇ drug edict ਪ੍ਰੇਮੀ ਅਤੇ ਪਰਿਵਾਰਿਕ ਤਨਾਵਾਂ ਦੇ ਸ਼ਿਕਾਰ ਹੋਏ ਪ੍ਰੇਮੀ ਹਨ ਜਿਨ੍ਹਾਂ ਦੇ ਵਿਰਤਾਂਤ ਨੂੰ ਖੋਲ੍ਹ ਕੇ ਲਿਖਣ ਤੋਂ ਸੰਕੋਚ ਕਰ ਰਿਹਾ ਹਾਂ।

ਗੁਰਮਤਿ ਪ੍ਰਚਾਰ ਨੂੰ ਹੋਰ ਪੱਕੀਆਂ ਲੀਹਾਂ ਤੇ ਕਰਨ ਲਈ ਆਪ ਨੇ ਅਪ੍ਰੈਲ 1995 ਨੂੰ ਆਤਮ ਮਾਰਗ ਮੈਗਜ਼ੀਨ ਦੀ ਸ਼ੁਰੂਆਤ ਕੀਤੀ ਜੋ ਕਿ ਅੱਜ ਸਾਰੇ ਸੰਸਾਰ ਵਿਚ ਹਰਮਨ ਪਿਆਰਾ ਹੋ ਚੁਕਿਆ ਹੈ ਅਤੇ ਦਿਨ ਪ੍ਰਤੀ ਦਿਨ ਤਰੱਕੀ ਦੀਆਂ ਮੰਜਲਾਂ ਨੂੰ ਤਹਿ ਕਰਦਾ ਹੋਇਆ ਆਪਣੀ ਕਿਸਮ ਦਾ ਇਕ ਖਾਸ ਅਧਿਆਤਮਕ ਤੇ ਰੂਹਾਨੀ ਮੈਗਜ਼ੀਨ ਹੈ ਜੋ ਸੰਸਾਰ ਦੇ ਸਾਰੇ ਮਜ਼ਬਾਂ ਤੇ ਸੰਪਰਦਾਵਾਂ ਨਾਲ ਸੰਬੰਧ ਰੱਖਣ ਵਾਲੇ ਪ੍ਰੇਮੀਆਂ ਦੀ ਆਤਮਿਕ ਰਹਿਨੁਮਾਈ ਕਰਦਾ ਹੈ।

ਜਿਥੇ ਇਹ ਸਭ ਨੂੰ ਗੁਰਮਤਿ ਮਰਯਾਦਾ ਵਿਚ ਰਹਿ ਕੇ ਚੜਦੀ ਕਲਾ ਵਾਲਾ ਜੀਵਨ ਜੀਉਣ ਲਈ ਪ੍ਰੇਰ ਰਹੇ ਹਨ ਉਥੇ ਨਾਲ ਦੀ ਨਾਲ ਸਦਾਚਾਰਕ ਪੱਖੋਂ ਸਿਮਰਨ ਰਾਹੀਂ ਪਰਪੱਕ ਕਰਕੇ, ਦੇਸ਼ ਕੌਮ ਤੇ ਨਸਲਾਂ ਦੇ ਵਿਤਕਰੇ ਤੋਂ ਉਪਰ ਉਠ ਕੇ ਦੂਜੇ ਮਜ਼ਬਾਂ ਨਾਲ ਪਿਆਰ ਸਤਿਕਾਰ ਤੇ ਭਾਈਚਾਰੇ ਦੇ ਪੂਰਨੇ ਪਾ ਕੇ ਗੁਰਬਾਣੀ ਦੇ ਇਸ ਫੁਰਮਾਨ ਨੂੰ ਸਾਕਾਰ ਕਰ ਰਹੇ ਹਨ।

***ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥***
***ਪੰਨਾ - 97***

ਇਸ ਦੀ ਜਿਉਂਦੀ ਜਾਗਦੀ ਮਿਸਾਲ ਪਿੰਡ ਚਾਹੜ ਮਾਜਰਾ ਵਿਚ ਇਸਲਾਮੀਅਤ ਵਿਚ ਅਕੀਦਾ ਰੱਖਣ ਵਾਲਿਆਂ

ਪ੍ਰੇਮੀਆਂ ਲਈ ਖੁਦਾ ਦੀ ਇਬਾਦਤ ਕਰਨ ਵਾਸਤੇ ਮਸਜਿਦ ਬਣਾ ਕੇ ਦਿਤੀ ਹੈ। ਅਮਰੀਕਾ ਵਿਖੇ ਜਦੋਂ ਸੰਤ ਮਹਾਰਾਜ ਡਾਕਟਰ ਬਲਵੀਰ ਸਿੰਘ ਗੋਸਲ ਨਾਲ ਸਟੈਨਫੋਰਡ ਯੂਨੀਵਰਸਿਟੀ ਕੈਲੇਫੋਰਨੀਆ ਸਟੈਨਫੋਰਡ ਲੀਨੀਅਰ ਐਸਲਰੇਸ਼ਨ ਸੈਂਟਰ ਦੇਖਣ ਗਏ ਹੋਏ ਸਨ ਤਾਂ ਉਥੇ ਕੰਮ ਕਰਨ ਵਾਲੇ ਇਕ ਈਰਾਨੀ ਕੈਮੀਕਲ ਇੰਜੀਨੀਅਰ ਅਲੀ ਫਰਵਿਦ ਜੀ ਨੂੰ ਪਤਾ ਲੱਗਾ ਤਾਂ ਉਸ ਨੇ ਇਨ੍ਹਾਂ ਨੂੰ ਸਿਜਦਾ ਕੀਤਾ ਤੇ ਕਿਹਾ ਕਿ ਅੱਜ ਮੈਂ ਸਚਮੁਚ ਇਕ ਐਸੇ ਪੀਰ ਦੇ ਦਰਸ਼ਨ ਕਰ ਰਿਹਾ ਹਾਂ ਜਿਹੜੇ ਸੰਸਾਰ ਦੇ ਹਰ ਮਜ਼ਬ ਦੇ ਬੰਦੇ ਦੀ ਰੂਹਾਨੀ ਤਰੱਕੀ ਚਾਹੁੰਦੇ ਹਨ। ਜਦ ਕਿ ਸੰਸਾਰ ਵਿਚ ਮਜ਼ਬ ਦੇ ਨਾਂ ਤੇ ਆਪਸੀ ਕਸ਼ਮਕਸ਼ ਤੇ ਨਫਰਤ ਚਲ ਰਹੀ ਹੈ। ਇਸੇ ਤਰ੍ਹਾਂ ਸਨੀਵੇਲ ਅਮਰੀਕਾ ਵਿਖੇ ਜਦੋਂ ਹਿੰਦੂ ਟੈਂਪਲ ਦੇ ਵੱਡੇ ਕੌਮਨਿਟੀ ਹਾਲ ਵਿਚ ਦੀਵਾਨ ਲਗ ਰਹੇ ਸਨ ਤਾਂ ਦੀਵਾਨ ਸੁਣ ਕੇ ਮੰਦਰ ਦੇ ਪੁਜਾਰੀ ਨੇ ਹਿੰਦੂ ਕੌਮਨਿਟੀ ਨੂੰ ਇਹ ਕਹਿਣਾ ਪਿਆ ਕਿ ਜਿੰਨਾ ਚਿਰ ਮਹਾਂਪੁਰਸ਼ਾਂ ਦਾ ਕੀਰਤਨ ਚਲ ਰਿਹਾ ਹੈ ਉਨੇ ਦਿਨ ਮੰਦਰ ਦਾ ਕੀਰਤਨ ਬੰਦ ਰਹੇਗਾ, ਇਸ ਦਾ ਸਦਕਾ ਪੁਜਾਰੀਆਂ ਤੇ ਮੰਦਰ ਦੇ ਸ਼ਰਧਾਲੂਆਂ ਨੇ ਲੰਗਰ ਵਿਚ ਵੱਧ ਚੜ ਤੇ ਸੇਵਾ ਕੀਤੀ ਤੇ ਸੰਗਤਾਂ ਦੀਆਂ ਜੂਠੀਆਂ ਪਤਲਾਂ ਚੁਕ ਕੇ ਖੁਸ਼ੀ ਮਹਿਸੂਸ ਕੀਤੀ। ਅਮਰੀਕਾ ਦੇ ਅਖਬਾਰਾਂ ਵਿਚ ਇਹ ਖਬਰ ਛੱਪ ਗਈ ਕਿ ਇਕ ਸੰਤ ਨੇ ਹਿੰਦੂ ਤੇ ਸਿੱਖਾਂ ਵਿਚ ਪਈ ਵਿਥ ਨੂੰ ਆਪਣੇ ਪ੍ਰਬਚਨਾਂ ਰਾਹੀਂ ਮਿਟਾ ਕੇ ਦੂਰ ਕਰ ਦਿੱਤਾ ਹੈ। ਆਪ ਜੀ ਦੇ ਸਰੀਰ ਦੀ ਆਯੂ ਉਸ ਵੇਲੇ 84 ਵੇਂ ਵਰ੍ਹੇ ਵਿਚ ਚਲ ਰਹੀ ਸੀ। ਐਨੀ ਉਮਰ ਦੇ ਹੁੰਦਿਆਂ ਹੋਇਆ ਵੀ ਆਪ ਜੀ ਨੇ ਕਰਮ ਯੋਗ ਖੇਤਰ ਨੂੰ ਪਹਿਲ ਦਿੱਤੀ ਹੋਈ ਸੀ ਤੇ ਦਸ਼ਮੇਸ਼ ਪਿਤਾ ਜੀ ਦੇ ਇਸ ਆਦੇਸ਼ ਨੂੰ ਸਾਕਾਰ ਕਰ ਰਹੇ ਹਨ।

***ਦੇਗ ਤੇਗ ਜਗ ਮੈ ਦੋਊ ਚਲੈ॥***
***ਰਾਖ ਆਪ ਮੁਹਿ ਅਉਰ ਨ ਦਲੈ॥ (ਚੌਪਈ)***



**ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ**

ਸਮਾਜਿਕ ਤਰੱਕੀ ਲਈ ਵਿਦਿਅਕ ਅਦਾਰੇ ਅਤੇ ਮਾਨਸਿਕ ਤਰੱਕੀ ਲਈ ਨਾਮ ਦੀ ਤੇਗ ਜੋ ਕਿ ਹਰ ਵਕਤ ਅੰਦਰੋਂ ਉਠਦੀਆਂ ਬੁਰਿਆਈਆਂ ਤੇ ਵਿਕਾਰਾਂ ਦੀ ਕਾਟ ਕਰਦੀ ਰਹੇ। ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (ਐਫੀਲੀਏਟਡ ਸੀ.ਬੀ.ਐਸ.ਈ.) ਜਿਸ ਵਿਚ ਦਸਮੇਸ਼ ਪਿਤਾ ਜੀ ਦੇ ਆਦਰਸ਼ਾਂ ਨੂੰ ਨਿਕੀ ਪਨੀਰੀ ਵਿਚ ਸੰਚਾਰ ਕਰਨਾ ਅਤੇ ਇਨਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ ਬਿਜ਼ਨਿਸ ਮੈਨੇਜਮੈਂਟ ਅਤੇ ਇਨਫਰਮੇਸ਼ਨ ਟੈਕਨਾਲੋਜੀ ਵਿਚ ਅਗਾਂਹ ਵਧੂ ਕੰਮਪਿਊਟਰ ਸਿਖਿਆ ਦੇ ਕੇ ਰੋਜੀ ਰੋਟੀ ਕਮਾਉਣ ਵਾਸਤੇ ਜੀਵਨ ਦੀ ਤਰੱਕੀ ਦਾ ਰਾਹ ਖੋਲਣਾ। ਇਸੇ ਤਰ੍ਹਾਂ ਉਨ੍ਹਾਂ ਦੇ ਸਰੀਰ ਕਾਲ ਤੋਂ ਬਾਅਦ ਰਤਵਾੜਾ ਸਾਹਿਬ ਵਿਖੇ ਬੀ.ਐਡ ਕਾਲਜ ਅਤੇ ਸੰਤ ਵਰਿਆਮ ਸਿੰਘ ਹਾਈ ਸਕੂਲ ਦੀ ਸੁਰੂਆਤ ਕੀਤੀ ਗਈ। ਇਸ ਵਿਚ ਖਾਸ ਗੱਲ ਹੈ ਕਿ ਇਸ ਵਿਚ ਜ਼ਿਆਦਾ ਵਿਦਿਆਰਥੀ ਪੇਂਡੂ ਤੇ ਗਰੀਬ ਤਬਕੇ ਦੇ ਲਏ ਜਾਂਦੇ ਹਨ ਤਾਂ ਕਿ ਉਨ੍ਹਾਂ ਪਰਿਵਾਰਾਂ ਨੂੰ ਵੀ ਤਰੱਕੀ ਕਰਨ ਦਾ ਮੌਕਾ ਦੇ ਕੇ ਸਮਾਜਿਕ ਨਿਆਂ ਦਵਾਇਆ ਜਾ ਸਕੇ ਅਤੇ ਇਹ ਨੌਜਵਾਨ ਸੰਸਾਰ ਦੇ ਜਿਸ ਕੋਨੇ ਵਿਚ ਵੀ ਜਾਣਗੇ, ਗੁਰਸਿਖੀ ਦੇ ਆਦਰਸ਼ਾਂ ਤੇ ਕਦਰਾਂ ਕੀਮਤਾਂ ਨੂੰ ਆਪਣੀ ਸ਼ਖਸ਼ੀਅਤ ਰਾਹੀਂ ਉਬਾਰ ਕੇ ਪੇਸ਼ ਕਰ ਸਕਣਗੇ ਅਤੇ ਦੇਸ਼ ਤੇ ਕੌਮ ਦਾ ਨਾਮ ਉਚਾ ਕਰਨਗੇ।

ਮਹਾਂਪੁਰਸ਼ ਸੰਸਾਰ ਦੇ ਜੀਵਾਂ ਦਾ ਦੁਖ ਨਹੀਂ ਦੇਖ ਸਕਦੇ ਕਿਉਂਕਿ ਸੰਸਾਰ ਉਨ੍ਹਾਂ ਦਾ ਆਪਣਾ ਰੂਪ ਹੁੰਦਾ ਹੈ ਜਦੋਂ ਕਿਧਰੇ ਕੁਦਰਤੀ ਆਫਤ ਜਾਂ ਦੁਖ ਤਕਲੀਫ ਆਏ ਉਸ ਦਾ ਨਿਵਾਰਣ ਕਰਨ ਲਈ ਦਿਨ ਰਾਤ ਇਕ ਕਰ ਦਿਆ ਕਰਦੇ ਹਨ। ਅਖੀਰ ਉਹ ਦਿਨ ਨੇੜੇ ਆ ਗਿਆ। ਜਿਸ ਬਾਰੇ ਕੋਈ ਪਿਆਰਾ ਸੋਚ ਵੀ ਨਹੀਂ ਸਕਦਾ ਕਿ ਮੇਰਾ ਪਿਆਰਾ ਧੇਅ ਸਾਡੀਆਂ ਅੱਖਾਂ ਤੋਂ ਸਰੀਰ ਕਰਕੇ ਦੂਰ ਹੋ ਜਾਣਗੇ। 31 ਅਕਤੂਬਰ 2001 ਵਾਲੇ ਦਿਨ ਦੁਪਿਹਰ 1.15 ਮਿੰਟ ਤੇ

ਆਪਣੇ ਪੰਜ ਭੂਤਕ ਸਰੀਰਕ ਚੋਲੇ ਦਾ ਪਰਿਤਿਆਗ ਕਰਕੇ ਸੱਚਖੰਡ ਜਾ ਬਿਰਾਜੇ।

ਅੱਜ ਜਦ ਕਿ ਲੱਖਾਂ ਦੀ ਤਾਦਾਦ ਵਿਚ ਸੰਗਤਾਂ ਆਪ ਜੀ ਦੀ ਛੇਵੀਂ ਬਰਸੀ ਇਕ ਮਹਾਨ ਸੰਤ ਸਮਾਗਮ ਦੇ ਰੂਪ ਵਿੱਚ ਮਨਾਉਣ ਲਈ ਦੇਸ਼ ਵਿਦੇਸ਼ ਤੋਂ ਪੁਜ ਰਹੀਆਂ ਹਨ। ਉਥੇ ਆਪ ਸਾਰੇ ਰਲ ਕੇ ਵਾਹਿਗੁਰੂ ਜੀ ਅੱਗੇ ਅਰਦਾਸ ਕਰੀਏ ਕਿ ਬੀਜੀ ਨੂੰ ਪੂਰਨ ਦੇਹ ਅਰੋਗਤਾ ਬਖਸ਼ ਕੇ ਸਿੱਖ ਸੰਗਤਾਂ ਤੇ ਸੰਸਾਰ ਦੇ ਭਲੇ ਵਾਸਤੇ, ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਤਾਂ ਨੂੰ ਪ੍ਰਜਵਲਤ ਕਰਨ ਵਾਲੀ ਅਦੁਤੀ ਮਿਸਾਲ ਨੂੰ ਲੈ ਕੇ ਅੱਗੇ ਤੋਂ ਅੱਗੇ ਹੀ ਵੱਧਦੇ ਰਹਿਣ, ਚਲ ਰਹੇ ਪ੍ਰੌਜੈਕਟਾਂ ਨੂੰ ਸੰਪੂਰਨ ਕਰਕੇ ਅਗੋਂ ਲਈ ਨਵੀਆਂ ਜੀਵਨ ਸੇਧਾਂ ਲਈ ਪੂਰਨੇ ਪਾਉਂਦੇ ਰਹਿਣ।

**ਹੜ੍ਹ ਪੀੜਤਾਂ ਦੀ ਸਹਾਇਤਾ** – ਇਥੇ ਇਹ ਵਰਣਨਯੋਗ ਹੈ ਕਿ ਬਾਬਾ ਜੀ ਨੇ ਆਪ ਘਰ ਘਰ ਜਾ ਕੇ ਨੁਕਸਾਨ ਦਾ ਜਾਇਜ਼ਾ ਲਾਇਆ, ਘਰਾਂ ਵਿਚੋਂ ਐਨੀ ਬਦਬੋ ਆਉਂਦੀ ਸੀ ਕਿ ਨੇੜੇ ਜਾਣਾ ਮੁਸ਼ਕਲ ਸੀ ਪਰ ਆਪ ਨੇ ਨਾ ਹੀ ਸਰੀਰ ਦੀ ਪ੍ਰਵਾਹ ਕੀਤੀ ਤੇ ਨਾ ਹੀ ਚਲਦੇ ਪਾਣੀਆਂ ਦੀ ਪ੍ਰਵਾਹ ਕੀਤੀ ਤੇ ਸੇਵਾ ਤੇ ਮਦਦ ਦੇ ਉਦੇਸ਼ ਨੂੰ ਮੁੱਖ ਰੱਖਿਆ। ਆਪ ਜੀ ਨੇ ਨਾਲ ਸੈਂਕੜੇ ਵਲੰਟੀਅਰ ਜਿਸ ਵਿੱਚ ਬੀਬੀਆਂ, ਭਾਈ ਅਤੇ ਬੱਚੇ ਵੀ ਸ਼ਾਮਲ ਸਨ। ਜਿਨ੍ਹਾਂ ਨੇ ਅਣਥੱਕ ਮਿਹਨਤ ਨਾਲ ਇਹ ਸੇਵਾ ਨੇਪਰੇ ਚੜ੍ਹਾਈ।

ਸਹਾਇਤਾ ਬੜੇ ਸਾਇੰਟਿਫਿਕ ਢੰਗ ਨਾਲ ਦਿਤੀ ਜਾਂਦੀ ਸੀ। ਪਿੰਡਾਂ ਵਿਚ ਟੈਂਟ ਲਗਾ ਕੇ, ਘਰ ਦੇ ਮੁਖ ਮੈਂਬਰ ਨੂੰ ਪਰਚੀ ਦਿਤੀ ਜਾਂਦੀ ਤੇ ਉਹ ਹਰ ਇਕ ਆਈਟਮ ਜਿਸ ਵਿੱਚ ਆਟਾ, ਚੌਲ, ਖੰਡ, ਘੀ, ਸਰੋਂ ਦਾ ਤੇਲ, ਗੁੜ, ਚਾਹ, ਸਾਬਣ, ਦਾਲ, ਹਲਦੀ, ਆਲੂ, ਆਦਿ 21 ਐਟਮਾਂ ਤੇ ਨਕਦੀ ਲੈ ਕੇ ਘਰ ਪਹੁੰਚਦਾ ਤੇ ਰਾਸ਼ਨ ਪਾਉਣ ਲਈ ਵਾਲੰਟੀਅਰ ਸਿੰਘ ਘਰ ਛੱਡ ਕੇ ਆਉਂਦੇ।

ਜੁਲਾਈ 1993 ਵਿਚ ਸੌ ਫੀਸਦੀ ਤਬਾਹੀ ਦੇ 25 ਪਿੰਡਾਂ ਨੂੰ 70 ਲੱਖ ਰੁਪਏ ਦੀ ਸਮੱਗਰੀ ਜਿਸ ਵਿਚ 10 ਟਰੱਕ ਕਪੜਿਆਂ ਦੇ ਖੇਸ ਕੰਬਲ ਆਦਿ ਅਤੇ 20 ਟਰੱਕ ਰਾਸ਼ਨ 21 ਆਈਟਮਾਂ ਦੇ ਘਰੋ ਘਰੀਂ ਵੰਡੇ ਗਏ, 45000 ਹਜ਼ਾਰ ਪੈਕਟ ਸਿਲੇ ਹੋਏ ਵਸਤਰਾਂ ਦੇ ਅਤੇ ਹਰ ਘਰ ਵਿਚ 200 ਰੁਪਏ ਨਕਦ ਸਹਾਇਤਾ ਦਿਤੀ ਗਈ। ਸਕੂਲਾਂ ਦੇ ਬੱਚਿਆਂ ਦੀਆਂ ਵਰਦੀਆਂ, ਬੂਟ ਤੇ ਕਿਤਾਬਾਂ ਤੇ 1,86000 ਰੁਪਏ ਆਏ। ਗੁਰਦੁਆਰਿਆਂ ਤੇ ਸਕੂਲਾਂ ਵਿਚ ਸਫੈਦੀ ਤੇ ਪੇਂਟ ਦਰਵਾਜਿਆਂ ਦੀ ਮੁਰੰਮਤ ਨਕਦ ਸਹਾਇਤਾ ਜਿਨ੍ਹਾਂ ਲੜਕੇ ਲੜਕੀਆਂ ਦੇ ਦਾਜ ਹੜ੍ਹ ਗਏ ਸਨ ਉਨ੍ਹਾਂ ਨੂੰ ਦਾਸ ਤੇ ਲੋੜੀਂਦੇ ਵਸਤਰ ਤੇ ਭਾਂਡੇ ਦਿਤੇ ਗਏ।

ਬੁਦਕੀ ਨਦੀ ਦੀ ਸਫਾਈ ਲਈ 9500 ਰੁਪਏ ਅਤੇ ਸੀਸਵਾਂ ਨਦੀ ਦੀ ਸਫਾਈ ਲਈ 16000 ਰੁਪਏ ਦਿਤੇ ਗਏ।

## ਭੁਚਾਲ ਪੀੜਤਾਂ ਦੀ ਸਹਾਇਤਾ

26 ਜਨਵਰੀ 2001 ਨੂੰ ਗੁਜਰਾਤ ਵਿਚ ਆਏ ਭੁਚਾਲ ਦੀ ਤਬਾਹੀ ਨੂੰ ਸੁਣ ਕੇ ਮਹਾਂਪੁਰਸ਼ਾਂ ਦੀ ਨੀਂਦ ਉਡ ਗਈ ਤੇ ਇਹ ਇਕੋ ਵਿਚਾਰ ਸੀ ਕਿ ਜਲਦੀ ਤੋਂ ਜਲਦੀ ਸਹਾਇਤਾ ਸਮੱਗਰੀ ਪੁੱਜ ਜਾਵੇ। ਇਸ ਮੰਤਵ ਲਈ ਪਹਿਲੀ ਕਿਸ਼ਤ ਵਿਚ 17 ਟਰੱਕ ਤੇ ਦੂਜੀ ਕਿਸ਼ਤ 33 ਟਰੱਕ ਗੁਜਰਾਤ ਲਈ ਅਰਦਾਸ ਕਰਕੇ ਰਵਾਨਾ ਕੀਤੀ ਗਈ।



ਸੰਤ ਮਹਾਰਾਜ ਆਪ ਪਿੰਡਾਂ ਦਾ ਜਾਇਜਾ ਲੈਂਦੇ ਹੋਏ।



ਸਕੂਲ ਦੇ ਬੱਚੀਆਂ ਵਾਸਤੇ ਵਰਦੀਆਂ ਦਾ ਪ੍ਰਬੰਧ ਕਰਦੇ ਹੋਏ।



ਬਿਜੀ ਪਿੰਡਾਂ ਦੇ ਲੋਕਾਂ ਨੂੰ ਧਰਵਾਸ ਦੇ ਰਹੇ ਹਨ।

ਗੁਜਰਾਤ ਦੇ ਭੂਚਾਲ ਪੀੜਤਾਂ ਨੂੰ ਇਕ ਕਰੋੜ 37 ਲੱਖ ਰੁਪਏ ਦੀ ਸਮੱਗਰੀ ਜਿਸ ਵਿਚ ਖਾਣ ਪੀਣ ਦੀਆਂ ਵਸਤਾਂ ਅਨਾਜ, ਦਾਲਾਂ, ਸੁੱਕਾ, ਦੁੱਧ, ਘੀ, ਅਚਾਰ, ਗੁੜ, ਵੇਸਨ, ਚਾਹ ਪੱਤੀ, ਖੰਡ, ਚੌਲ, ਕਣਕ ਦਾ ਆਟਾ, ਮੱਕੀ ਕਪੜੇ, ਕੰਬਲ, ਸਵੈਟਰ, ਅਣਸੀਤੇ ਕਪੜੇ, ਜੋੜੇ, ਚਾਦਰਾਂ, ਦਰੀਆਂ, ਤਰਪਾਲਾਂ, ਲੱਕੜ ਦੇ ਟਰੱਕ, ਨਾਹੁੰਣ ਕਪੜੇ ਧੋਣ ਦਾ ਸਾਬਣ, ਸਟੋਪ, ਪਲਾਸਟਿਕ ਤੇ ਲੋਹੇ ਦੀਆਂ ਬਾਲਟੀਆਂ, ਭੁੱਜੇ ਹੋਏ ਛੋਲੇ ਆਦਿ ਸਨ। ਇਹ ਸਮੱਗਰੀ ਦੀਆਂ 30-32 ਆਈਟਮਾਂ ਨੂੰ ਬੜੇ ਸਾਇੰਟਿਫਿਕ ਢੰਗ ਨਾਲ 32 ਪਿੰਡਾਂ ਵਿਚ ਵੰਡੀ ਗਈ, ਇਸ ਤੋਂ ਇਲਾਵਾ 7 ਸਕੂਲਾਂ ਵਿਚ ਵੱਡੇ ਟੈਂਟ ਤੇ ਕੰਬਲ ਦਿਤੇ ਗਏ, ਹਸਪਤਾਲਾਂ ਨੂੰ ਟੈਂਟ, ਬਿਸਤਰੇ ਤੇ ਟਾਰਚਾਂ, ਦਵਾਈਆਂ ਅਤੇ ਧਾਰਮਿਕ-ਸੰਸਥਾਵਾਂ ਨੂੰ ਵੀ ਕੰਬਲ ਤੇ ਲੋੜੀਂਦੀਆਂ ਵਸਤਾਂ ਦਿਤੀਆਂ ਗਈਆਂ। ਜ਼ਿਲਾ ਭੁੱਜ, ਲੁਹਾਨਾ ਵਿਦਿਆਰਥੀ ਭਵਨ ਵਿਖੇ 24 ਘੰਟੇ ਗੁਰੂ ਕਾ ਲੰਗਰ ਨਰਿੰਤਰ ਚਲਦਾ ਰਿਹਾ। ਇਸ ਸੇਵਾ ਵਿਚ 150 ਦੇ ਕਰੀਬ ਵਲੰਟੀਅਰ ਭੇਜੇ ਗਏ। ਹੈਡ ਕੁਆਟਰ ਹਰ ਰੋਜ਼ ਸਵੇਰੇ ਸ਼ਾਮ ਕਥਾ ਕੀਰਤਨ ਨਿਰੰਤਰ ਚਲਦਾ ਸੀ। ਇਸ ਤੋਂ ਇਲਾਵਾ ਡਾ. ਕੁਲਦੀਪ ਸਿੰਘ ਅਗਵਾਈ ਵਿਚ ਡਾਕਟਰਾਂ ਦੀ ਟੀਮ ਵੀ ਨਾਲ ਗਈ ਸੀ।

ਮਹਾਂਪੁਰਸ਼ਾਂ ਦੀ ਅਗਵਾਈ ਵਿਚ ਭੂਚਾਲ ਪੀੜਤਾਂ ਦੀ ਇਸ ਸਹਾਇਤਾ ਦਾ ਉਸ ਇਲਾਕੇ ਦੇ ਅਫਸਰਾਂ, ਰਾਜਨੀਤਕਾਂ, ਧਾਰਮਿਕ ਸੰਸਥਾਵਾਂ ਤੇ ਪੁਲਿਸ ਤੇ ਤਾਂ ਪਿਆ ਹੀ ਹੈ ਪਰੰਤੂ ਜੋ ਅਸਰ ਉਥੋਂ ਦੇ ਪਿੰਡਾਂ, ਲੋਕਾਂ ਤੇ ਪਿਆ ਉਹ ਅਕਥੀਨਯ ਹੈ। ਸੇਵਾਦਾਰਾਂ ਨੇ ਦੱਸਿਆ ਸੀ ਕਿ ਜਿਧਰ ਵੀ ਸਿੰਘ ਸਮਾਨ ਵੰਡਣ ਜਾਂਦੇ ਜਾਂ ਲੰਘਦੇ ਰਸਤੇ ਵਿਚ ਲੋਕੀ ਖੜ੍ਹੇ ਹੋਏ ਕਿ ਗੁਰੂ ਨਾਨਕ ਕੀ ਜੈ ਰਤਵਾੜੇ ਵਾਲੇ ਬਾਬਾ ਕੀ ਜੈ ਦੀ ਧੁੰਨ ਲਾ ਦਿੰਦੇ ਸਨ। ਉਹ ਹੈਰਾਨ ਸਨ ਕਿ ਇਹ ਦੇਵਤੇ ਸਾਡੀ ਮਦਦ ਲਈ ਕਿਥਓਂ ਆ ਗਏ। ਇਸ ਦਾ ਪ੍ਰਭਾਵ ਇਹ ਪਿਆ ਕਿ ਜਿਥੇ ਵੀ ਸਿੱਖ ਕੌਮ ਲਈ ਥੋੜ੍ਹੀ ਬਹੁਤ ਨਫਰਤ ਹੀ ਉਹ ਉਨ੍ਹਾਂ ਦੇ ਦਿਲਾਂ ਵਿਚੋਂ ਨਿਕਲ ਗਈ ਤੇ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਲਈ ਸਦਾ ਵਾਸਤੇ ਪਿਆਰ ਤੇ ਸਤਿਕਾਰ ਪੈਦਾ ਹੋ ਗਿਆ।

### ਤਾਮਿਲਨਾਡੂ ਵਿਖੇ ਸੂਨਾਮੀ ਸਮੇਂ ਟਰਸਟ ਰਤਵਾੜਾ ਸਾਹਿਬ ਵੱਲੋਂ ਬੇ ਮਿਸਾਲ ਸੇਵਾ -

ਗੁਰ ਪੀਰਾਂ ਮਹਾਂਪੁਰਸ਼ਾਂ ਦੀ ਪਾਈ ਗਈ ਪਰਪਾਟੀ ਅਨੁਸਾਰ ਹੀ ਉਨ੍ਹਾਂ ਦੇ ਪਰਉਪਕਾਰੀ ਮਾਰਗ ਤੇ ਚਲਦਿਆਂ ਗੁਰਮੁਖ ਗਾਡੀ ਰਾਹ ਚਲਾਇਆ। ਇਸ ਪਰੰਪਰਾ ਅਨੁਸਾਰ ਇਸ ਤਰ੍ਹਾਂ ਦੇ ਭਿਆਨਕ ਸਮੇਂ ਗੁ. ਸਾਹਿਬ ਤੋਂ ਪਰਮ ਪੂਜਯ ਬੀਜੀ ਦੇ ਅਸ਼ੀਰਵਾਦ ਨਾਲ ਸਮੁੰਦਰੀ ਭੁਚਾਲ ਦੇ ਕਹਿਰ ਵਾਲੇ ਅਸਥਾਨਾਂ ਲਈ ਤੁਰੰਤ ਹੀ ਸੇਵਾ ਸਰਵੇ ਪਰਾਰੰਭ ਕਰਨ ਲਈ ਚਾਲੇ ਪਾ ਦਿਤੇ ਗਏ। ਪਿਛਲੇ ਕਾਫੀ ਸਮੇਂ ਤੋਂ ਗੁ. ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ ਨਿਵਾਸ ਰਖਦੇ ਸਵਾਮੀ ਆਤਮਾ ਗਿਆਨਾਨੰਦ ਜੀ ਜੋ ਕਿ ਦੱਖਣੀ ਭਾਰਤ ਦੇ ਨਾਲ ਸਬੰਧ ਰਖਦੇ ਹਨ, ਦੇ ਨਾਲ ਡੇਰੇ ਦੇ ਸਿੰਘ ਤੇਜ ਰਫ਼ਤਾਰ ਚੱਲਣ ਵਾਲੀ ਗੱਡੀ ਵਿੱਚ ਸਫ਼ਰ ਕਰਕੇ ਦੋ ਰਾਤਾਂ



ਸੰਤ ਮਹਾਰਾਜ ਆਪ ਟਰੱਕ ਗੁਜਰਾਤ ਨੂੰ ਤੋਰਨ ਲਈ ਅਰਦਾਸ ਵਿਚ ਸ਼ਾਮਲ ਅਤੇ ਬਾਬਾ ਹਰਪਾਲ ਸਿੰਘ ਜੀ ਅਰਦਾਸ ਕਰਦੇ ਹੋਏ।



ਟੈਂਟ ਵੰਡਦੇ ਹੋਏ।



ਵਿਦਾਈ ਸਮੇਂ ਇਕੱਠ।



ਅਨਾਜ ਵੰਡਣ ਸਮੇਂ ਦਾ ਇਕ ਦ੍ਰਿਸ਼।

ਇਕ ਦਿਨ ਵਿਚ ਮਦਰਾਸ ਤੋਂ ਅੱਗੇ ਤਾਮਿਲ ਨਾਡੂ ਵਿੱਚ ਨਾਗਾਪਟਨਮ ਵਿੱਖੇ ਪਹੁੰਚ ਗਏ। ਉਨ੍ਹਾਂ ਵੱਲੋਂ ਆਪ ਸਮੁੰਦਰੀ ਕਹਿਰ ਦੇ ਵਰਤਾਰੇ ਵਾਲੀ ਜਗ੍ਹਾ-ਜਗ੍ਹਾ ਪਹੁੰਚ ਕੇ ਸਰਵੇ ਕੀਤਾ ਗਿਆ ਕਿ ਕਿਥੇ ਰਾਹਤ ਸਮੱਗਰੀ ਦੀ ਜ਼ਰੂਰੀ ਲੋੜ ਹੈ। ਠੀਕ ਟਿਕਾਣੇ ਤੇ ਰਾਹਤ ਸਮੱਗਰੀ ਪਹੁੰਚਾਣ ਲਈ ਸਰਦਾਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਭਾਰਤ ਦੇ ਦਫ਼ਤਰ ਤੋਂ ਵੀ ਪਤਾ ਕੀਤਾ ਗਿਆ, ਜਿਨ੍ਹਾਂ ਨੇ ਵੀ ਤਾਮਿਲਨਾਡੂ, ਨਾਗਾਪਟਨਮ ਵਿਖੇ ਛੇਤੀ ਲੰਗਰ ਲਾਉਣ ਲਈ ਕਿਹਾ। ਬਿਨਾਂ ਕਿਸੇ ਦੇਰੀ ਤੋਂ ਤੁਰੰਤ ਹੀ ਗੁਰਦਵਾਰਾ ਰਤਵਾੜਾ ਸਾਹਿਬ ਦੇ ਭੰਡਾਰੇ ਵਿੱਚੋਂ ਲੰਗਰ ਸਮੱਗਰੀ ਲੈ ਕੇ ਟਰੱਕ ਸੇਵਾਦਾਰਾਂ ਸਮੇਤ ਤਾਮਿਲਨਾਡੂ ਲਈ ਰਵਾਨਾ ਹੋ ਗਏ ਜੋ ਕਿ ਲਗਾਤਾਰ ਪੰਜ ਦਿਨ ਚਾਰ ਰਾਤਾਂ ਚੱਲ ਕੇ ਆਪਣੀ ਮੰਜ਼ਲ ਤੇ ਪਹੁੰਚ ਗਏ। ਹੋਰ ਵੀ ਰਾਹਤ ਸਮੱਗਰੀ ਸਮੇਂ-ਸਮੇਂ ਟਰੱਕਾਂ ਅਤੇ ਹੋਰ ਸਾਧਨਾਂ ਰਾਹੀਂ ਪਹੁੰਚਦੀ ਰਹੀ । ਮਦਰਾਸ ਸ਼ਹਿਰ ਤੋਂ 300 ਕਿਲੋਮੀਟਰ ਦੂਰ ਸਮੁੰਦਰ ਦੇ ਕਿਨਾਰੇ ਪੂਮਪਹਾਰ ਤਹਿਸੀਲ ਮਾਇਲਾਧੂਰੇ ਜ਼ਿਲਾ ਨਾਗਾਪਟਨਮ ਤਾਮਿਲਨਾਡੂ ਜੋ ਕਿ ਰਤਾਵਾੜਾ ਸਾਹਿਬ ਤੋਂ 3,000 ਕਿਲੋਮੀਟਰ ਦੀ ਦੂਰੀ ਤੇ ਹੈ, ਵਿਖੇ ਲੰਗਰ ਬਣਾਉਣ ਦੀ ਸੇਵਾ ਅਰੰਭ ਕਰ ਦਿਤੀ ਗਈ ਜੋ ਨਿਰੰਤਰ 24 ਘੰਟੇ ਜਾਰੀ ਰਹਿੰਦੀ ਸੀ। ਨਿਤ ਦਿਹਾੜੇ ਹਜ਼ਾਰਾਂ ਦੀ ਤਦਾਦ ਵਿੱਚ ਘਰੋਂ ਬੇਘਰ ਹੋਏ ਦੁਖੀ ਦਰਦਵੰਦ ਲੋਕਾਂ ਨੇ ਗੁਰੂ ਨਾਨਕ ਘਰ ਦਾ ਲੰਗਰ ਪੰਗਤਾਂ ਵਿੱਚ ਬੈਠ ਕੇ ਛਕਣਾ ਸ਼ੁਰੂ ਕਰ ਦਿਤਾ। ਲੰਗਰ ਸੇਵਾਦਾਰਾਂ ਦੀ ਅਣਥੱਕ ਮਿਹਨਤ ਸਦਕਾ ਦੂਰ ਦਰਾਜ਼ ਦੇ ਨੁਕਸਾਨੇ ਇਲਾਕਿਆਂ ਵੁਆਨਗੀਰੀ, ਚਿਨ੍ਹਾਗੂੜੀ, ਪਦੂਕੂਪਮ, ਕਾਦੀਕਾਦਰ, ਮਧਿਯੂਕੂਪਮ, ਨਿਆਕਦੁਪਮ, ਚਵੰਦੀਕੁਪਮ ਅਤੇ ਕਿਜਾਮੂਯਵਰਖੇੜੀ ਆਦਿ ਵਿੱਚ ਵੀ ਟਰੱਕਾਂ ਰਾਹੀਂ ਲਿਜਾ ਕੇ ਲੰਗਰ ਵਿਤਰਣ ਦੀ ਮਹਾਨ ਸੇਵਾ ਕੀਤੀ ਗਈ। ਗੁਰੂ ਕੇ ਲੰਗਰ ਦੀ ਮਹਾਨ ਪਰੰਪਰਾ ਦੀ ਸੋਭਾ ਦੀਆਂ ਕਨਸੋਆਂ ਦੂਰ-ਦੂਰ ਤੱਕ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਲੰਗਰ ਵਿੱਚ ਬਣ ਰਹੇ ਸੁੱਚਤਾ ਪਵਿੱਤਰਤਾ ਨਾਲ ਸਤੋ ਗੁਣੀ ਪਦਾਰ ਕੜਾਹ, ਖੀਰ, ਸਬਜ਼ੀਆਂ, ਦਾਲਰਾਂ ਪ੍ਰਸ਼ਾਦਿਆਂ ਅਤੇ ਚਾਵਲਾਂ ਨੂੰ ਛਕਣ ਵਾਸਤੇ ਸਮਾਜ ਸੇਵਾ ਐਨ.ਸੀ.ਸੀ. ਵਰਗੀਆਂ ਅਨੇਕਾਂ ਹੀ ਸੰਸਥਾਵਾਂ ਦੇ ਪਰਉਪਕਾਰੀ ਕਾਰਜ ਵਿੱਚ ਲੱਗੇ ਸੇਵਕ ਵੀ ਲੰਗਰ ਤੋਂ ਪਦਾਰਥ ਛਕ ਰਹੇ ਹਨ। ਭਾਸ਼ਾ ਬੋਲੀ ਦੇ ਤਾਲਮੇਲ ਨਾ ਹੋਣ ਦੇ ਬਾਵਜੂਦ ਵੀ ਅਨੇਕਾਂ ਹੀ ਲੋੜਵੰਦ ਪ੍ਰੇਮੀਆਂ ਦੇ ਦਿਲੀ ਵਲਵਲੇ ਉਹਨਾਂ ਦੇ ਚਿਹਰਿਆਂ ਤੋਂ ਪ੍ਰਤੱਖ ਪ੍ਰਗਟ ਹੋ ਰਹੇ ਸਨ ਕਿ ਕਿਵੇਂ ਉਹ ਗੁਰੂ ਨਾਨਕ ਘਰ ਦਾ ਪ੍ਰਸ਼ਾਦ ਪਾਣੀ ਛਕ ਕੇ ਤ੍ਰਿਪਤ ਹੋ ਕੇ ਧੰਨ ਧੰਨ ਕਰ ਰਹੇ ਸਨ। ਇਸੇ ਤਰ੍ਹਾਂ ਤਕਰੀਬਨ ਇੱਕ ਮਹੀਨਾ ਲਗਾਤਾਰ ਇਥੇ ਲੰਗਰ ਚਲਾਏ ਗਏ। ਜਿਸ ਵਿਚ ਰਾਸਣ ਸਮੱਗਰੀ ਤੋਂ ਇਲਾਵਾ 19-20 ਐਟਮਾਂ ਰਾਸਣ ਦੀਆਂ, ਕੰਬਲ, ਟੈਂਟਾਂ ਤੋਂ ਇਲਾਵਾ ਸਟੋਪ, ਟੂਥ ਪੇਸਟ ਆਦਿ ਹਰ ਇਕ ਵਸਤੂ ਜੋ ਹਰ ਰੋਜ ਕੰਮ ਆਉਣ ਵਾਲੀ ਮੁਹਈਆ ਕਰਵਾਈ ਗਈ।

ਸੇਵਾ ਕਾਰਜ ਕਰ ਰਹੇ ਅਫਸਰਾਂ ਕਰਮਚਾਰੀਆਂ ਤੋਂ ਇਲਾਵਾ ਉਚੇਚੇ ਤੌਰ ਤੇ ਭਾਰਤ ਵਰਸ਼ ਕੇਂਦਰੀ ਗੈਸ ਅਤੇ ਪੈਟਰੋਲੀਅਮ ਮੰਤਰੀ ਮਨੀਸ਼ੰਕਰ ਆਈਅਰ ਲੰਗਰ ਚੱਲਣ ਵਾਲੀ ਜਗ੍ਹਾ ਸਮੁੰਦਰੀ ਕਿਨਾਰੇ ਪੂਮਪਹਾਰ ਰੈਸਟ ਹਾਉਸ ਵਿਖੇ ਪਹੁੰਚੇ ਅਤੇ ਉਹਨਾਂ ਵੱਲੋਂ ਆਪਣੇ ਸਾਥੀਆਂ ਸਮੇਤ ਲੰਗਰ



ਤਾਮਿਲਨਾਡੂ ਨੂੰ ਸੁਨਾਮੀ ਸਮੇਂ ਟਰੱਕ ਤੋਰਨ ਸਮੇਂ ਦਾ ਦ੍ਰਿਸ਼।



ਸਮੁੰਦਰ ਦੇ ਕੰਡੇ ਤਮਿਲਨਾਡੂ ਵਿਖੇ ਬਾਬਾ ਜੀ ਸਿੰਘਾਂ ਸਮੇਤ ਦੁਖੀ ਲੋਕਾਂ ਦੀ ਸੇਵਾ ਵਿਚ।



ਸਿੰਘ ਸੇਵਾ ਵਿਚ ਤੱਤਪਰ।



ਸਮੱਗਰੀ ਵੰਡਣ ਸਮੇਂ ਤਾਮਿਲ ਲੋਕਾਂ ਦਾ ਇਕੱਠ।

ਛਕਾਇਆ ਗਿਆ ਅਤੇ ਉਨ੍ਹਾਂ ਵੱਲੋਂ ਗੁਰੂ ਘਰ ਦੀ ਅਪਾਰ ਮਹਿਮਾ ਦਿਲ ਦੀਆਂ ਗਹਿਰਾਈਆਂ ਤੋਂ ਕੀਤੀ ਗਈ ਜੋ ਕਿ ਸ਼ਬਦਾਂ ਅੰਦਰ ਬਿਆਨ ਕਰਨੀ ਮੁਸ਼ਕਿਲ ਹੈ।

**ਜੰਮੂ ਅਤੇ ਕਸ਼ਮੀਰ ਵਿਖੇ ਭੂਚਾਲ ਪੀੜਤਾਂ ਦੀ ਸੇਵਾ** :- 8 ਅਕਤੂਬਰ 2005 ਦੀ ਸਵੇਰ ਆਮ ਵਾਂਗ ਸੂਰਜ ਉਦੇ ਹੋਣ ਤੇ ਕਾਰੋਬਾਰਾਂ ਦੀ ਸ਼ੁਰੂਆਤ ਹੋਣ ਲੱਗੀ ਅਤੇ ਸਮੇਂ ਨੇ ਐਸੀ ਕਰਵਟ ਬਦਲੀ ਕਿ ਇਹ ਸਵੇਰ ਹਰ ਰੋਜ਼ ਦੀ ਤਰ੍ਹਾਂ ਆਮ ਸਵੇਰ ਤੋਂ ਬਦਲਕੇ ਬਹੁਤ ਹੀ ਹਰੇਕ ਦੇ ਦਿਲ ਨੂੰ ਦਹਿਲਾਉਣ ਵਾਸੀ ਸੀ। ਪਾਕਿਸਤਾਨ ਅਤੇ ਹਿੰਦੂਸਤਾਨੀ ਕਸ਼ਮੀਰ ਵਿੱਚ ਬਹੁਤ ਹੀ ਭਿਆਨਕ ਭੂਚਾਲ ਨੇ ਲਗਭਗ 70,000 ਹਸਦੇ ਵਸਦੇ ਲੋਕਾਂ ਨੂੰ ਸਦਾ ਦੀ ਨੀਂਦ ਮੌਤ ਦੀ ਗੋਦੀ ਵਿਚ ਸੁਲ੍ਹਾ ਦਿਤਾ। ਦੁਖੀ ਲੋਕਾਂ ਦੀ ਕੂਕ ਪੁਕਾਰ ਸੁਣਨ ਵਾਲਾ ਸ਼ਾਇਦ ਹੀ ਮੌਕੇ ਤੇ ਕੋਈ ਪਹੁੰਚਿਆ ਹੋਵੇ। ਅਨੇਕਾਂ ਹੀ ਕੀਮਤੀ ਜਾਂਨਾ ਮਲਵੇ ਦੇ ਢੇਰ ਹੇਠ ਭੂਚਾਲ ਵਰਗੀ ਭਿਆਨਕ ਆਫਤ ਦਾ ਸ਼ਿਕਾਰ ਹੋ ਗਈਆਂ। ਭੂਚਾਲ ਤੋਂ ਬਾਅਦ ਪਾਕਿਸਤਾਨ ਅਤੇ ਹਿੰਦੂਸਤਾਨ ਦੀ ਨਿਰਅੰਤਰਣ ਰੇਖਾ ਅਤੇ ਸੀਮਾਂ ਉਪਰ ਹਜਾਰਾਂ ਕਰੋੜ ਦੀ ਲਾਗਤ ਨਾਲ ਬਣਾਈ ਗਈ ਫੈਨਸਿੰਗ (ਕੰਡਾ ਤਾਰ) ਦਾ ਵੀ ਕਬਾੜਾ ਹੋ ਗਿਆ। ਹਿੰਦੂਸਤਾਨੀ ਕਸ਼ਮੀਰ ਬਾਰਡਰ ਦੇ ਇਲਾਕਿਆਂ ਵਿੱਚ ਫੌਜ ਵੱਲੋਂ ਅਥਾਹ ਸੇਵਾ ਕਰਕੇ ਮਲਬਿਆਂ ਹੇਠ ਦਬੀਆਂ ਲਾਸ਼ਾਂ ਨੂੰ ਕੱਢਿਆ ਗਿਆ ਹੁਣ ਵੀ 68 ਦਿਨ ਬਾਅਦ ਇਕ ਅਦਭੁਤ ਕ੍ਰਿਸ਼ਮਾ ਵਰਤਿਆ ਕਿ ਇਕ ਬੀਬੀ ਦਾ ਜੀਵਤ ਸਰੀਰ ਪ੍ਰਾਪਤ ਹੋਇਆ ਜਿਸ ਦਾ ਇਲਾਜ ਹਸਪਤਾਲ ਵਿਚ ਚਲ ਰਿਹਾ ਸੀ। ਹੋਰ ਵੀ ਅਨੇਕਾਂ ਹੀ ਭਿਆਨਕ ਦ੍ਰਿਸ਼ ਦੇਖਣ ਨੂੰ ਪ੍ਰਾਪਤ ਹੋਏ। ਹੁਣ ਵੀ ਜਦੋਂ ਕਿ 8 ਅਕਤੂਬਰ 2005 ਨੂੰ ਪਾਕਿਸਤਾਨ ਹਿੰਦੂਸਤਾਨ ਦੀ ਹੱਦ ਉਪਰ ਕਸ਼ਮੀਰ ਦੇ ਇਲਾਕੇ ਬਾਰਾਮੁੱਲਾਂ, ਊੜੀ, ਆਦਿ ਆਏ ਭਿਆਨਕ ਭੂਚਾਲ ਦੀ ਤਰਸਾਦੀ ਸਮੇਂ ਗੁ. ਰਤਵਾੜਾ ਸਾਹਿਬ ਤੋਂ ਸੈਂਕੜ ਸੇਵਾਦਾਰ ਇਸ ਸੇਵਾ ਲਈ ਕਸ਼ਮੀਰ ਵਿਖੇ ਵਰ੍ਹਦੀ ਹੱਡ ਭੰਨਵੀਂ ਠੰਢ ਸਮੇਂ ਰਾਹਤ ਸਮੱਗਰੀ ਛੇ ਟਰੱਕਾਂ ਰਾਹੀਂ ਰਾਹਤ ਸਮੱਗਰੀ ਵੰਡ ਕੇ ਆਏ ਹਨ। ਇਸ ਮਹਾਨ ਸੇਵਾ ਵਿੱਚ ਸੰਤ ਪ੍ਰਦੀਪ ਸਿੰਘ ਬੋਰੇ ਵਾਲੇ ਗਊਸ਼ਾਲਾ ਬੰਧਨੀ ਕਲਾਂ ਵਾਲਿਆਂ ਵੱਲੋਂ ਇੱਕ ਵੱਡੇ ਟਰਾਲੇ ਅਤੇ ਗਊਸ਼ਾਲਾ ਟਰਸਟ ਭਗਤੂ ਭਾਈ ਕੇ ਵੱਲੋਂ ਵੀ ਰਾਹਤ ਸਮੱਗਰੀ ਰਤਵਾੜਾ ਸਾਹਿਬ ਦੇ ਸੇਵਾਦਾਰਾਂ ਰਾਹੀਂ ਭੇਜੀ ਗਈ । ਇਸੇ ਤਰ੍ਹਾਂ ਸੰਤ ਅਵਤਾਰ ਸਿੰਘ ਧੂਲਕੋਟ ਵਾਲਿਆਂ ਵੱਲੋਂ ਵੀ ਇੱਕ ਟਰੱਕ ਰਾਹਤ ਸਮੱਗਰੀ ਦਾ ਭੂਚਾਲ ਪੀੜਤ ਇਲਾਕੇ ਵਿੱਚ ਭੇਜਿਆ ਗਿਆ। ਇਹ ਰਾਹਤ ਸਮੱਗਰੀ ਵਿੱਚ ਰਜ਼ਾਈਆਂ, ਕੰਬਲਾਂ, ਜਰਸੀਆਂ, ਪਹਿਨਣ ਵਾਲੇ ਕੱਪੜੇ ਅਤੇ ਆਟਾ ਚਾਵਲ ਵਿਤਰਣ ਕੀਤੇ ਹਨ।

**ਚਲਦਾ..**




ਜੰਮੂ ਅਤੇ ਕਸ਼ਮੀਰ ਨੂੰ ਸਮੱਗਰੀ ਸਮੇਤ ਤਿਆਰ ਟਰੱਕਾਂ ਦਾ ਇਕ ਦ੍ਰਿਸ਼।



**ਵੰਡਣ ਸਮੇਂ ਦੇ ਦ੍ਰਿਸ਼।**



# ਮਾਨੁਖ ਤਨ ਦਾ ਪ੍ਰਯੋਜਨ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥***
***ਅੰਗ - ੨੮੯***

ਉਹ ਪ੍ਰਮੇਸ਼ਰ ਜਿਸ ਨੂੰ ਮਿਲਣ ਵਾਸਤੇ ਮਾਨਸ ਦੇਹ ਪ੍ਰਾਪਤ ਹੋਈ ਹੈ ਤੇ ਜਿਸਨੂੰ ਮਿਲਣਾ ਮਾਨਸ ਦਾ ਪਰਮ ਫਰਜ਼ ਹੈ, ਸਭ ਤੋਂ ਉਤਮ ਫਰਜ਼ ਹੈ। ਬਾਕੀ ਕੰਮ ਹੋਵੇ ਭਾਵੇਂ ਨਾ ਹੋਵੇ, ਕੋਈ ਮਤਲਬ ਨਹੀਂ ਰੱਖਦੇ। ਪਰ ਜੇ ਪ੍ਰਮੇਸ਼ਰ ਦੀ ਪ੍ਰਾਪਤੀ ਤੋਂ ਬਗੈਰ ਆਦਮੀ ਦਾ ਸਰੀਰ ਬਿਰਥਾ ਚਲਿਆ ਗਿਆ। ਤਾਂ ਉਹ ਕਿਸੇ ਕੰਮ ਨਹੀਂ ਹੋਇਆ ਕਰਦਾ। ਵਕਤ ਗੁਜ਼ਾਰਿਆ ਤੇ ਪਛਤਾਉਂਦਾ ਹੋਇਆ ਸੰਸਾਰ ਤੋਂ ਚਲਿਆ ਜਾਂਦਾ ਹੈ। ਸੋ ਉਹਦੇ ਬਾਰੇ ਵੀਚਾਰ ਕੀਤੀ ਗਈ ਹੈ ਕਿ ਆਹ ਸਰੀਰ, ਇਸ ਦੇਹੀ ਦੇ ਅੰਦਰ ਜੋ ਇਕ ਬਹੁਤ ਵੱਡਾ ਕਾਰਖਾਨਾ ਹੈ। ਇਹਦੇ ਅੰਦਰ ਜੜ੍ਹ ਵੀ ਹੈ ਤੇ ਚੇਤਨ ਵੀ ਹੈ। ਇਹਦੇ ਅੰਦਰ ਰੂਹ ਵੀ ਹੈ ਤੇ ਪ੍ਰਕ੍ਰਿਤੀ ਹੈ। ਪ੍ਰਾਕ੍ਰਿਤੀ ਦੇ ਨਾਲ ਰੂਹ ਦਾ ਏਸ ਸੰਸਾਰ ਦੇ ਨਾਲ ਸਬੰਧ ਜੁੜਦਾ ਹੈ। ਅੱਖਾਂ ਨਾਲ ਦੇਖਦਾ ਹੈ, ਕੰਨਾਂ ਨਾਲ ਸੁਣਦੀ ਹੈ ਰੂਹ, ਜ਼ੁਬਾਨ ਦੇ ਨਾਲ ਸੁਆਦ ਲੈਂਦੀ ਹੈ, ਚਮੜੀ ਦੇ ਨਾਲ ਸਪਰਸ਼ ਕਰਦੀ ਹੈ, ਨਾਸਕਾ ਦੇ ਨਾਲ ਸੁੰਘਦੀ ਮਨ ਦੇ ਨਾਲ ਫੁਰਨਾ ਕੀਤਾ ਜਾਂਦਾ ਹੈ, ਬੁੱਧੀ ਦੇ ਨਾਲ ਨਿਰਣਾ ਕੀਤਾ ਜਾਂਦਾ ਹੈ, ਚਿੱਤ ਦੇ ਨਾਲ ਮਹਿਸੂਸ ਕੀਤਾ ਜਾਂਦਾ ਹੈ। ਅਹੰਭਾਵ ਦੇ ਆਸਰੇ ਅਗਿਆਨ ਦਾ ਸਹਾਰਾ ਲੈ ਕੇ ਇਹ ਜੀਵ ਆਤਮਾ ਬਣ ਕੇ ਸੰਸਾਰ ਦੇ ਅੰਦਰ ਚੰਗੇ ਤੇ ਮੰਦੇ ਕੰਮ ਕਰਦਾ ਹੈ ਤੇ ਜੋ ਰੂਹ ਹੈ ਉਹ ਬਿਲਕੁਲ ਪਾਕ ਤੇ ਸਾਫ, ਪਵਿੱਤਰ, ਨਿਰਮਲ; ਉਹਨੂੰ ਆਤਮਾ ਆਖਦੇ ਨੇ। ਸੋ ਆਤਮਾ ਪ੍ਰਕ੍ਰਿਤੀ ਦੇ ਨਾਲ ਰਲ ਕੇ ਬਹੁਤ ਨੀਵੀਂ ਆ ਗਈ। ਗੁਰੂ ਮਹਾਰਾਜ ਸੱਚੇ ਪਾਤਸ਼ਾਹ, ਸਾਧੂ ਸੰਤ, ਅਨੁਭਵੀ ਮਹਾਂਪੁਰਸ਼, ਪੀਰ-ਪੈਗੰਬਰ, ਆਉਲੀਏ, ਜੋ ਵੀ ਪ੍ਰਮੇਸ਼ਰ ਵਲੋਂ ਐਸ planet ਤੇ ਭੇਜੇ ਜਾਂਦੇ ਨੇ, ਉਹ ਆ ਕੇ ਦਸਦੇ ਨੇ ਕਿ ਭਾਈ! ਤੈਨੂੰ ਬੜੀ ਦੇਰ ਤੋਂ ਬਾਅਦ 83 ਲੱਖ, 99 ਹਜ਼ਾਰ, 9 ਸੌ 99 ਜੂਨਾਂ ਭੋਗਣ ਤੋਂ ਬਾਅਦ ਇਹ ਮਾਨਸ ਦੇਹੀ ਪ੍ਰਾਪਤੀ ਹੋਈ ਤੇ ਇਹਦਾ ਜੋ ਪਰਮ ਮਨੋਰਥ ਹੈ ਉਹ ਵਾਹਿਗੁਰੂ ਦੀ ਪ੍ਰਾਪਤੀ ਹੈ। ਉਹਨੂੰ ਮਿਲਣਾ ਹੈ। ਉਹ ਕਿੱਥੇ ਰਹਿੰਦਾ ਹੈ?

ਗੁਰੂ ਨੌਵੇਂ ਪਾਤਸ਼ਾਹ ਇਸੇ ਸਬੰਧ ਵਿਚ ਫੁਰਮਾਉਂਦੇ ਨੇ-

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ***
***ਤੋਹੀ ਸੰਗਿ ਸਮਾਈ ॥੧॥ ਰਹਾਉ ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ***
***ਮੁਕਰ ਮਾਹਿ ਜੈਸੇ ਛਾਈ ॥***
***ਤੈਸੇ ਹੀ ਹਰਿ ਬਸੇ ਨਿਰੰਤਰਿ***
***ਘਟ ਹੀ ਖੋਜਹੁ ਭਾਈ ॥੧॥***
***ਬਾਹਰਿ ਭੀਤਰਿ ਏਕੋ ਜਾਨਹੁ***
***ਇਹੁ ਗੁਰ ਗਿਆਨੁ ਬਤਾਈ ॥***
***ਜਨ ਨਾਨਕ ਬਿਨੁ ਆਪਾ ਚੀਨੈ***
***ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪***

ਜਿਸ ਤਰ੍ਹਾਂ ਫੁੱਲਾਂ ਵਿਚ ਵਾਸ਼ਨਾ ਹੁੰਦੀ ਹੈ ਤੇ ਸ਼ੀਸ਼ੇ ਵਿਚ ਜਿਵੇਂ ਆਪਣਾ ਪਰਛਾਵਾਂ ਹੁੰਦਾ ਹੈ, ਇਸੇ ਤਰ੍ਹਾਂ ਨਾਲ ਦੇ ਨਾਲ ਵਾਹਿਗੁਰੂ ਆਹ ਦੇਹੀ ਦੇ ਅੰਦਰ ਵਸ ਰਿਹਾ ਹੈ ਤੇ ਕਹਿੰਦੇ ਅੰਦਰ ਹੈ, ਬਾਹਰ ਨਹੀਂ ਹੈ, ਮਹਾਰਾਜ ਕਹਿੰਦੇ ਸਾਰੇ ਹੀ ਹੈ।

***ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ***
***ਨ ਘਾਟ ਹੈ ਨ ਬਾਢ ਹੈ ਨ ਬਾਢ ਘਾਟ ਹੋਤ ਹੈ***

ਸੋ ਐਸੇ ਜੋ ਗੁਰੂ ਮਹਾਰਾਜ ਦੇ ਫੁਰਮਾਨ ਹਨ ਇਹਦੇ ਉਤੇ ਸਭ ਤੋਂ ਪਹਿਲਾਂ ਜੋ ਆਦਮੀ ਦਾ ਫਰਜ਼ ਹੈ, ਉਹ ਹੈ ਕਿ ਸਾਵਧਾਨ ਹੋ ਕੇ, ਪੂਰੀ ਸਾਵਧਾਨੀ ਦੇ ਨਾਲ, ਜਿਸ ਤਰ੍ਹਾਂ ਪਿਛੇ ਦੱਸਿਆ ਗਿਆ ਹੈ ਕਿ ਸਾਵਧਾਨ ਹੋ ਕੇ ਸਤਿਸੰਗ ਕਰੋ। ਉਹਦੇ ਨਾਲ ਸਰਵਣ ਕਰੇ, ਸੁਣੇ ਏਸ ਨੂੰ, 100% ਮਨ ਨੂੰ ਇਕਾਗਰ ਕਰਕੇ। ਆਮ ਤੌਰ ਤੇ ਦੇਖਿਆ ਗਿਆ ਹੈ ਕਿ ਸਤਿਸੰਗ ਹੋ ਰਿਹਾ ਹੈ, ਮਹਾਂਪੁਰਸ਼ਾਂ ਦੇ ਪ੍ਰਵਚਨ ਸਤਿਸੰਗ ਦੇ ਰੂਪ ਵਿਚ ਹੋ ਰਹੇ ਨੇ, ਰਿਕਾਰਡ ਕੀਤੇ ਜਾ ਰਹੇ ਨੇ, ਟੈਲੀਵੀਜ਼ਨ ਤੇ ਵੀਡੀਓ ਕੈਸਟਾਂ ਦੇ ਨਾਲ ਹੋ ਰਹੇ ਨੇ। ਲੇਕਿਨ ਸੁਣਨ ਦੀ ਕਿੰਨੀ ਕੁ ਮਹੱਤਤਾ ਹੈ, ਕਿੰਨੇ ਕੁ ਆਦਮੀ ਦੇ ਅੰਦਰ ਸੁਣਨ ਦੇ ਖਿਆਲ ਹਨ ਕਿ ਮੈਂ ਸੁਣਾਂ। ਉਹ ਥੋੜ੍ਹੇ % ਦੇ ਨਾਲ ਸੁਣਦਾ ਹੈ, 3-4% ਧਿਆਨ ਦਿੰਦਾ ਹੈ, ਬਾਕੀ 97 ਪ੍ਰਤੀਸ਼ਤ ਬਾਹਰ ਦੌੜਦਾ ਹੈ। ਇਸ ਕਰਕੇ ਧਰਮ ਵਰਗੀ ਅਤਿ ਕੀਮਤੀ ਤੇ ਵਿਲੱਖਣ ਵਸਤੂ ਨੂੰ ਇਹ ਹਿਰਦੇ ਤੋਂ ਅਪਣਾਉਂਦਾ ਨਹੀਂ ਕਿਉਂਕਿ ਸੁਣਦਾ ਨਹੀਂ। ਬਾਰ-ਬਾਰ ਮਹਾਰਾਜ ਫੁਰਮਾਨ ਕਰਦੇ ਨੇ, ਗੁਰੂ, ਪੀਰ, ਪੈਗੰਬਰ, ਆਉਲੀਏ, ਹਾਕਾਂ ਮਾਰ-ਮਾਰ ਕੇ ਦੱਸਦੇ ਨੇ -

***ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥***
***ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥***
***ਅੰਗ - ੭੬੧***

ਉਹ ਜੋ ਨਾਮ ਹੈ ਤੇਰੇ ਅੰਦਰ ਵਸਦਾ ਹੈ, ਉਹ ਪ੍ਰਮੇਸ਼ਰ ਵੀ ਤੇਰੇ ਅੰਦਰ ਵਸਦਾ ਹੈ, ਬਾਹਰ ਵੀ ਵਸਦਾ ਹੈ ਬਾਹਰੋਂ ਤੈਨੂੰ ਪਿਛੋਂ ਲੱਭੇਗਾ ਪਹਿਲਾਂ ਅੰਦਰੋਂ ਲੱਭੇਗਾ। ਸੋ ਉਹਦੇ ਬਾਰੇ ਸਾਰਾ ਕੁਛ ਆਹ ਸਰੀਰ ਦੇ ਅੰਦਰ ਪਾਇਆ ਹੋਇਆ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***
***ਅੰਗ - ੨੯੩***

*ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*
*ਅੰਗ - ੯੫੪*

ਸੋ ਵਾਹਿਗੁਰੂ ਜੀ ਨੇ ਆਹ ਸਰੀਰ ਦੇ ਅੰਦਰ 'ਨਾਮ' ਪਾ ਦਿਤਾ। ਨਾਮ ਜਦੋਂ ਪ੍ਰਾਪਤ ਹੋ ਜਾਂਦਾ ਹੈ ਫੇਰ ਵਾਹਿਗੁਰੂ ਦੇ ਦਰਸ਼ਨ ਹੋ ਜਾਂਦੇ ਨੇ। ਇਹ ਵਣਜ ਕਰਦੇ ਨੇ ਵਣਜਾਰੇ। ਸੋ ਮਹਾਰਾਜ ਦਾ ਫੁਰਮਾਨ ਹੈ -

*ਮੇਰੈ ਕਰਤੈ ਇਕ ਬਣਤ ਬਣਾਈ ॥*
*ਇਸੁ ਦੇਹੀ ਵਿਚਿ ਸਭ ਵਥੁ ਪਾਈ ॥*
*ਅੰਗ - ੧੦੬੪*

ਸਭ ਚੀਜ਼ਾਂ ਪਾ ਦਿਤੀਆਂ ਇਹਦੇ ਵਿਚ, ਇਹਦੇ ਵਿਚ ਵੱਡੇ ਤੋਂ ਵੱਡੇ ਪਾਪ ਕਰਨ ਵਾਲੀਆਂ ਚੀਜ਼ਾਂ ਰਹਿੰਦੀਆਂ ਨੇ, ਆਦਮੀ ਨੂੰ ਨਰਕਾਂ ਵਿਚ ਲਿਜਾਣ ਵਾਲੇ ਜਜ਼ਬੇ ਇਹਦੇ ਵਿਚ ਹੀ ਰਹਿੰਦੇ ਨੇ। ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਪੰਜ ਠੱਗ, ਪੰਜ ਵਿਸ਼ੇ ਆਦਿ ਤੇ ਇਹਦੇ ਵਿਚ ਦੈਵੀ ਸੰਪਰਦਾਵਾਂ ਸਤਿ, ਸੰਤੋਖ, ਦਇਆ, ਧਰਮ, ਖਿਮਾ, ਅਹਿੰਸਾ ਇਹ ਸਾਰੀਆਂ ਰਹਿੰਦੀਆਂ ਨੇ ਤੇ ਇਹਦੇ ਵਿਚ ਪ੍ਰਮੇਸ਼ਰ ਦਾ ਨਾਮ ਰਹਿੰਦਾ ਹੈ। ਉਹ ਸ਼ਬਦ ਰਹਿੰਦਾ ਹੈ, ਜਿਸ ਸ਼ਬਦ ਦੇ ਨਾਲ ਸਾਰਾ ਸੰਸਾਰ ਕਾਇਮ ਹੈ ਜੋ ਵਾਹਿਗੁਰੂ ਦਾ ਸਾਕਾਰ ਰੂਪ ਹੈ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਵਿਰਲੇ-ਵਿਰਲੇ ਹਨ ਬੰਦੇ ਜਿਹੜੇ ਸੁਣਦੇ ਨੇ, ਸੁਣ ਕੇ ਫੇਰ ਮੰਨਦੇ ਨੇ। ਉਹ ਫੇਰ ਵਣਜ ਕਰਦੇ ਨੇ, ਖੱਟਦੇ ਨੇ, ਨਿਧਿਆਸਣ ਕਰਦੇ ਨੇ -

*ਨਾਨਕ ਨਾਮੁ ਵਣਜਹਿ ਰੰਗਿ ਰਾਤੇ*
*ਗੁਰਮੁਖਿ ਕੋ ਨਾਮੁ ਪਾਇਦਾ ॥ ਅੰਗ - ੧੦੬੪*

ਕੋਈ-ਕੋਈ ਪ੍ਰੇਮੀ ਹੈ ਜਿਹੜਾ ਗੁਰੂ ਤੋਂ ਫੇਰ 'ਨਾਮ' ਦੀ ਪ੍ਰਾਪਤੀ ਕਰਦਾ ਹੈ। ਸੋ ਇਹ ਜੋ ਸੰਸਾਰ ਹੈ ਸਾਰਾ -

*ਜਗਤੁ ਉਪਾਇ ਖੇਲੁ ਰਚਾਇਆ ॥*
*ਪਵਣੈ ਪਾਣੀ ਅਗਨੀ ਜੀਉ ਪਾਇਆ ॥*
*ਅੰਗ - ੧੦੩੭*

ਅਕਾਸ਼ ਬਣਾ ਦਿਤੀ, ਪਵਨ ਬਣਾ ਦਿਤੀ, ਅਗਨੀ, ਪਾਣੀ ਬਣਾ ਦਿਤਾ, ਮਿੱਟੀ ਬਣਾ ਦਿੱਤੀ, ਦੂਸਰੇ ਪਾਸੇ ਚੇਤਨ ਵਸਤੂ ਨੂੰ ਜੀਵ ਆਤਮਾ ਕਹਿੰਦੇ ਨੇ -

*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਅੰਗ - ੧*

ਉਹ ਵੀ ਇਹਦੇ ਵਿਚ ਹੀ ਪਸਾਰਾ ਕਰ ਦਿਤਾ।

*ਦੇਹੀ ਨਗਰੀ ਨਉ ਦਰਵਾਜੇ*
*ਸੋ ਦਸਵਾ ਗੁਪਤੁ ਰਹਾਤਾ ਹੇ ॥ ਅੰਗ - ੧੦੩੭*

ਜਿਸ ਥਾਂ ਤੇ ਇਹ ਵਾਹਿਗੁਰੂ ਪ੍ਰਗਟ ਹੁੰਦਾ ਹੈ ਤੇ ਦਿਬਜ ਨੈਣ ਉਸਦੇ ਦਰਸ਼ਨ ਕਰਦੇ ਨੇ, ਦਿਬਜ ਨੇਤਰ ਉਸਦੇ ਨਾਦ ਨੂੰ ਸਰਵਣ ਕਰਦੇ ਨੇ, ਦਿਬਜ ਜਿਹਭਾ ਉਸ ਦੇ ਰਸ ਨੂੰ ਅਨੁਭਵ ਕਰਦੀ ਹੈ, ਅੰਮ੍ਰਿਤ ਚਖਦੀ ਹੈ ਤੇ ਦਿਬਜ ਨਾਸਕਾ ਉਸਦੀ ਸੁਗੰਧੀ ਲੈਂਦੀ ਹੈ ਤੇ ਦਿਬਜ ਸਪਰਸ਼ ਦੇਹੀ ਉਸ ਦੇ ਸਪਰਸ਼ ਨੂੰ ਅਨੁਭਵ ਕਰਦੀ ਹੈ ਜੋ ਸਹਿਨ ਤੋਂ ਬਾਹਰ ਹੈ। ਸੋ ਇਹਦੇ ਵਿਚ ਹੀ ਹੈ ਤੇ ਇਹਦੇ ਵਿਚ ਹੀ ਦਰਵਾਜ਼ਾ, ਥਾਂ ਰੱਖ ਦਿਤਾ ਜਿਸਨੂੰ ਦਸਵਾ ਆਖਿਆ ਗਿਆ, ਨੌਂ ਤਾਂ ਪ੍ਰਗਟ ਹੋ ਗਏ।

*ਦੇਹੀ ਨਗਰੀ ਨਉ ਦਰਵਾਜੇ ॥*
*ਸਿਰਿ ਸਿਰਿ ਕਰਣੈਹਾਰੈ ਸਾਜੇ ॥*
*ਦਸਵੈ ਪੁਰਖੁ ਅਤੀਤੁ ਨਿਰਾਲਾ*
*ਆਪੇ ਅਲਖੁ ਲਖਾਇਆ ॥ ਅੰਗ -੧੦੩੯*

ਇਹ ਨਹੀਂ ਕਿ ਗੁਪਤ ਹੋ ਗਿਆ, ਉਹਨੇ ਅੱਖਾਂ ਵੀ ਬਖਸ਼ ਦਿਤੀਆਂ ਕਿ ਜੇ ਦੇਖਣਾ ਹੈ ਤਾਂ ਤੇਰੇ ਅੰਦਰ ਅੱਖ ਹੈਗੀ ਉਹ ਖੋਲ੍ਹ ਲੈ। ਗੁਰੂ ਮਹਾਰਾਜ ਓਸ ਨੂੰ ਬਿਅੰਨ ਅੱਖੜੀਆ ਆਖਦੇ ਨੇ। ਉਹ ਇਕ ਐਸੀ ਅੱਖ ਹੈ, ਐਸੀ ਸੋਝੀ ਹੈ ਕਿ ਅਨੁਭਵ ਦਾ ਕੋਈ ਪ੍ਰਕਾਸ਼ ਹੈ, ਜਿਸਨੂੰ ਤੀਸਰਾ ਤਿਲ, ਸ਼ਿਵ ਨੇਤਰ, ਤੀਸਰੀ ਅੱਖ ਆਦਿ ਨਾਵਾਂ ਨਾਲ ਅਨੇਕਾਂ ਮਹਾਤਮਾ ਸਮਝਾਉਣ ਦਾ ਯਤਨ ਕਰਦੇ ਨੇ। ਉਥੇ ਪੁਰਖ ਅਤੀਤ ਜਿਹੜਾ ਵਾਹਿਗੁਰੂ ਹੈ, ਉਥੇ ਜਿਹੜਾ ਅਲਖ ਹੈ ਲਖਿਆ ਜਾਂਦਾ ਹੈ। ਜਾਣਿਆ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਉਥੇ ਨਿਸ਼ਾਨੀਆਂ ਵੀ ਨੇ -

*ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ*
*ਨਿਜ ਘਰਿ ਵਸਿਆ ਆਏ ॥ ਅੰਗ - ੪੪੦*

ਜਿੰਨੇ ਮਨ ਦੇ ਫੁਰਨੇ, ਜਿੰਨੀਆਂ ਮਨ ਦੀਆਂ ਵਾਸ਼ਨਾਵਾਂ, ਜਿੰਨਾ ਮਨ ਦੌੜਦਾ ਸੀ, ਇਹ ਜਦੋਂ ਸਮਾਧੀ ਦੀ ਅਵਸਥਾ 'ਚ ਗਿਆ, ਉਸ ਵੇਲੇ ਪਹਿਲੀ ਸਮਾਧੀ ਜਿਸਨੂੰ ਸੰਪਰ ਗਿਆਤ ਸਮਾਧੀ ਆਖਦੇ ਨੇ ਜਾਂ ਸਾ ਵਿਕਲਪ ਸਮਾਧੀ ਆਖਦੇ ਨੇ ਇਹਦੇ ਵਿਚ ਅਜੇ ਫੁਰਨਾ ਹੁੰਦਾ ਹੈ। ਇਸ ਦੇ ਉਤੇ ਜਦੋਂ ਫੁਰਨਾ ਬੰਦ ਹੋ ਜਾਂਦਾ ਹੈ ਤਾਂ ਨਿਰਵਿਕਲਪ ਸਮਾਧੀ ਅਸੰਪਰਗਿਆਤ ਸਮਾਧੀ ਦੇ ਅੰਦਰ ਜਾ ਕੇ ਉਸ ਵੇਲੇ ਮਨ ਜਿਹੜਾ ਹੈ ਧਾਂਵਦਾ ਹੋਇਆ ਥੰਮਿਆ ਜਾਂਦਾ ਹੈ। ਥੰਮ ਤਾਂ ਹੁੰਦਾ ਹੈ ਜੇ ਸਤਿਗੁਰੂ ਮਿਲ ਜਾਵੇ। ਗੁਰੂ ਤੋਂ ਬਗੈਰ ਨਹੀਂ ਥੰਮਿਆ ਜਾਂਦਾ ਚਾਹੇ ਜਿੰਨਾ ਜੀਅ ਕਰਦਾ ਹੈ, ਜ਼ੋਰ ਲਾ ਲਵੇ, ਨਾਮ ਦੀ ਪ੍ਰਾਪਤੀ ਨਹੀਂ ਹੋਏਗੀ, ਇਸ ਅਵਸਥਾ ਦੀ ਪ੍ਰਾਪਤੀ ਨੂੰ ਮਹਾਰਾਜ ਨੇ ਨਾਮ ਦੀ ਪ੍ਰਾਪਤੀ ਕਿਹਾ ਹੈ।

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ ॥ ਅੰਗ - ੬੪੯*

ਗੁਰੂ ਮਿਲਦਾ ਨਹੀਂ ਜਿੰਨਾ ਚਿਰ ਪੂਰਾ ਭਾਗ ਨਾ ਹੋਏ। ਸੋ ਗੁਰੂ ਦੇ ਮਿਲਣ ਤੇ ਮਨ ਥੰਮ ਹੋ ਜਾਂਦਾ ਹੈ, ਜਦੋਂ ਥੰਮਿਆ ਗਿਆ ਤਾਂ ਅੰਦਰਲੇ ਪ੍ਰਕਾਸ਼ 'ਚ ਦਾਖਲ ਹੋ ਜਾਂਦਾ ਹੈ।

*ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥*
*ਅੰਗ - ੪੪੧*

ਦੋ ਚੀਜ਼ਾਂ ਦੀ ਨਿਸ਼ਾਨੀ ਦਿਤੀ ਹੈ। ਇਕ ਤਾਂ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ। ਐਸਾ ਸੁਆਦ ਹੈ ਜਿਹੜਾ ਵਰਣਨ ਹੀ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਸ ਤਰ੍ਹਾਂ ਪਾਣੀ ਦੀਆਂ ਘੱਟਾਂ ਨਹੀਂ ਹਨ ਕਿ ਅੰਦਰ ਆ ਰਹੀਆਂ ਨੇ। ਉਹ ਦਿਬਜ ਅੰਮ੍ਰਿਤ ਹੁੰਦਾ, ਉਹ ਮਹਿਸੂਸ ਹੁੰਦਾ ਹੈ। ਸੋ ਉਥੇ ਅੰਮ੍ਰਿਤ ਦੀ ਵਰਸ਼ਾ ਹੁੰਦੀ ਹੈ ਤੇ ਉਹ ਭੋਜਨ ਰੂਹ ਦਾ ਭੋਜਨ ਹੈ ਅੰਮ੍ਰਿਤ, ਸਰੀਰ ਦਾ ਭੋਜਨ ਜੋ ਹੈ ਇਹ ਅੰਨ ਹੋਇਆ ਕਰਦਾ ਹੈ, ਪਾਣੀ ਹੋਇਆ ਕਰਦਾ ਹੈ। ਰੂਹ ਨੂੰ ਜੋ ਭੋਜਨ ਚਾਹੀਦਾ ਹੈ ਉਹ ਉਥੇ ਪ੍ਰਾਪਤ ਹੋ ਜਾਂਦਾ ਹੈ।

*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥*
*ਅੰਗ - ੪੪੧*

ਉਹ ਸ਼ਬਦ ਜਿਹੜਾ ਵਾਹਿਗੁਰੂ ਨੇ, ਨਿਰੰਕਾਰ ਜਦੋਂ ਸਾਕਾਰ ਹੋਇਆ ਓਅੰਕਾਰ ਦੇ ਸਰੂਪ 'ਚ, 'ਏਕ ਕਵਾਵੈ ਤੇ ਸਭ ਹੋਆ' ਉਹ ਸ਼ਬਦ ਜਿਸਦੇ ਹੋਣ ਕਰਕੇ ਸਾਰੀ ਸ੍ਰਿਸ਼ਟੀ ਦੀ ਹੋਂਦ ਕਾਇਮ ਹੈ, ਉਹ ਹੁਣ ਉਸੇ ਤਰ੍ਹਾਂ ਕਾਇਮ ਹੈ ਸ਼ਬਦ। ਕਿਉਂਕਿ ਉਹ ਪ੍ਰਮੇਸ਼ਰ ਦਾ ਆਪਣਾ ਨਿਜ ਸਰੂਪ ਹੈ। ਸੋ ਧੁਨ ਉਠਣੀ ਸ਼ੁਰੂ ਹੋ ਜਾਂਦੀ ਹੈ। ਉਹ ਸ਼ਬਦ ਜਿਸ ਸ਼ਬਦ ਦੇ ਨਾਲ ਜਗਤ ਨੂੰ ਥੰਮ ਕੇ ਕਾਇਮ ਕੀਤਾ ਹੋਇਆ ਹੈ ਵਾਹਿਗੁਰੂ ਜੀ ਨੇ ਤੇ ਉਹ ਸ਼ਬਦ ਦੀ ਪ੍ਰਾਪਤੀ ਉਥੇ ਹੋ ਜਾਂਦੀ ਹੈ। ਦਸਵੇਂ ਦੁਆਰ ਦੇ ਵਿਚ ਜਾ ਕੇ। ਮਹਾਰਾਜ ਇਕ ਥਾਂ ਹੋਰ ਫੁਰਮਾਉਂਦੇ ਨੇ ਕਿ -

*ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥*
*ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥*
*ਤਹ ਅਨਹਦ ਸਬਦ ਵਜਹਿ ਧੁਨਿ ਬਾਣੀ*
*ਸਹਜੇ ਸਹਜਿ ਸਮਾਈ ਹੇ ॥ ਅੰਗ - ੧੦੬੯*

ਅਨਹਦ ਸ਼ਬਦ ਦੀ ਸਹਿਜ ਬਾਣੀ ਵਜ ਰਹੀ ਹੈ ਉਥੇ। ਇਹ ਪੰਜ ਅਵਸਥਾ 'ਚ ਬਦਲਦਾ ਹੈ। ਪੰਜ ਸ਼ਬਦ ਜਿਸਨੂੰ ਆਖਿਆ ਜਾਂਦਾ ਹੈ, ਪੰਜਾਂ ਤੋਂ ਬਾਅਦ ਜਿਹੜਾ ਅਨਹਦ ਹੈ ਤੇ ਜਦੋਂ ਉਹ ਪ੍ਰਗਟ ਹੁੰਦਾ ਹੈ ਤੇ ਸਰੀਰ ਤੋਂ ਉਹ ਸਹਿ ਨਹੀਂ ਹੋਇਆ ਕਰਦਾ। ਐਸਾ ਦਿਬਜ ਸ਼ਬਦ ਹੈ, ਐਸਾ ਦਿਬਜ ਰਾਗ ਹੈ। ਓਸ ਦੀ ਧੁਨ ਉਥੇ ਉਪਜਦੀ ਹੀ ਰਹਿੰਦੀ ਹੈ।

*ਤਹ ਅਨਹਦ ਸਬਦ ਵਜਹਿ ਧੁਨਿ ਬਾਣੀ*
*ਸਹਜੇ ਸਹਜਿ ਸਮਾਈ ਹੇ ॥ ਅੰਗ - ੧੦੬੯*

ਸੋ ਇਸ ਤਰ੍ਹਾਂ ਜਦੋਂ ਤੱਕ ਨੌਂ ਦਰਵਾਜ਼ਿਆਂ ਨੂੰ ਠਾਕਿਆ ਨਹੀਂ ਜਾਂਦਾ ਮੰਤਰ ਦੇ ਨਾਲ ਓਨੀਂ ਦੇਰ ਤੱਕ ਮਨ ਨੇ ਬਾਹਰ ਨੂੰ ਦੌੜਨਾ ਹੈ, ਜਦੋਂ ਠਾਕ ਦਿਤਾ ਫੇਰ ਮਨ ਦੀ ਸ਼ਕਤੀ ਨਹੀਂ ਹੈ ਕਿ ਉਹ ਬਾਹਰ ਨੂੰ ਦੌੜੇ ਕਿਉਂਕਿ ਉਹ ਤਾਂ ਠਾਕ ਦਿਤੇ, ਬੰਨ੍ਹ ਦਿਤੇ। ਮਨ ਨਹੀਂ ਇਧਰ ਆਉਂਦਾ, ਫੇਰ ਅੰਦਰ ਨੂੰ ਜਾਂਦਾ ਹੈ -

*ਨਉ ਦਰ ਠਾਕੇ ਧਾਵਤੁ ਰਹਾਏ ॥*
*ਦਸਵੈ ਨਿਜ ਘਰਿ ਵਾਸਾ ਪਾਏ ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ ॥ ਅੰਗ - ੧੨੪*

ਗੁਰੂ ਦੀ ਮਤ ਧਾਰਨ ਕਰਨ ਦੇ ਨਾਲ, ਉਹ ਸ਼ਬਦ ਓਸ ਥਾਂ ਦੇ ਉਤੇ ਸੁਣਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਉਹ ਵਾਹਿਗੁਰੂ ਜੀ ਜਿਹੜੇ ਜਿਨ੍ਹਾਂ ਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ। ਉਨ੍ਹਾਂ ਦਾ ਉਥੇ ਪ੍ਰਗਟ ਹੋਣਾ ਮਹਾਰਾਜ ਨੇ ਫੁਰਮਾਇਆ ਹੈ ਸੋ ਆਹ ਦੇਹੀ ਮਿਲੀ ਇਸ ਵਾਸਤੇ ਹੈ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਸੋ ਹੁਣ ਉਥੇ ਜਾਇਆ ਕਿਵੇਂ ਜਾਵੇ, ਸਾਨੂੰ ਤਾਂ ਪਤਾ ਹੀ ਨਹੀਂ ਅੰਦਰਲਾ। ਜੇ ਮੈਡੀਕਲ ਸਾਇੰਸ ਵਾਲੇ ਨਾ ਦਸਦੇ ਸਾਨੂੰ ਕੋਈ ਪਤਾ ਨਹੀਂ ਕਿ ਰੋਟੀ ਕਿਥੇ ਹਜ਼ਮ ਹੁੰਦੀ ਤੇ ਕਿਵੇਂ ਜਾ ਕੇ ਐਸਿਡ ਸਪਰੇਅ ਕਰਦੇ ਨੇ, ਤੇ ਉਹ ਭੋਜਨ ਨੂੰ ਕਿਵੇਂ ਪਚਾਉਂਦੇ ਹਨ। ਕਿਵੇਂ ਓਸ ਤੋਂ ਫੇਰ ਜਿਗਰ ਜਾ ਕੇ ਵੱਖਰੇ-ਵੱਖਰੇ ਤੱਤ ਕੱਢ ਕੇ ਵੱਖਰੇ-ਵੱਖਰੇ ਥਾਵਾਂ ਨੂੰ, ਕੋਈ ਕਿਸੇ ਥਾਂ ਨੂੰ, ਕੋਈ ਕਿਸੇ ਥਾਂ ਨੂੰ ਭੇਜਦਾ ਹੈ ਤੇ ਸਰੀਰ ਦਾ ਸੰਤੁਲਨ ਕਾਇਮ ਰੱਖਦਾ ਹੈ। ਸੋ ਖੂਨ ਕਿਵੇਂ ਹਰਕਤ ਕਰਦਾ ਹੈ ਦਿਲ ਦੇ ਵਿਚੋਂ ਕਿੰਨਾ ਖੂਨ ਆਦਮੀ ਦਾ ਹਰ ਵਕਤ ਆਦਮੀ ਦਾ ਇਕ ਮਿੰਟ ਦੇ ਅੰਦਰ ਗੇੜਾ ਖਾਂਦਾ ਹੈ। ਇਹ ਮੈਡੀਕਲ ਸਾਇੰਸ ਵਾਲਿਆਂ ਨੇ ਦੱਸ ਦਿਤਾ। ਅਸੀਂ ਉਹਦੇ ਤੇ ਵਿਸ਼ਵਾਸ਼ ਕਰਦੇ ਹਾਂ। ਜੇ ਪ੍ਰਤੱਖ ਦੇਖਣਾ ਹੈ ਤਾਂ ਮੈਡੀਕਲ ਕਾਲਜ ਵਿਚ ਜਾਣਾ ਪਏਗਾ। ਇਸੇ ਤਰ੍ਹਾਂ ਇੰਜਨੀਅਰ ਨੇ, ਇੰਜਨੀਰਿੰਗ ਦੀ ਕੋਈ ਸਮਝ ਨਹੀਂ ਆਉਂਦੀ ਕਿਤਾਬਾਂ ਪੜ੍ਹਨ ਤੋਂ, ਬਹੁਤ ਮੁਸ਼ਕਲ ਨਾਲ ਸ਼ਾਇਦ ਇਕ ਅੱਧ ਵਿਦਿਆਰਥੀ ਹੋ ਜਾਵੇ ਪਾਸ ਤਾਂ ਹੋ ਜਾਵੇ, ਲੇਕਿਨ ਮੁਸ਼ਕਲ ਹੈ। ਸੋ ਉਹਦੇ ਵਾਸਤੇ ਦੁਨੀਆਂਦਾਰਾਂ ਨੇ ਕਾਲਜ ਬਣਾ ਦਿਤੇ। ਸਾਇੰਸ ਵਰਗੀ ਸੂਖਸ਼ਮ ਚੀਜ਼ ਜਦ ਤੱਕ ਜਾ ਕੇ ਯੂਨੀਵਰਸਿਟੀਆਂ ਦੇ ਅੰਦਰ ਤਜਰਬੇ ਨਹੀਂ ਕਰਦਾ, ਖੋਜ ਨਹੀਂ ਕਰਦਾ ਓਨਾਂ ਚਿਰ ਸਾਇੰਸ ਦਾ ਨਹੀਂ ਪਤਾ ਲਗਦਾ। ਖੇਤੀ ਵਰਗੀ ਮੋਟੀ ਚੀਜ਼ ਜਦੋਂ ਤੱਕ ਖੇਤ ਵਿਚ ਜਾ ਕੇ ਕਿਸੇ ਬਜ਼ੁਰਗ ਤੋਂ, ਕਿਸੇ ਜਾਣਕਾਰ ਬੰਦੇ ਤੋਂ, ਕਿਸੇ ਮਹਿਕਮੇ ਵਾਲਿਆਂ ਤੋਂ ਨਹੀਂ ਪੁਛਦਾ ਪਤਾ ਨਹੀਂ ਲਗਦਾ ਕਿਉਂਕਿ ਪਤਾ ਹੀ ਨਹੀਂ ਲਗਦਾ ਕਿ ਕਿਹੜਾ ਖਾਦ ਕਿੰਨਾ ਪਾਉਣਾ ਹੈ, ਕਿਹੜਾ ਕਿੰਨਾ ਪਾਉਣਾ ਹੈ। ਹਾਲਾਂਕਿ ਬੜੀ ਮੋਟੀ ਚੀਜ਼ ਹੈ। ਸੋ ਇਸੇ ਤਰ੍ਹਾਂ ਦੇ ਨਾਲ ਜੋ ਰੂਹਾਨੀ ਵਿਦਿਆ ਹੈ, ਉਹਦਾ ਪਤਾ ਨਹੀਂ ਲਗਦਾ ਜਦੋਂ ਤੱਕ ਰੂਹਾਨੀ ਵਿਦਿਆ ਨੂੰ ਜਾਨਣ ਵਾਲਾ, ਪੂਰਨ ਅਨੁਭਵੀ ਪੁਰਸ਼ ਨਾ ਪ੍ਰਾਪਤ ਹੋਵੇ। ਓਸ ਨੂੰ ਗੁਰੂ ਆਖਦੇ ਨੇ। ਓਸਦੀਆਂ ਕਿਸਮਾਂ ਹੁੰਦੀਆਂ ਨੇ।

ਕਿਉਂਕਿ ਗੁਰੂ ਦਾ ਪੇਸ਼ਾ ਜਿਹੜਾ ਹੈ ਬੜਾ ਹੀ ਫਾਇਦੇਵਾਲਾ ਹੈ ਸੰਸਾਰ ਦੀ ਨਿਗ੍ਹਾ 'ਚ, ਲੇਕਿਨ ਗੁਰੂ ਜਿਹੜਾ ਅਕਾਲਪੁਰਖ ਵਲੋਂ ਹੈ, ਉਹਦੀ ਕੋਈ ਅਵਸਥਾ ਹੋਰ ਹੁੰਦੀ ਹੈ ਤੇ ਬਾਕੀ ਜਿਹੜੇ ਨੇ ਉਹਦੇ ਨਾਲ ਜੀਵ ਭਟਕ ਜਾਂਦਾ ਹੈ, ਫਸ ਜਾਂਦਾ ਹੈ। ਉਨ੍ਹਾਂ ਦੀਆਂ ਕਿਸਮਾਂ 12 ਨੇ। ਇਕ ਤਾਂ ਅੰਨਾ ਗੁਰੂ ਕਿਹਾ ਹੈ ਇਕ ਕੱਚਾ ਗੁਰੂ ਕਿਹਾ ਹੈ। ਕੱਚਾ ਗੁਰੂ ਤਾਂ ਮੁਕਤ ਕਦੇ ਕਰ ਹੀ ਨਹੀਂ ਸਕਦਾ। ਕਿਉਂਕਿ ਉਹ ਆਪ ਤੈਰਨਾ ਨਹੀਂ ਜਾਣਦਾ। ਆਪ ਡੁੱਬ ਜਾਂਦਾ ਹੈ ਭਵਜਲ ਦੇ ਅੰਦਰ ਤੇ ਦੂਸਰੇ ਨੂੰ ਕਿਵੇਂ ਤਾਰ ਦਏਗਾ? ਤਾਰੇਗਾ ਤਾਂ ਓਹੀ ਜਿਹੜਾ ਆਪ ਤਰਨ ਜਾਣਦਾ ਹੈ, ਕਹਿੰਦੇ ਮਹਾਰਾਜ ਦਾ ਫੁਰਮਾਨ ਹੈ-

*ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ ॥*
*ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ ॥*
*ਅੰਗ - ੧੧੦੧*

ਜਿਹੜੇ ਆਰ-ਪਾਰ ਪੱਤਣਾਂ ਦੇ ਭੇਤੀ ਨੇ ਉਹ ਲੈ ਜਾਂਦੇ ਨੇ। ਮੋਢੇ ਤੇ ਹੱਥ ਧਰਾ ਕੇ ਵੀ ਲੈ ਜਾਂਦੇ ਨੇ। ਕਿਸ਼ਤੀ ਚਲਾ ਕੇ ਲੈ ਜਾਂਦੇ ਨੇ, ਜਹਾਜ਼ ਚਲਾ ਕੇ ਲੈ ਜਾਂਦੇ ਨੇ। ਸੋ ਬਾਕੀ ਜੋ ਹੈ ਅਨੁਭਵ ਤੋਂ ਵਿਹੂਣਾ ਮਹਾਰਾਜ ਕਹਿੰਦੇ ਉਹ ਅੰਨਾ ਹੋਇਆ ਕਰਦਾ ਹੈ।

*ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥*
*ਅੰਗ - ੫੮*

ਗੁਰੂ ਅੰਨ੍ਹਾ ਹੈ, ਚੇਲਾ ਕਿਥੋਂ ਭਾਲਦਾ ਹੈ ਕਿ ਮੈਂ ਮੰਜ਼ਲੇ-ਏ-ਮਕਸੂਦ ਤੇ ਪਹੁੰਚ ਜਾਵਾਂਗਾ। ਉਹ ਤਾਂ ਆਪ ਵੀ ਲੁਟਿਆ ਜਾਏਗਾ, ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਆਦਿ ਦੇ ਗਲਤ ਜਜ਼ਬੇ ਨਾਲ। ਜਿਹੜੇ ਉਨ੍ਹਾਂ ਦੇ ਪਿਛੇ ਲੱਗੇ ਨੇ ਓਹ ਵੀ ਲੁੱਟੇ ਜਾਣਗੇ। ਫੁਰਮਾਨ ਹੈ ਐਸਾ -

*ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥*
*ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥*
*ਅੰਗ - ੭੬੭*

ਹੋਛੀ ਮਤ ਹੋਣ ਕਰਕੇ ਆਪ ਵੀ ਲੁੱਟਿਆ ਜਾਂਦਾ ਹੈ ਤੇ ਰਾਹ ਦੀ ਪਛਾਣ ਨਹੀਂ ਹੁੰਦੀ। ਸੋ ਐਸਾ ਜੋ ਹੈ -

*ਨਾਨਕ ਅੰਧਾ ਹੋਇ ਕੈ ਦਸੇ ਰਾਹੈ*
*ਸਭਸੁ ਮੁਹਾਏ ਸਾਥੈ ॥ ਅੰਗ - ੧੪੦*

ਸਾਰਾ ਸਾਥ ਹੀ ਲੁੱਟਿਆ ਜਾਂਦਾ ਹੈ। ਕਿਉਂਕਿ ਆਪ ਅੰਨ੍ਹਾ ਹੈ, ਪਤਾ ਨਹੀਂ ਹੈ।

*ਅਗੈ ਗਇਆ ਮੁਹੇ ਮੁਹਿ ਪਾਹਿ*
*ਸੁ ਐਸਾ ਆਗੂ ਜਾਪੈ ॥ ਅੰਗ - ੧੪੦*

ਦਰਗਾਹ ਦੇ ਵਿਚ ਉਹਦੇ ਨਾਲ ਕੀ ਬਣਦਾ ਹੈ, ਜੁੱਤੀਆਂ ਪੈਂਦੀਆਂ ਨੇ ਉਹਦੇ ਮੂੰਹ ਤੇ। ਐਹੋ ਜਿਹਾ ਆਗੂ, ਝੂਠ ਬੋਲਦਾ ਹੈ, ਦੂਜਿਆਂ ਦੀ ਕਮਾਈ ਖਾਂਦਾ ਹੈ, ਉਨ੍ਹਾਂ ਦਾ ਧਨ ਆਪ ਖਾਂਦਾ ਹੈ। ਮੌਜਾਂ ਉਡਾਓ ਤੇ ਉਨ੍ਹਾਂ ਨੂੰ ਸਮਝਾਉਣ ਜਾਂਦਾ ਹੈ। ਆਪ ਤਾਂ ਲੁੱਟਿਆ ਹੋਇਆ ਹੈ ਦੂਜਿਆਂ ਨੂੰ ਉਪਦੇਸ਼ ਦਿੰਦਾ ਹੈ।

*ਕੂੜੁ ਬੋਲਿ ਮੁਰਦਾਰੁ ਖਾਇ ॥*
*ਅਵਰੀ ਨੋ ਸਮਝਾਵਣਿ ਜਾਇ ॥*
*ਮੁਠਾ ਆਪਿ ਮੁਹਾਏ ਸਾਥੈ ॥*
*ਨਾਨਕ ਐਸਾ ਆਗੂ ਜਾਪੈ ॥ ਅੰਗ - ੧੪੦*

ਆਪ ਵੀ ਲੁਟਿਆ ਗਿਆ ਤੇ ਨਾਲ ਦੇ ਵੀ ਲੁੱਟੇ ਗਏ। ਸੋ ਐਸੇ ਤਰ੍ਹਾਂ ਜੋ ਅੰਨ੍ਹਾ ਗੁਰੂ ਹੁੰਦਾ ਹੈ ਉਹਨੂੰ ਨਹੀਂ ਪਤਾ ਕਿ ਭਰਮ ਜੋ ਪੈ ਗਿਆ -

*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥*
*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਕਿਵੇਂ ਆਪਾ ਚੀਨਣਾ ਹੈ, ਕਿਸ ਤਰੀਕੇ ਦੇ ਨਾਲ ਭਰਮ ਦੀ ਜੋ ਕਾਲਖ ਪੈ ਗਈ, ਕਾਈ ਪੈ ਗਈ, ਉਹ ਕਿਵਾਂ ਮਿਟਦੀ ਹੈ, ਮਿਟਦੀ ਨਹੀਂ।

*ਅੰਧੇ ਗੁਰੂ ਤੇ ਭਰਮੁ ਨ ਜਾਈ ॥*
*ਮੂਲੁ ਛੋਡਿ ਲਾਗੇ ਦੂਜੈ ਭਾਈ ॥*
*ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥*
*ਅੰਗ - ੨੩੨*

ਉਹ ਤਾਂ ਮਾਇਆ ਦਾ ਮਤਿਆ ਹੋਇਆ, ਜ਼ਹਿਰ ਦਾ, ਜ਼ਹਿਰ ਤੇ ਹੀ ਆਪ ਰਹੇਗਾ, ਜ਼ਹਿਰ ਦੇ ਵਿਚ ਹੀ ਆਪਣੇ ਚੇਲਿਆਂ ਨੂੰ ਲੈ ਜਾਏਗਾ। ਫੁਰਮਾਨ ਹੈ -

*ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥*
*ਅੰਗ - ੫੮*

ਅੰਨ੍ਹੇ ਗੁਰੂ ਦੇ ਜਿਹੜੇ ਚੇਲੇ ਨੇ, ਗੁਰੂਆਂ ਦਾ ਕੋਈ ਅੰਤ ਹੈ, ਪ੍ਰਚਾਰਕਾਂ ਦਾ ਕੋਈ ਅੰਤ ਹੈ। ਉਪਦੇਸ਼ਕਾਂ ਦਾ ਕੋਈ ਅੰਤ ਹੈ, ਅੰਨ੍ਹੇ ਆਪ ਨੇ ਤੇ ਸੰਸਾਰ ਨੂੰ ਹਨ੍ਹੇਰਾ ਦੱਸੀ ਜਾਂਦੇ ਨੇ ਤੇ ਉਹਦੇ ਨਾਲ ਹੁੰਦਾ ਕੀ ਹੈ ਜਿਹੜੇ ਉਨ੍ਹਾਂ ਦੇ ਨਾਲ ਲਗਦੇ ਨੇ ਉਹ ਵੀ ਅੰਨ੍ਹੇ ਕੰਮ ਕਰਨ ਲੱਗ ਜਾਂਦੇ ਨੇ। ਪ੍ਰਕਾਸ਼ ਵਾਲੇ ਕੰਮ ਨਹੀਂ ਕਰਦੇ, ਹਨ੍ਹੇਰੇ ਵਾਲੇ ਕੰਮ ਕਰਦੇ ਨੇ, ਆਪ ਹਨ੍ਹੇਰੇ 'ਚ ਸੰਸਾਰ ਨੂੰ ਵੀ ਹਨ੍ਹੇਰੇ 'ਚ ਪਾ ਦਿੰਦੇ ਨੇ।

***ਗੁਰੂ ਜਿਨ੍ਹਾਂ ਕਾ ਅੰਧੁਲਾ ਸਿੱਖ ਭੀ ਅੰਨ੍ਹੇ ਕੰਮ ਕਰੇਨਿ॥***
***ਓਇ ਭਾਣੇ ਚਲਣ ਆਪਣੇ ਨਿਤ ਝੂਠੋ ਝੂਠ ਬੁਲੇਨਿ॥***

ਉਹ ਮਰਜ਼ੀ 'ਚ ਚਲਦੇ ਨੇ, ਕਿਉਂਕਿ ਗੁਰੂ ਨਹੀਂ ਮਿਲਿਆ ਜਦੋਂ ਗੁਰੂ ਮਿਲ ਜਾਂਦਾ ਹੈ ਉਸ ਵੇਲੇ ਤਾਂ ਸਿੱਖ ਗੁਰੂ ਦੀ ਮਰਜ਼ੀ ਵਿਚ ਚਲਦਾ ਹੈ।

*ਸੋ ਸਿਖੁ ਸਦਾ ਬੰਧਪੁ ਹੈ ਭਾਈ*
*ਜਿ ਗੁਰ ਕੇ ਭਾਣੇ ਵਿਚਿ ਆਵੈ ॥*
*ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥*
*ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ*
*ਫਿਰਿ ਫਿਰਿ ਪਛੋਤਾਵੈ ॥ ਅੰਗ - ੬੦੧*

ਆਪਣੀ ਮਰਜ਼ੀ ਨਹੀਂ ਕਰ ਸਕਦਾ, ਗੁਰੂ ਨੂੰ ਆਪਣਾ ਆਪ ਦੇਣਾ ਹੈ। ਉਹਦੀ ਮਰਜ਼ੀ ਦੇ ਮੁਤਾਬਿਕ ਚਲਣਾ ਪੈਂਦਾ ਹੈ।

ਪਹਿਲਾ ਹੁੰਦਾ ਹੈ ਕੱਚਾ ਗੁਰੂ ਤੇ ਦੂਜਾ ਹੁੰਦਾ ਹੈ ਅੰਨ੍ਹਾ ਗੁਰੂ, ਤੀਸਰੀ ਕਿਸਮ ਹੁੰਦੀ ਹੈ, ਪੜ੍ਹਿਆ ਲਿਖਿਆ ਗੁਰੂ। ਪੜ੍ਹੇ ਲਿਖੇ ਗੁਰੂ ਦੇ ਵਿਚ ਇਹ ਫਰਕ ਹੁੰਦਾ ਹੈ ਕਿ ਉਹ ਗੱਲਾਂ ਬਹੁਤ ਜਾਣਦਾ ਹੈ ਕਿਉਂਕਿ ਉਸ ਨੇ ਸਾਰੀਆਂ ਵਿਦਿਆ ਪੜ੍ਹੀਆਂ ਹੁੰਦੀਆਂ ਨੇ, ਤਸੱਲੀ ਵੀ ਕਰ ਦਿੰਦਾ ਹੈ, ਲੇਕਿਨ ਉਹਦੇ ਵਿਚ ਸ਼ਕਤੀ ਨਹੀਂ ਹੁੰਦੀ। ਸੋ ਜਿਹੜਾ ਪੜ੍ਹਿਆ ਲਿਖਿਆ ਹੁੰਦਾ ਹੈ ਲੱਛੇਦਾਰ ਲੈਕਚਰ ਦੇ ਕੇ, ਬੇਅੰਤ ਮਿਸਾਲਾਂ ਦੇ ਬੰਦੇ ਨੂੰ ਘਾਇਲ ਤਾਂ ਕਰ ਦਿੰਦਾ ਹੈ, ਪਰ ਉਹਦੇ ਕੋਲ ਅਥਾਰਿਟੀ ਨਹੀਂ ਹੁੰਦੀ, ਓਸ ਤਰ੍ਹਾਂ ਦੇ ਨਾਲ ਜਿਵੇਂ ਇਕ ਨਾਟਕ ਹੋ ਰਿਹਾ ਹੈ। ਇਕ ਰਾਜਾ ਬਣ ਗਿਆ, ਇਕ ਪੁਲਿਸ ਬਣ ਗਈ, ਇਕ ਜੱਜ ਬਣ ਗਿਆ, ਇਕ ਚੋਰ ਬਣ ਗਿਆ। ਚੋਰ ਨੂੰ ਪੁਲਿਸ ਫੜ ਲੈਂਦੀ ਹੈ, ਜੱਜ ਦੇ ਪਾਸ ਜਾਂਦੀ ਹੈ। ਜੱਜ ਸਜ਼ਾ ਦਿੰਦਾ ਹੈ ਕਿ ਇਸਨੂੰ ਫਾਂਸੀ ਦੇ ਦਿਓ, ਰਾਜੇ ਕੋਲ ਜਾਂਦੀ ਹੈ ਰਾਜਾ ਕਹਿੰਦਾ ਹੈ ਕਿ ਹੁਣੇ ਦੇ ਦਿਓ ਓਸ ਨੂੰ ਫਾਂਸੀ, ਫਾਂਸੀ ਜੇ ਦੇ ਦੇਣਗੇ, ਕੀ ਹੋਏਗਾ ਆਪ ਸਾਰੇ ਹੀ ਮਰ ਜਾਣਗੇ, ਕਿਉਂਕਿ ਨਾਟਕ ਹੈ। ਉਹਦੇ ਕੋਲ ਅਥਾਰਿਟੀ ਨਹੀਂ ਹੈ। ਇਸੇ ਤਰ੍ਹਾਂ ਜੋ ਵਿਦਵਾਨ ਗੁਰੂ ਹੈ ਉਹਦੇ ਕੋਲ ਪ੍ਰਮੇਸ਼ਰ ਦੇ ਦਰਵਾਜ਼ੇ 'ਚ ਦਾਖਲ ਕਰਾਉਣ ਦੀ ਸ਼ਕਤੀ ਨਹੀਂ ਹੈ, ਉਹਦਾ ਦਿਤਾ ਹੋਇਆ ਪਾਸ ਪ੍ਰਮੇਸ਼ਰ ਦੇ ਦਰਵਾਜ਼ੇ ਉਤੇ ਖੋਟਾ ਸਿੱਕਾ ਹੈ। ਕਿਉਂਕਿ ਉਹ ਆਪ ਨਹੀਂ ਗਿਆ ਹੋਇਆ। ਆਪ ਅਕਲ ਦੇ ਨਾਲ ਗੱਲਾਂ ਕਰਦਾ ਹੈ। ਸੋ ਗੁਰੂ ਗ੍ਰੰਥ ਸਾਹਿਬ ਅੰਦਰ ਬਾਣੀ ਆਉਂਦੀ ਹੈ, ਕਬੀਰ ਸਾਹਿਬ ਫੁਰਮਾਉਂਦੇ ਨੇ ਕਿ ਐਹੋ ਜਿਹਾ ਤਾਂ ਜਗਤ ਦਾ ਗੁਰੂ ਹੋ ਸਕਦਾ ਹੈ, ਪ੍ਰਮੇਸ਼ਰ ਦੇ ਰਸਤੇ ਤੇ ਜਾਣਾ ਵਾਲਾ ਨਹੀਂ ਹੋ ਸਕਦਾ।

*ਕਬੀਰ ਬਾਮਨੁ ਗੁਰੂ ਹੈ ਜਗਤ ਕਾ*
*ਭਗਤਨ ਕਾ ਗੁਰੁ ਨਾਹਿ ॥*
*ਅਰਝਿ ਉਰਝਿ ਕੈ ਪਚਿ*
*ਮੂਆ ਚਾਰਉ ਬੇਦਹੁ ਮਾਹਿ ॥ ਅੰਗ - ੧੩੭੭*

ਉਹ ਤਾਂ ਕਿਤਾਬਾਂ 'ਚ ਹੀ ਖਤਮ ਹੋ ਗਿਆ, ਇਸ ਤੋਂ ਅੱਗੇ ਉਹੀ ਜਾਣਕਾਰੀ ਨਹੀਂ ਹੋਇਆ ਕਰਦੀ। ਸੋ ਇਸ ਤੋਂ ਅੱਗੇ ਹੋਇਆ ਕਰਦਾ ਹੈ ਅਨੁਭਵੀ ਗੁਰੂ। ਗੁਰੂ ਕਹਾਉਂਦਾ ਹੈ, ਮਾਨਤਾ ਵੀ ਹੈ ਲੇਕਿਨ ਸਮਰੱਥ ਨਹੀਂ ਹੈ। ਥੋੜ੍ਹਾ ਬਹੁਤਾ ਰਸਤੇ ਪਾਉਂਦਾ ਹੈ, ਪਰ ਪੂਰੀ ਤਰ੍ਹਾਂ ਪਾਰ ਨਹੀਂ ਕਰ ਸਕਦਾ। ਸੋ ਉਹਨੂੰ ਅਲਪੱਗ ਗੁਰੂ ਕਹਿੰਦੇ ਨੇ। ਉਹਦੇ ਕੋਲ ਜਾ ਕੇ ਆਦਮੀ ਲੰਘਦਾ ਨਹੀਂ ਹੈ, ਉਹ ਇਕ ਛੱਪੜੀ ਹੋਇਆ ਕਰਦੀ ਹੈ ਛੋਟੀ ਜਿਹੀ ਜਿਥੇ ਨਾਹੁੰਣ ਦੇ ਨਾਲ ਮੈਲ ਲਗ ਜਾਂਦੀ ਹੈ। ਸੋ ਮਹਾਰਾਜ ਕਹਿੰਦੇ ਕਿਉਂ ਅਲਪੱਗ ਗੁਰੂਆਂ ਦੇ ਪਿਛੇ ਲੱਗਿਆ ਫਿਰਦਾ ਹੈਂ।

*ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ॥*
*ਅੰਗ - ੧੩੮੦*

ਐਹੋ ਜਿਹਾ ਸਰੋਵਰ ਢੂੰਡ ਲੈ ਗੁਰੂ ਦਾ, ਜਿਥੋਂ ਤੈਨੂੰ ਮਿਲ ਜਾਵੇ ਅੰਨਿਨ ਵਸਤੂ।

*ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥*
*ਅੰਗ - ੧੩੮੦*

ਸੋ ਐਸਾ ਜੋ ਅਲਪੱਗ ਹੈ, ਅੰਦਰ ਤਾਂ ਮਾਇਆ-ਮਾਇਆ ਹੋ ਰਹੀ ਹੈ ਬਾਹਰੋਂ ਅੰਮ੍ਰਿਤ ਰੂਪੀ ਬਚਨ ਸੁਣਾ ਰਿਹਾ ਹੈ। ਉਹਦੇ ਲੜ ਲਗਣ ਵਾਲਾ ਜਮਾਂ ਦੀ ਮਾਰ ਖਾਏਗਾ।

*ਬਿਰਥੀ ਸਾਕਤ ਕੀ ਆਰਜਾ ॥*
*ਸਾਚ ਬਿਨਾ ਕਹ ਹੋਵਤ ਸੂਚਾ ॥*
*ਬਿਰਥਾ ਨਾਮ ਬਿਨਾ ਤਨੁ ਅੰਧ ॥*
*ਮੁਖਿ ਆਵਤ ਤਾ ਕੈ ਦੁਰਗੰਧ ॥*
*ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥*
*ਮੇਘ ਬਿਨਾ ਜਿਉ ਖੇਤੀ ਜਾਇ ॥*
*ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥*
*ਜਿਉ ਕਿਰਪਨ ਕੇ ਨਿਰਾਰਥ ਦਾਮ ॥*
*ਧੰਨਿ ਧੰਨਿ ਤੇ ਜਨ*
*ਜਿਹ ਘਟਿ ਬਸਿਓ ਹਰਿ ਨਾਉ॥*
*ਨਾਨਕ ਤਾ ਕੈ ਬਲਿ ਬਲਿ ਜਾਉ ॥ ੬ ॥*
*ਰਹਤ ਅਵਰ ਕਛੁ ਅਵਰ ਕਮਾਵਤ ॥*
*ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥*
*ਜਾਨਨਹਾਰ ਪ੍ਰਭੂ ਪਰਬੀਨ ॥*
*ਬਾਹਿਰ ਭੇਖ ਨ ਕਾਹੂ ਭੀਨ ॥*
*ਅਵਰ ਉਪਦੇਸੈ ਆਪਿ ਨ ਕਰੈ ॥*
*ਆਵਤ ਜਾਵਤ ਜਨਮੈ ਮਰੈ ॥ ਅੰਗ - ੨੬੯*

ਦੂਜਿਆਂ ਨੂੰ ਉਪਦੇਸ਼ ਦਿੰਦਾ ਹੈ, ਆਪ ਨਹੀਂ ਕਰ ਰਿਹਾ। ਤੇ ਫੇਰ ਹੁੰਦਾ ਕੀ ਹੈ, ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ ਆਪ ਵੀ ਤੇ ਪਿਛੇ ਲੱਗਣ ਵਾਲੇ ਵੀ। ਕਹਿੰਦੇ ਕੀ ਕਹੀਏ ਇਨ੍ਹਾਂ ਲੋਕਾਂ ਨੂੰ, ਕਿੰਨਾ ਕੁ ਉਪਦੇਸ਼ ਦੇਈਏ, ਸਮਝਣ ਵਾਲੇ ਨੇ? ਭੁੱਲੇ ਹੋਏ ਬੰਦੇ ਦਾ ਉਧਾਰ ਹੋ ਸਕਦਾ ਹੈ, ਪਾਖੰਡੀ ਦਾ ਨਹੀਂ ਹੋ ਸਕਦਾ, ਕਿਉਂਕਿ ਉਹ ਜਾਣਦਾ ਹੈ, ਸਭ ਗੱਲ ਜਾਣ ਕੇ ਫੇਰ ਬਾਗੀ ਹੋਇਆ ਹੋਇਆ ਹੈ।

*ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥*
*ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ॥*
*ਅੰਗ - ੨੨੯*

ਗੁਰੂ ਤੋਂ ਬਗੈਰ ਰਸਤਾ ਕਿਵੇਂ ਲੱਭ ਜਾਏਗਾ ਭਾਈ ਤੈਨੂੰ? ਲੱਭਣਾ ਨਹੀਂ ਹੈ ਕਿਉਂਕਿ ਅੰਨ੍ਹੇ ਦੇ ਪਿਛੇ ਲੱਗਿਆ ਹੋਇਆ ਹੈਂ।

*ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥*
*ਅੰਗ - ੯੫੪*

ਅੰਨ੍ਹਾ ਤਾਂ ਅੰਨ੍ਹੇ ਰਾਹ ਤੇ ਤੁਰੇਗਾ, ਸੁਜਾਖਾ ਹੋ ਕੇ ਕਿਉਂ ਉਝੜ ਪਏਗਾ।

*ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥*
*ਅੰਗ - ੯੫੪*

ਸੋ ਇਸ ਤਰ੍ਹਾਂ ਦੇ ਨਾਲ ਐਸ ਗੁਰੂ ਦਾ ਕੀ ਕਰਿਆ ਜਾਵੇ? ਕਬੀਰ ਸਾਹਿਬ ਕਹਿੰਦੇ ਨੇ ਕਿ ਐਸੇ ਗੁਰੂ ਦੀ ਮਾਂ ਹੈ ਨਾ ਜਿਹੜੀ ਉਹਦਾ ਸਿਰ ਮੁੰਨ ਦਿਓ। ਕਿਉਂਕਿ ਉਹਨੇ ਐਹੋ ਜਿਹਾ ਅਗਿਆਨੀ ਗੁਰੂ ਪੈਦਾ ਕਰਿਆ ਹੈ।

*ਕਬੀਰ ਮਾਇ ਮੂੰਡਉ ਤਿਹ ਗੁਰੂ ਕੀ*
*ਜਾ ਤੇ ਭਰਮੁ ਨ ਜਾਇ ॥*
*ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥*
*ਅੰਗ - ੧੩੭੦*

ਆਪ ਤਾਂ ਚਾਰੇ ਵੇਦਾਂ 'ਚ ਡੁੱਬ ਗਿਆ ਤੇ ਚੇਲੇ ਜਿਹੜੇ ਸੀ ਉਹ ਰੁੜ੍ਹ ਗਏ ਸਾਰੇ। ਸੋ ਇਸ ਤਰ੍ਹਾਂ ਦੇ ਨਾਲ ਗੁਰੂਆਂ ਦਾ ਦਰਜਾ ਹੋਇਆ ਕਰਦਾ ਹੈ। ਫੇਰ ਸਵਾਲ ਆਉਂਦਾ ਹੈ ਕਿ ਗੁਰੂ ਤੋਂ ਬਗੈਰ ਨਹੀਂ ਕੰਮ ਚਲਦਾ? ਨਾ, ਇਹ ਫੈਸਲਾ ਹੈ ਜਿਸ ਦਾ ਘਰ ਹੈ ਉਸਨੇ ਫੈਸਲਾ ਕਰ ਲਿਆ ਕਿ ਜਦੋਂ ਤੱਕ ਸਮਰੱਥ ਗੁਰੂ ਨਹੀਂ ਮਿਲਦਾ ਓਨੀਂ ਦੇਰ ਤੱਕ ਨਹੀਂ ਕੰਮ ਬਣਨਾ।

ਇਕ ਮਿਸਾਲ ਦੇ ਨਾਲ ਗੱਲ ਸਮਝ ਆ ਜਾਏਗੀ। ਇਕ ਰਾਜਾ ਸੀ ਕੋਈ, ਉਸ ਰਾਜੇ ਦੇ ਉਲਾਦ ਨਾ ਹੋਣ ਕਰਕੇ ਉਸ ਨੇ ਐਲਾਨ ਕਰ ਦਿਤਾ ਕਿ ਫਲਾਣੇ ਦਿਨ ਦੱਸ ਵਜੇ ਤੋਂ ਚਾਰ ਵਜੇ ਤੱਕ ਜੋ ਵੱਡੀ ਸੈਰਗਾਹ ਹੈ, 25-30 ਮੀਲ ਲੰਬੀ ਚੌੜੀ ਤੇ ਉਸਦਾ ਦਰਵਾਜ਼ਾ ਖੁਲ੍ਹੇਗਾ। ਜਿਹੜਾ ਛੇ ਘੰਟਿਆਂ ਦੇ ਅੰਦਰ ਰਾਜੇ ਦੀ ਤਲਾਸ਼ ਕਰ ਲਏਗਾ ਉਹ ਰਾਜੇ ਦਾ ਵਾਰਿਸ ਬਣ ਕੇ ਤਖਤ ਤੇ ਬੈਠ ਜਾਏਗਾ। ਸਾਰਿਆਂ ਦੇ ਅੰਦਰ ਚਾਓ ਹੋਇਆ। ਅੰਦਰ ਕੀ ਸੀ ਇਕ ਤਾਂ ਭੁੱਲ ਭੁਲਾਈਆਂ ਸੀ, ਸੈਂਕੜਿਆਂ ਦੇ ਹਿਸਾਬ ਨਾਲ। ਇਕ ਵਾਰੀ ਬੰਦਾ ਅੰਦਰ ਚਲਿਆ ਜਾਵੇ ਮੁੜ ਕੇ ਨਹੀਂ ਨਿਕਲਦਾ। ਇਕ ਵੱਡੀ ਝੀਲ ਸੀ ਝੀਲ ਦੇ ਵਿਚ ਬੜੇ ਸੁੰਦਰ ਥਾਂ ਬਣੇ ਹੋਏ ਸੀ ਰਹਿਣ ਬਣੇ ਹੋਏ ਸੀ, ਕਿਸ਼ਤੀਆਂ ਸੀ। ਦੂਜਾ ਉਸ ਨੇ ਪ੍ਰਬੰਧ ਕਰ ਦਿਤਾ ਕਿ ਸ਼ਰਾਬ, ਕਬਾਬ, ਨਾਦ, ਮੁਜਰੇ, ਗਾਣੇ, ਖੇਲ੍ਹਾਂ ਬੇਅੰਤ ਚੀਜ਼ਾਂ ਬੜੇ ਡਰਾਮੇ ਤੇ ਬੇਅੰਤ ਚੀਜ਼ਾਂ ਹੋਰ ਅਨੇਕਾਂ ਕਿਸਮ ਦੀਆਂ ਨੁਮਾਇਸ਼ ਦੀਆਂ ਚੀਜ਼ਾਂ ਉਹਦੇ ਵਿਚ ਲਗਵਾ ਦਿਤੀਆਂ। ਹਜ਼ਾਰਾਂ ਦੀ ਤਾਦਾਦ ਵਿਚ ਬੰਦੇ ਅੰਦਰ ਚਲੇ ਗਏ। ਕੋਈ ਭੁਲ ਭੁਲਾਈਆਂ ਵਲ ਨੂੰ ਗਿਆ ਕਿ ਇਥੇ ਲੁਕਿਆ ਹੋਏਗਾ, ਸੈਂਕੜੇ ਉਥੇ ਟੋਲ੍ਹੇਣ ਲਗ ਗਏ, ਸੈਂਕੜੇ ਝੀਲ ਵਲ ਨੂੰ ਚਲੇ ਗਏ ਕਿ ਕਿਤੇ ਇਥੇ ਹੋਣਾ ਕਿਸੇ ਮਕਾਨ 'ਚ ਬੈਠਾ। ਸੈਂਕੜੇ ਹੀ ਜੰਗਲ 'ਚ ਚਲੇ ਗਏ। ਹਜ਼ਾਰਾਂ ਹੀ ਜਿਹੜੇ ਸੀ ਉਹ ਖੋਜ ਛੱਡ ਕੇ ਖਾਣ ਪੀਣ ਲੱਗ ਗਏ, ਨਸ਼ਿਆਂ 'ਚ ਪੈ ਗਏ, ਸ਼ਰਾਬ ਪੀ ਲਈ ਬੇਅੰਤ ਹੀ। ਉਥੇ ਹੀ ਵਿਸ਼ੇ-ਵਿਕਾਰ ਭੋਗਣੇ ਸ਼ੁਰੂ ਕਰ ਦਿਤੇ। ਉਥੇ ਹੀ ਮਦਰਾ ਮਾਸ ਖਾ ਪੀ ਕੇ ਉਥੇ ਹੀ ਉਹ ਤਾਂ ਖਤਮ ਹੋ ਗਏ ਤੇ ਕੁਝ ਜਿਹੜੇ ਸੀ ਉਹ ਰੰਗ ਤਮਾਸ਼ਿਆਂ 'ਚ ਲੱਗ ਗਏ, ਖੇਲ੍ਹਾਂ 'ਚ ਲਗ ਗਏ, ਕੁਛ ਨਾਟਕਾਂ ਚੇਟਕਾਂ 'ਚ ਲੱਗ ਗਏ, ਕੁਛ ਜੋ ਨੁਮਾਇਸ਼ ਦੇ ਅੰਦਰ ਬੇਅੰਤ ਚੀਜ਼ਾਂ ਆਈਆਂ ਸੀ ਉਹਨੂੰ ਦੇਖਣ ਲਗ ਗਏ। ਬਹੁਤ ਸਾਰੇ ਭੁੱਲ ਗਏ ਕਿ ਅਸੀਂ ਕਾਹਦੇ ਵਾਸਤੇ ਆਏ ਹਾਂ ਇਥੇ।

ਇਕ ਕੋਈ ਸੋਝੀਵਾਨ ਪ੍ਰੇਮੀ ਜੋ ਬਾਗ ਦਾ ਮੈਨੇਜਰ ਸੀ, ਸੈਰਗਾਹ ਦਾ, ਉਹਦੇ ਦਰਵਾਜ਼ੇ ਮੂਹਰੇ ਜਾ ਕੇ ਬਹਿ ਗਿਆ, ਦਫਤਰ ਸੀ ਬਹੁਤ ਵੱਡਾ। ਜੋ ਹੁਕਮ ਕਰਨ ਉਹ ਕਰੀ ਜਾਵੇ, ਅਖੀਰ ਜਦੋਂ ਸਮਾਂ ਨੇੜੇ ਆਇਆ, ਉਸ ਨੇ ਪੁਛਿਆ ਕਿ ਪ੍ਰੇਮੀਆ! ਸਾਰਾ ਸੰਸਾਰ ਟੋਲ੍ਹਦਾ ਫਿਰਦਾ ਹੈ, ਤੂੰ ਨਹੀਂ ਟੋਲ੍ਹਦਾ? ਜੇ ਰਾਜੇ ਨੂੰ ਟੋਲ੍ਹ ਤਾਂ ਤਖਤ ਦਾ ਵਾਰਿਸ ਬਣ ਜਾਏਂਗਾ। ਕਹਿਣ ਲੱਗਿਆ, ਮਹਾਰਾਜ! ਭੇਤੀ ਤੋਂ ਬਗੈਰ ਨਹੀਂ ਪਤਾ ਲਗਣਾ। ਇਹ 25-30 ਮੀਲ ਲੰਮਾ ਚੌੜਾ ਥਾਂ ਹੈ, ਜਿਹਦੇ 'ਚ ਜੰਗਲ ਨੇ, ਉਚੇ ਨੀਵੇਂ ਪਰਬਤ ਬਣਾਏ ਹੋਏ ਨੇ, ਭੁੱਲ-ਭੁਲਾਈਆਂ ਬਣਾਈਆਂ ਹੋਈਆਂ ਨੇ, ਅਨੇਕਾਂ ਸੈਰ ਸਪਾਟੇ ਦੀਅਂ ਚੀਜ਼ਾਂ, ਖੇਲ੍ਹਾਂ, ਅੱਖਾਂ ਦੇ ਸਾਰੇ ਵਿਸ਼ੇ, ਸਰੀਰ ਦੇ ਸਾਰੇ ਭੋਗ ਇਥੇ ਪ੍ਰਾਪਤ ਨੇ ਤੇ ਮਹਾਰਾਜ ਰੁਲ ਜਾਂਦਾ ਹੈ ਬੰਦਾ ਇਨ੍ਹਾਂ ਵਿਚ। ਭੇਤੀ ਤੋਂ ਬਗੈਰ ਨਹੀਂ ਦੱਸ ਸਕਦਾ। ਆਪ ਮੇਰੇ ਤੇ ਤਰੁੱਠੋਂ ਓਂ ਤਾਂ ਕ੍ਰਿਪਾ ਕਰੋ, ਬਾਰ-ਬਾਰ ਬੇਨਤੀਆਂ ਕਰਦਾ ਰਿਹਾ, ਅਖੀਰ ਉਸ ਨੇ ਕਿਹਾ ਕਿ ਲੈ ਪ੍ਰੇਮੀਆ! ਮੈਨੂੰ ਅਥਾਰਿਟੀ ਦਿਤੀ ਸੀ ਮਹਾਰਾਜ ਨੇ ਬਈ ਜੇ ਕੋਈ ਖਹਿੜੇ ਹੀ ਪੈ ਜਾਵੇ ਤਾਂ ਉਹਨੂੰ ਚਾਬੀ ਦੇ ਦੇਵੀਂ। ਨਾਲੇ ਮੇਰਾ ਦੱਸ ਦੇਈਂ ਭੇਤ। ਕਹਿਣ ਲੱਗੇ, ਆਹ ਜਿਹੜਾ ਦਫਤਰ ਹੈ ਇਹਦੇ ਪਿਛਲੇ ਪਾਸੇ ਇਕ ਮਿੱਟੀ ਦੀ ਢੇਰੀ ਹੈ ਉਹਦੇ ਵਿਚ ਇਕ ਦਰਵਾਜ਼ਾ ਹੈ ਮੂਹਰੇ ਬੋਰੀ ਪਈ ਹੈ। ਬੋਰੀ ਪਰ੍ਹੇ ਕਰ ਦੇਈਂ। ਓਸ ਦਰਵਾਜ਼ੇ 'ਚੋਂ ਵੜ ਜਾਈਂ ਤੇ ਹੌਲੀ-ਹੌਲੀ ਜਦੋਂ ਤੂੰ ਅੱਗੇ ਜਾਏਂਗਾ ਤੇ ਉਥੇ ਛੇ ਦਰਵਾਜ਼ੇ ਹੋਰ ਆਉਣਗੇ। ਜਦੋਂ ਛੇਵੇਂ 'ਚ ਪਹੁੰਚੇਂਗਾ ਉਥੇ ਤੈਨੂੰ ਆਵਾਜ਼ ਆਉਣੀ ਸ਼ੁਰੂ ਹੋ ਜਾਏਗੀ। ਧੁਨ ਉਹ ਆ ਜਾਏਗੀ, ਪ੍ਰਕਾਸ਼ ਵੀ ਆ ਜਾਏਗਾ, ਉਥੇ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਮਿਲਣਗੀਆਂ ਤੈਨੂੰ, ਲੁਭਾਉਣ ਵਾਲੀਆਂ ਉਨ੍ਹਾਂ ਦਾ ਧਿਆਨ ਛੱਡ ਦੇਈਂ ਤੇ ਆਵਾਜ਼ ਫੜ ਕੇ ਤੁਰਿਆ ਜਾਈਂ, ਅਖੀਰ ਦਰਵਾਜ਼ੇ ਟਪਦਾ ਜਾਈਂ ਤੇ ਦਸਵਾਂ ਜਦੋਂ ਦਰਵਾਜ਼ਾ ਆਏਗਾ ਉਥੇ ਉਹ ਬੈਠਾ ਹੋਏਗਾ। ਉਥੇ ਜਾ ਕੇ ਨਮਸਕਾਰ ਕਰੀਂ। ਸੋ ਇਸੇ ਤਰ੍ਹਾਂ ਕੀਤਾ ਗਿਆ, ਦਰਵਾਜ਼ੇ ਲੰਘਦਾ ਗਿਆ ਹੇਠ ਤੋਂ ਉਪਰ, ਅਖੀਰ ਉਹ ਦਰਵਾਜ਼ਾ ਆ ਗਿਆ ਜਿਥੇ ਸ਼ਬਦ ਧੁਨ ਉਪਜਦੀ ਹੈ, ਪ੍ਰਕਾਸ਼ ਆ ਗਿਆ ਜਿਹੜਾ ਦੇਖਿਆ ਹੀ ਨਹੀਂ ਜਾਂਦਾ ਐਨਾ ਪ੍ਰਕਾਸ਼, ਲੇਕਿਨ ਹੈ ਮਿੱਠਾ ਕੋਈ ਨੁਕਸਾਨ ਨਹੀਂ ਦੇ ਰਿਹਾ। ਸ਼ਬਦ ਦੀ ਧੁਨ ਮਸਤ ਕਰਦੀ ਜਾ ਰਹੀ ਹੈ, ਉਹਦੇ ਨਾਲ-ਨਾਲ ਤੁਰਿਆ ਜਾਂਦਾ ਹੈ, ਧੁਨ ਬਦਲ ਗਈ ਹੋਰ ਆ ਗਈ, ਫੇਰ ਧੁਨ ਬਦਲ ਗਈ ਹੋਰ ਆ ਗਈ। ਕਰਦੇ-ਕਰਦੇ ਉਹ ਦਰਵਾਜ਼ਾ ਆ ਗਿਆ ਜਿਥੇ ਜਾ ਕੇ ਖੜ੍ਹ ਕੇ ਦਸਤਕ ਦੇਣੀ ਸ਼ੁਰੂ ਕਰੀ। ਖੜ੍ਹਕਾਉਂਦਾ ਹੈ ਦਰਵਾਜ਼ੇ ਨੂੰ। ਦਸ ਦਿਤਾ ਸੀ ਕਿ ਖੜਕਾਉਂਦਾ ਜਾਈਂ ਦਰਵਾਜ਼ੇ ਨੂੰ, ਹਟੀਂ ਨਾ ਖੜ੍ਹਕਾਉਣ ਤੋਂ, ਝੁੰਝਲਾਈਂ ਨਾ, ਥੱਕੀਂ

ਨਾ। ਸੋ ਇਸੇ ਤਰ੍ਹਾਂ ਉਸ ਨੇ ਦਰਵਾਜ਼ਾ ਖੋਲ੍ਹਿਆ ਤੇ ਬੁੱਕਲ 'ਚ ਲੈ ਲਿਆ, ਜੱਫੀ ਪਾ ਲਈ।

ਕਹਿੰਦੇ ਧੰਨ ਹੈਂ ਪੁਰਖਾ! ਤੂੰ ਸਾਰੀਆਂ ਚੀਜ਼ਾਂ ਛੱਡ ਕੇ ਕੇਵਲ ਮੈਨੂੰ ਤਲਾਸ਼ ਕਰਨ ਵਾਸਤੇ ਆਇਆ ਹੈਂ। ਬੈਠ ਮੇਰੇ ਬਰਾਬਰ ਹੁਣ ਇਸੇ ਪਲੰਘ ਦੇ ਉਤੇ। ਸੋ ਸਾਰੇ ਵੱਜ ਗਿਆ, ਸਾਈਰਨ ਕਿ ਟੋਲ੍ਹ ਲਿਆ ਬਾਦਸ਼ਾਹ। ਜਸ਼ਨ ਹੋਏ, ਉਸ ਤੋਂ ਬਾਅਦ ਉਹਨੇ ਉਸ ਆਪਣੇ ਤਖ਼ਤ ਦਾ ਵਾਰਿਸ ਬਣਾ ਕੇ ਤਖ਼ਤ ਦੇ ਉਤੇ ਬਿਠਾ ਲਿਆ।

ਸੋ ਕਿੱਡੀ ਵੱਡੀ ਪਦਵੀ ਨੂੰ ਪਹੁੰਚ ਗਿਆ। ਸੋ ਇਹ ਇਕ ਦ੍ਰਿਸ਼ਟਾਂਤ ਹੈ ਗੱਲ ਸਮਝਾਉਣ ਵਾਸਤੇ। ਇਹਦਾ ਮਤਲਬ ਹੋਰ ਕੀ ਹੈ ਕਿ ਆਹ ਜੋ ਸਰੀਰ ਹੈ ਇਹਦਾ ਛੇਵਾਂ ਚੱਕਰ ਆਗਿਆ ਚੱਕਰ ਹੈ, ਪਹਿਲਾਂ ਮੂਲਧਾਰ ਚੱਕਰ ਹੈ, ਫੇਰ ਵਿਸ਼ੁੱਧ ਚੱਕਰ ਹੈ, ਹਿਰਦਾ ਚੱਕਰ ਹੈ, ਕੰਠ ਚੱਕਰ ਹੈ, ਉਸ ਤੋਂ ਉਤੇ ਆਗਿਆ ਚੱਕਰ ਹੈ, ਆਗਿਆ ਚੱਕਰ ਤੋਂ ਉਤੇ ਸਹੰਸਰਾਰ ਦਲ ਚੱਕਰ ਹੈ, ਫੇਰ ਤ੍ਰਿਕੁਟੀ ਦਾ ਚੱਕਰ, ਫੇਰ ਇਸੇ ਤਰ੍ਹਾਂ ਇਕ ਹੋਰ ਚੱਕਰ ਲੰਘਣ ਤੋਂ ਬਾਅਦ ਦਸਵੇਂ ਦੁਆਰ ਦਾ ਚੱਕਰ ਆ ਜਾਂਦਾ ਹੈ। ਚੱਕਰ ਮਤਲਬ ਥਾਂ ਹੈ ਉਥੇ, stay ਹੈ ਉਥੇ ਜਿਥੋਂ ਥਾਂ ਬਦਲਦਾ ਹੈ। ਸੋ ਛੇਵੇਂ ਚੱਕਰ ਆਗਿਆ ਚੱਕਰ 'ਚ ਜਾ ਕੇ ਸ਼ਬਦ ਧੁਨ ਉਪਜਦੀ, ਉਥੇ ਪ੍ਰਕਾਸ਼ ਹੋ ਜਾਂਦਾ ਹੈ, ਉਥੇ ਗੁਰੂ ਨਾਲ ਚਲਦੇ ਨੇ ਤੇ ਰਿਧੀ ਸਿੱਧੀ ਦਾ ਮੰਡਲ ਆਉਂਦਾ ਹੈ ਸਹੰਸਰਾਰ ਦਲ ਚੱਕਰ 'ਚ, ਉਥੋਂ ਗੁਰੂ ਬਚਾ ਦਿੰਦਾ ਹੈ ਕਿ ਲੰਘ ਜਾਹ ਅੱਗੇ ਇਹ ਐਵੇਂ ਤੈਨੂੰ ਭੁਲਾਉਣ ਦੀਆਂ ਗੱਲਾਂ ਨੇ, ਲੋਕਾਂ ਦੇ ਦਿਲਾਂ ਦੀਆਂ ਗੱਲਾਂ ਜਾਣ ਜਾਏਂਗਾ, ਲੋਕ ਤੇਰੀ ਇਜ਼ਤ ਕਰਨਗੇ। ਯਾਦ ਕਰਨ ਤੇ ਉਨ੍ਹਾਂ ਕੋਲ ਪਹੁੰਚ ਜਾਏਂਗਾ। ਪੈਸਾ ਦੇਣਗੇ, ਇਜ਼ਤ ਕਰਨਗੇ ਤੇਰੀ। ਉਡ ਜਾਏਂਗਾ ਤੇਰੀ ਮਾਨਤਾ ਹੋਏਗੀ, ਦੁਨੀਆਂ 'ਚ ਤੇਰੀ ਮਾਨਤਾ ਵਧ ਜਾਏਗੀ, ਲੱਖਾਂ ਬੰਦੇ ਤੇਰੇ ਦੁਆਲੇ ਇਕੱਠੇ ਹੋ ਜਾਏਂਗਾ। ਗੁਪਤ ਹੋ ਜਾਏਂਗਾ, ਪ੍ਰਗਟ ਹੋ ਜਾਏਂਗਾ।

*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ - ੧੪*

ਚੱਲ ਅੱਗੇ, ਤ੍ਰਿਕੁਟੀ ਆ ਗਈ, ਪਹਿਲੀ ਆ ਗਈ ਧਿਆਤਾ, ਧਿਆਨ, ਧੇਅ ਦੀ; ਦੂਸਰੀ ਆ ਗਈ ਗਿਆਤਾ, ਗਿਆਨ, ਗੇਅ ਦੀ। ਛੇਵਾਂ ਦਰਵਾਜ਼ਾ ਲੰਘ ਗਿਆ ਆਗਿਆ ਚੱਕਰ ਦਾ, ਸੱਤਵਾਂ ਸਹੰਸਰਾਰ ਦਲ ਦਾ ਲੰਘ ਗਿਆ ਅਤੇ ਅੱਠਵੇਂ ਦੇ ਵਿਚ ਤ੍ਰਿਕੁਟੀ ਆ ਗਈ ਧਿਆਨ ਦੀ। ਧਿਆਨ ਧਰਦਾ ਹੈ ਗੁਰੂ ਦਾ, ਗੁਰੂ ਦਾ ਰੂਪ ਹੋ ਜਾਂਦਾ ਹੈ, ਤ੍ਰਿਕੁਟੀ ਟੁੱਟ ਜਾਂਦੀ ਹੈ। ਫੇਰ ਗਿਆਨ ਦੇ ਵਿਚ ਜਾਂਦਾ ਹੈ ਕਿ ਮੈਂ ਵਾਹਿਗੁਰੂ ਨੂੰ ਜਾਣ ਲਵਾਂ। ਉਹ ਵੀ ਤ੍ਰਿਕੁਟੀ ਜਦੋਂ ਟੁੱਟਦੀ ਹੈ ਤਾਂ ਦਸਵਾਂ ਦੁਆਰ ਆ ਜਾਂਦਾ ਹੈ। ਉਥੇ ਫੇਰ ਵਾਹਿਗੁਰੂ ਜੀ ਫੁਰਮਾਨ ਕਰਦੇ ਨੇ ਕਿ ਉਥੇ ਪ੍ਰਗਟ -

*ਹਰਿ ਜੀਉ ਗੁਫਾ ਅੰਦਰਿ ਰਖਿ ਕੈ*
*ਵਾਜਾ ਪਵਣੁ ਵਜਾਇਆ ॥*
*ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ*
*ਦਸਵਾ ਗੁਪਤੁ ਰਖਾਇਆ ॥*
*ਗੁਰਦੁਆਰੈ ਲਾਇ ਭਾਵਨੀ*
*ਇਕਨਾ ਦਸਵਾ ਦੁਆਰੁ ਦਿਖਾਇਆ ॥*
*ਤਹ ਅਨੇਕ ਰੂਪ ਨਾਉ ਨਵ ਨਿਧਿ*
*ਤਿਸ ਦਾ ਅੰਤੁ ਨ ਜਾਈ ਪਾਇਆ ॥*
*ਕਹੈ ਨਾਨਕੁ ਹਰਿ ਪਿਆਰੈ ਜੀਉ*
*ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥*
*ਅੰਗ - ੯੨੨*

ਇਸ ਕਰਕੇ ਫੁਰਮਾਨ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਕਹਿੰਦੇ ਕਰ ਲੈ ਜਿੰਨਾ ਕਰਨਾ ਹੈ, ਸੋ ਏਸ ਕਰਕੇ ਗੁਰੂ ਤੋਂ ਬਗੈਰ ਨਹੀਂ ਪ੍ਰਾਪਤੀ ਹੋਣੀ। ਸੋ ਮਹਾਰਾਜ ਨੇ ਤਾਂ ਨਿਗੁਰੇ ਨੂੰ -

*ਨਿਗੁਰੇ ਕਾ ਹੈ ਨਾਉ ਬੁਰਾ।*

ਨਾਉ ਲੈਣਾ ਹੀ ਬੁਰਾ ਹੈ ਜਿਥੇ ਨਿਗੁਰਾ ਬੈਠ ਜਾਵੇ। ਸਵਾ ਗਜ ਧਰਤੀ ਭ੍ਰਿਸ਼ਟ ਹੋ ਜਾਂਦੀ ਹੈ। ਇਕ ਤਾਂ ਮਹਾਰਾਜ ਨੇ ਫੁਰਮਾਨ ਕੀਤਾ ਹੈ -

*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥*
*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥*
*ਅੰਗ - ੫੯*

ਕਹਿੰਦੇ, ਪੁਛੋ ਤਾਂ ਬ੍ਰਹਮਾ ਨੂੰ। ਬਿਆਸ ਜੀ ਨੂੰ ਪੁੱਛੋ, ਨਾਰਦ ਜੀ ਨੂੰ ਪੁੱਛੋ। ਨਾਰਦ ਨੂੰ ਬ੍ਰਹਮਾ ਦਾ ਪੁੱਤਰ ਆਖਦੇ ਨੇ ਤੇ ਉਹਦੇ ਵਿਚ ਇਹ ਸ਼ਕਤੀ ਹੈ ਕਿ ਜਿਥੇ ਵੀ ਉਹ ਜਾਣਾ ਚਾਹੇ ਉਥੇ ਉਹ ਜਾ ਸਕਦਾ ਹੈ। ਕੋਈ ਸਪੇਸ ਦੀ ਦੂਰੀ ਉਸ ਵਾਸਤੇ ਨਹੀਂ ਹੈ, ਇਧਰੋਂ ਫੁਰਨਾ ਕਰਿਆ ਉਥੇ ਪਹੁੰਚ ਜਾਂਦਾ ਹੈ।

ਇਕ ਵਾਰੀ ਦੇਵਤਿਆਂ ਦੀ ਸਭਾ ਲੱਗੀ ਹੋਈ ਸੀ ਤੇ ਉਥੇ ਵਿਚਾਰਾਂ ਹੁੰਦੀਆਂ ਨੇ। ਆਸਣ ਸਭ ਨੂੰ ਅਲਾਟ ਕਰੇ ਹੋਏ ਸੀ। ਇਕ ਦਿਨ ਨਾਰਦ ਜਲਦੀ ਆਇਆ, ਕੀ ਦੇਖਦਾ ਹੈ ਕਿ ਉਥੇ ਮਿੱਟੀ ਪੁੱਟੀ ਜਾ ਰਹੀ ਹੈ ਟੋਆ ਗਜ਼ ਡੂੰਘਾ, ਸਵਾ ਗਜ਼ ਚੌੜਾ, ਉਸ ਤੋਂ ਬਾਅਦ ਉਹਦੇ ਵਿਚ ਨਵੀਂ ਮਿੱਟੀ ਪਾਈ। ਪੁੱਛਣ ਲੱਗਿਆ ਕਿ ਇਹ ਤੁਸੀਂ ਕੀ ਕਰਦੇ ਓਂ, ਪਹਿਲਾਂ ਮਿੱਟੀ ਪੁੱਟਦੇ ਸੀ ਹੁਣ ਭਰ ਰਹੇ ਓਂ? ਕਹਿਣ ਲੱਗੇ, ਮਹਾਰਾਜ! ਸਾਨੂੰ ਤਾਂ ਪਤਾ ਨਹੀਂ ਹੈ ਅਸੀਂ ਤਾਂ ਰੋਜ਼ ਹੀ ਕਰਦੇ ਹਾਂ, ਮਹੀਨਾ ਹੋ ਗਿਆ। ਕਹਿੰਦੇ ਕਿਉਂ ਕਰਦੇ ਓਂ? ਕਹਿੰਦੇ, ਸਾਨੂੰ ਐਉਂ ਲੱਗਿਆ ਹੈ ਪਤਾ ਕਿ ਇਥੇ ਇਕ ਨਾਰਦ ਨਾਮ ਦਾ ਮੁਨੀ ਆਉਂਦਾ ਹੈ, ਉਹ ਨਿਗੁਰਾ ਹੈ ਤੇ ਸਵਾ ਗਜ਼ ਧਰਤੀ ਰੋਜ਼ ਭਰਿਸ਼ਟ ਕਰ ਦਿੰਦਾ ਹੈ। ਇਥੇ ਰੂਹਾਨੀ ਵਿਚਾਰ ਚੱਲ ਰਹੀ ਹੈ, ਏਸ ਕਰਕੇ ਇਹ ਮਿੱਟੀ ਅਸੀਂ ਹਰ ਰੋਜ਼ ਨਵੀਂ ਪਾਉਂਦੇ ਹਾਂ।

ਬੜਾ ਨਰਾਜ਼ ਹੋਇਆ, ਪਿਤਾ ਕੋਲ ਗਿਆ, ਬ੍ਰਹਮਾ ਜੀ ਕੋਲ। ਕਹਿਣ ਲੱਗਿਆ, ਮੈਂ ਐਨਾ ਇਲਮ ਜਾਣਦਾ ਹਾਂ, ਐਨੀ ਮੇਰੇ ਵਿਚ ਤਾਕਤ ਹੈ, ਫੇਰ ਵੀ ਮੇਰੇ ਤੇ ਇਹ ਦੋਸ਼ ਹੈ ਕਿ ਮੈਂ ਸਵਾ ਗਜ਼ ਧਰਤੀ ਭਰਿਸ਼ਟ ਕਰਦਾ ਹਾਂ। ਕਹਿੰਦੇ ਹਾਂ ਨਾਰਦ ਕਿਉਂਕਿ ਤੂੰ ਨਿਗੁਰਾ ਹੈਂ। ਗੁਰੂ ਵਾਲਾ ਜਿੱਥੇ ਬੈਠ ਜਾਵੇ ਉਹ ਧਰਤੀ ਪਵਿੱਤਰ ਹੋ ਜਾਇਆ ਕਰਦੀ ਹੈ। ਸੋ ਏਸ ਕਰਕੇ ਇਹ ਤਾਂ ਮਾੜੀ ਜਿਹੀ ਗੱਲ ਹੈ। ਇਸ ਤੋਂ ਵੀ ਅੱਗੇ ਤੈਨੂੰ ਗੱਲ ਦਸਦੇ ਹਾਂ –

*ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ*
*ਤੇ ਬਿਗੜ ਰੂਪ ਬੇਰਕਟੀ ॥*
*ਜਿਉ ਨਿਗੁਰਾ ਬਹੁ ਬਾਤਾ ਜਾਣੈ*
*ਓਹੁ ਹਰਿ ਦਰਗਹ ਹੈ ਭ੍ਰਸਟੀ ॥ ਅੰਗ – ੫੩੮*

ਗੁਰੂ ਧਾਰਨ ਨਹੀਂ ਕਰਿਆ, ਵੱਡੀਆਂ-ਵੱਡੀਆਂ ਗੱਲਾਂ ਕਰਦਾ ਹੈ, ਕਿਤਾਬਾਂ ਲਿਖਦਾ ਹੈ, ਕਹਿੰਦੇ ਓ ਪ੍ਰੇਮੀਆਂ! ਦਰਗਾਹ ਵਿਚ ਤਾਂ ਤੂੰ ਭਰਿਸ਼ਟਿਆ ਹੋਇਆ ਬੰਦਾ ਕਹਾਵੇਂਗਾ। ਨਿਗੁਰੇ ਨੂੰ ਸਜ਼ਾ ਮਿਲਦੀ ਹੈ –

*ਸੋ ਨਿਗੁਰਾ ਜੋ ਮਰਿ ਮਰਿ ਜੰਮੈ*
*ਨਿਗੁਰੇ ਆਵਣ ਜਾਵਣਿਆ ॥ ਅੰਗ – ੧੧੭*

ਉਹ ਤਾਂ ਆਉਂਦਾ ਜਾਂਦਾ ਰਹੇਗਾ –

*ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਅੰਗ – ੧੩੫੬*

ਕਹਿੰਦੇ ਜੇ ਮੰਤਰ ਹੀ ਨਹੀਂ ਗੁਰੂ ਤੋਂ ਲਿਆ ਵਿਧੀਪੂਰਵਕ, ਕਹਿੰਦੇ ਉਹਦਾ ਜਨਮ ਭਰਿਸ਼ਟਿਆ ਹੋਇਆ ਹੈ। ਪੀ.ਐਚ.ਡੀ ਹੋਵੇ, ਡਾਕਟਰ ਹੋਵੇ, ਇੰਜਨੀਅਰ ਹੋਵੇ, ਸਾਇੰਸਦਾਨ ਹੋਵੇ, ਵੱਡਾ ਵਾਪਾਰੀ ਹੋਵੇ, ਉਹਦਾ ਵੀ ਜਨਮ ਧਿਰਕਾਰਯੋਗ ਹੈ? ਕਹਿੰਦੇ ਇਕੱਲਾ ਧਿਰਕਾਰਯੋਗ ਨਹੀਂ ਹੈ –

*ਕੂਕਰਹ ਸੂਕਰਹ ਗਰਧਭਹ*
*ਕਾਕਹ ਸਰਪਨਹ ਤੁਲਿ ਖਲਹ ॥ ਅੰਗ – ੧੩੫੬*

ਕਹਿੰਦੇ, ਉਹ ਮੂਰਖ ਬੰਦਾ ਕੁੱਤੇ, ਸੂਰ, ਸੱਪ, ਗਧੇ ਤੇ ਕਾਉਂ ਦੀ ਬਰਾਬਰ ਹੈ, ਕਿਉਂਕਿ ਮੰਤਰ ਨਹੀਂ ਉਸਨੂੰ ਮਿਲਿਆ, ਉਹਨੇ ਤਾਂ ਜਨਮ ਗਵਾ ਲਿਆ –

*ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥*
*ਪੂਰੇ ਗੁਰ ਕੀ ਸੇਵ ਨ ਕੀਨੀ*
*ਹਰਿ ਕਾ ਨਾਮੁ ਨ ਭਾਇਆ ॥ ਅੰਗ – ੧੧੩੦*

ਸੋ ਏਸ ਤਰ੍ਹਾਂ ਦੇ ਨਾਲ ਗੁਰੂ ਤੋਂ ਬਗੈਰ ਗੱਲ ਬਣਿਆ ਨਹੀਂ ਕਰਦੀ। ਕਿੰਨਾ ਹੀ ਕਰ ਲਏ, ਸੁੱਖ ਨਹੀਂ ਪ੍ਰਾਪਤ ਹੁੰਦਾ ਭੋਗਾਂ ਦੇ ਅੰਦਰ –

*ਜੇ ਲਖ ਇਸਤਰੀਆ ਭੋਗ ਕਰਹਿ*
*ਨਵ ਖੰਡ ਰਾਜੁ ਕਮਾਹਿ ॥*
*ਬਿਨੁ ਸਤਿਗੁਰ ਸੁਖੁ ਨ ਪਾਵਈ*
*ਫਿਰਿ ਫਿਰਿ ਜੋਨੀ ਪਾਹਿ ॥ ਅੰਗ – ੨੬*

ਸਾਰੇ playnet ਦਾ ਰਾਜਾ ਹੋ ਕੇ, ਲੱਖਾਂ ਇਸਤ੍ਰੀਆਂ ਭੋਗ ਕਰਨ ਨੂੰ ਮਿਲਣ, ਲੱਖਾਂ ਹੀ ਭੋਗ ਭੋਗ ਸਕਦਾ ਹੋਵੇ–

*ਬਿਨੁ ਸਤਿਗੁਰ ਸੁਖੁ ਨ ਪਾਵਈ*
*ਫਿਰਿ ਫਿਰਿ ਜੋਨੀ ਪਾਹਿ ॥ ਅੰਗ – ੨੬*

ਜੂਨਾਂ 'ਚ ਘੁੰਮਦਾ ਰਹੇਗਾ, ਕਿਉਂਕਿ ਗੁਰੂ ਤੋਂ ਮਿਲੇ ਬਗੈਰ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਸੋ ਏਸ ਕਰਕੇ ਕਿਤਾਬਾਂ ਪੜ੍ਹਨ ਦੇ ਨਾਲ ਨਹੀਂ ਸਮਝ 'ਚ ਆਇਆ ਕਰਦੀ –

*ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥*
*ਵਾਦੁ ਵਖਾਣਹਿ ਤਤੁ ਨ ਜਾਣਾ ॥ ਅੰਗ – ੧੦੩੨*

ਝਗੜੇ ਕਰਦਾ ਹੈ ਕੁਟੇਸ਼ਨਾਂ ਦੇ ਦੇ ਕੇ। ਉਹ ਤੱਤ ਦਾ ਨਹੀਂ ਪਤਾ ਕਿ ਵਾਹਿਗੁਰੂ ਕਿੱਥੇ ਰਹਿੰਦਾ ਹੈ, ਕਿਹੋ ਜਿਹਾ ਹੈ, ਉਹਨੂੰ ਪਛਾਣ ਨਹੀਂ ਸਕਿਆ, ਮਹਿਸੂਸ ਨਹੀਂ ਕਰ ਸਕਿਆ–

*ਵਿਣੁ ਗੁਰ ਪੂਰੇ ਤਤੁ ਨ ਪਾਈਐ*
*ਸਚ ਸੂਚੇ ਸਚੁ ਰਾਹਾ ਹੇ ॥ ਅੰਗ – ੧੦੩੨*

ਪੂਰੇ ਗੁਰੂ ਤੋਂ ਬਗੈਰ ਸੱਚ ਦੀ ਪ੍ਰਾਪਤੀ ਅੰਦਰੋਂ ਨਹੀਂ ਹੋਇਆ ਕਰਦੀ। ਜੇ ਨਹੀਂ ਹੁੰਦੀ, ਗੁਰੂ ਨਹੀਂ ਪ੍ਰਾਪਤ ਹੋਇਆ ਤਾਂ –

*ਜਿਨਾ ਸਤਿਗੁਰੁ ਪੁਰਖੁ ਨ ਭੇਟਿਓ*
*ਸੇ ਭਾਗਹੀਣ ਵਸਿ ਕਾਲ ॥*
*ਓਇ ਫਿਰਿ ਫਿਰਿ ਜੋਨਿ ਭਵਾਈਅਹਿ*
*ਵਿਚਿ ਵਿਸਟਾ ਕਰਿ ਵਿਕਰਾਲ ॥ ਅੰਗ – ੪੦*

ਵਿਕਰਾਲ ਸਰੂਪ ਬਣਾ ਕੇ ਵਿਸ਼ਟਾ ਦੇ ਕੀੜੇ ਬਣ ਜਾਂਦੇ ਨੇ। ਸੋ ਏਸ ਕਰਕੇ ਉਹ ਤਾਂ ਭਾਗਹੀਣ ਨੇ ਭਾਈ –

*ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ*
*ਤੇ ਭਾਗਹੀਣ ਜਮ ਪਾਸਿ ॥ ਅੰਗ – ੧੦*

ਧਿਰਕਾਰ ਹੈ ਉਹਦੇ ਜਨਮ ਨੂੰ, ਸੌ ਵਾਰੀ ਫਿੱਟੇਮੂੰਹ ਕਹੋ। ਸੌ ਵਾਰੀ ਫਿੱਟੇਮੂੰਹ ਕਹੋ, ਇਕ ਵਾਰੀ ਧਿਰਕਾਰ ਕਹੋ ਬਰਾਬਰ ਹੋ ਜਾਂਦਾ ਹੈ। ਉਹਦਾ ਜੀਉਣਾ ਵੀ ਧਿਰਕਾਰ ਹੈ ਤੇ ਉਹਦਾ ਜੀਵਨ ਵੀ ਧਿਰਕਾਰ ਹੈ। ਕਿਉਂਕਿ ਗੁਰੂ ਤੋਂ ਬਗੈਰ ਨਹੀਂ ਪਤਾ ਲਗਦਾ –

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ – ੪੬੩*

ਗੁਰੂ ਤੋਂ ਬਗੈਰ ਮਨ ਦਾ ਹਨ੍ਹੇਰਾ ਨਹੀਂ ਜਾਂਦਾ, ਕੋਲ ਰਹਿੰਦਾ ਵਾਹਿਗੁਰੂ, ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ, ਕ੍ਰੋੜਾਂ ਸੂਰਜਾਂ ਦੀ ਰੋਸ਼ਨੀ ਤੋਂ ਵੀ ਵੱਧ ਰੋਸ਼ਨੀ ਵਾਲਾ ਅੰਦਰ ਨਹੀਂ ਪਤਾ ਲਗਦਾ। ਕਿਉਂਕਿ ਹਨ੍ਹੇਰਾ ਪਿਆ ਹੈ ਅੰਦਰ –

*ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥*
*ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥*
*ਅੰਗ – ੧੩੯੯*

ਘੋਰ ਅੰਧਾਰਾ ਅੰਦਰ ਰਹਿੰਦਾ ਹੈ ਗੁਰੂ ਤੋਂ ਬਗੈਰ।

*ਬਾਝੁ ਗੁਰੂ ਹੈ ਅੰਧ ਗੁਬਾਰਾ ॥*
*ਅਗਿਆਨੀ ਅੰਧਾ ਅੰਧੁ ਅੰਧਾਰਾ ॥*
*ਬਿਸਟਾ ਕੇ ਕੀੜੇ ਬਿਸਟਾ ਕਮਾਵਹਿ*
*ਫਿਰਿ ਬਿਸਟਾ ਮਾਹਿ ਪਚਾਵਣਿਆ ॥*
*ਅੰਗ - ੧੧੬*

ਉਹ ਤਾਂ ਗੰਦ ਗੀ ਦਾ ਕੀੜਾ ਗੰਦਗੀ ਕਮਾ ਕੇ, ਗੰਦਗੀ ਫੈਲਾ ਕੇ ਮੁੜ ਕੇ ਫੇਰ ਗੰਦਗੀ 'ਚ ਜਾ ਰਲਦਾ ਹੈ। ਸੋ ਏਸ ਕਰਕੇ ਗੁਰੂ ਦੀ ਬਹੁਤ ਲੋੜ ਹੈ ਸਾਧਸੰਗਤ ਜੀ! ਐਵੇਂ ਏਸ ਗਲਤ ਮਸਲੇ ਨੂੰ ਐਉਂ ਨਹੀਂ ਹੁੰਦਾ, ਕਹਿੰਦਾ ਜੀ ਮੈਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦਾ ਹਾਂ। ਮੈਂ ਤਾਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਮੰਨਦਾ ਹਾਂ। ਤੂੰ ਮੰਤਰ ਲਿਆ ਹੈ? ਜਦੋਂ ਤੱਕ ਵਿਧੀਪੂਰਵਕ ਕਿਸੇ ਤੋਂ ਮੰਤਰ ਨਾ ਲਿਆ ਜਾਵੇ, ਓਨੀਂ ਦੇਰ ਤੱਕ ਉਹ ਆਦਮੀ ਨਿਗੁਰਾ ਹੈ। ਫੇਰ ਉਹਦੇ ਜਿਹੜੇ ਚੰਗੇ ਕਰਮ ਨੇ ਉਹ ਕਿੱਥੇ ਜਾਂਦੇ ਨੇ? ਕਹਿੰਦੇ ਉਹ ਕਰਮ ਉਹਨੂੰ ਹੇਠਲੇ ਲੋਕਾਂ 'ਚ ਮਿਲਦੇ ਨੇ। ਬਹੁਤ ਜ਼ਿਆਦਾ ਨੇ ਤਾਂ ਸਵਰਗ 'ਚ ਗੇੜਾ ਖਾ ਆਏਗਾ, ਲੇਕਿਨ ਮੁੜ ਕੇ ਕਿੱਥੇ ਜਾਏਗਾ, ਛੋਟੀਆਂ ਜੂਨਾਂ 'ਚ ਚਲਿਆ ਜਾਏਗਾ। ਉਥੇ ਭੁਗਤੇਗਾ ਉਹਦਾ ਫਲ। ਸੋ ਇਸ ਕਰਕੇ ਕਰਮਾਂ ਦਾ ਫਲ ਤਾਂ ਉਹਨੂੰ ਜ਼ਰੂਰ ਮਿਲੇਗਾ ਨੇਕ ਕਰਮਾਂ ਦਾ। ਲੇਕਿਨ ਮਨੁੱਖ ਦੀ ਜੂਨੀ ਬੜੀ ਔਖੀ ਹੈ ਉਸਨੂੰ ਪ੍ਰਾਪਤ ਹੋਣੀ। ਕਿਉਂਕਿ ਨਿਗੁਰਾ ਰਹਿ ਗਿਆ ਆਪਣੇ ਜੀਵਨ ਦੇ ਅੰਦਰ। ਸੋ ਏਸ ਤਰ੍ਹਾਂ ਦੇ ਨਾਲ ਗੁਰੂ ਦੀ ਆਵਸ਼ਕਤਾ ਤੇ ਮਹਾਰਾਜ ਨੇ ਬਹੁਤ ਜ਼ੋਰ ਦਿਤਾ ਹੈ -

*ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ*
*ਅੰਧੇ ਕਰਮ ਕਮਾਇ ॥*
*ਸਬਦੈ ਸਿਉ ਚਿਤੁ ਨ ਲਾਵਈ*
*ਜਿਤੁ ਸੁਖੁ ਵਸੈ ਮਨਿ ਆਇ ॥ ਅੰਗ - ੫੫੪*

ਸ਼ਬਦ ਦੇ ਨਾਲ ਚਿੱਤ ਨਹੀਂ ਉਹ ਲਾਉਂਦਾ। ਸੋ ਇਸ ਤਰ੍ਹਾਂ ਦੇ ਨਾਲ ਤਾਲਾ ਅੰਦਰਲਾ ਨਹੀਂ ਖੁਲ੍ਹਦਾ। ਸੋਝੀ ਨਹੀਂ ਪੈਂਦੀ -

*ਬਿਨੁ ਸਤਿਗੁਰ ਸੋਝੀ ਨਾ ਪਵੈ*
*ਅਹੰਕਾਰੁ ਨ ਵਿਚਹੁ ਜਾਇ ॥*
*ਅਹੰਕਾਰੀਆ ਨੋ ਦੁਖ ਭੁਖ ਹੈ*
*ਹਥੁ ਤਡਹਿ ਘਰਿ ਘਰਿ ਮੰਗਾਇ ॥ ਅੰਗ - ੩੦੩*

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ ॥ ਅੰਗ - ੧੨੩੭*

ਸੋ ਏਸ ਤਰ੍ਹਾਂ ਗੁਰੂ ਤੋਂ ਬਗੈਰ ਕਿਸੇ ਚੀਜ਼ ਦੀ ਸਮਝ ਨਹੀਂ ਆਉਂਦੀ -

*ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥*
*ਵਾਦੁ ਵਖਾਣਹਿ ਤਤੁ ਨ ਜਾਣਾ ॥ ਅੰਗ - ੧੦੩੨*

ਪੜ੍ਹ ਕੇ ਕੀ ਕਰੇਗਾ, ਲੜਾਈ ਝਗੜੇ, ਬਹਿਸਣ ਵਾਸਤੇ ਕਰੀ ਹੈ। ਤੱਤ ਦਾ ਤਾਂ ਪਤਾ ਨਹੀਂ ਲੱਗਿਆ। ਜੋਤੀ ਦਾ ਅੰਦਰ ਪ੍ਰਕਾਸ਼ ਨਹੀਂ ਹੋਇਆ।

*ਵਿਣੁ ਗੁਰ ਪੂਰੇ ਤਤੁ ਨ ਪਾਈਐ*
*ਸਚ ਸੁਚੇ ਸਚੁ ਰਾਹਾ ਹੇ ॥ ਅੰਗ - ੧੦੩੨*

*ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ॥*
*ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥*
*ਅੰਗ - ੩੪*

ਇਸ਼ਨਾਨ ਵੀ ਕਰਦਾ ਹੈ, ਤੀਰਥਾਂ ਤੇ ਵੀ ਨਾਹੁੰਦਾ ਹੈ, ਦਾਨ ਵੀ ਕਰਦਾ ਹੈ, ਪਰ ਦ੍ਵੈਤ ਦੇ ਵਿਚ ਖੁਆਰ ਹੋ ਜਾਂਦਾ ਹੈ। ਜੰਮਣ ਮਰਣਾ ਗਲੋਂ ਨਹੀਂ ਲਹਿਆ ਕਰਦਾ। ਸੋ ਹੈ ਤਾਂ ਅੰਦਰ ਹੀ ਜਿੰਨਾ ਚਿਰ ਜੁਗਤ ਨਹੀਂ ਪੁਛਦਾ ਗੁਰੂ ਤੋਂ, ਪ੍ਰਗਟ ਨਹੀਂ ਹੁੰਦਾ ਵਾਹਿਗੁਰੂ।

*ਜਿਉ ਬੈਸੰਤਰੁ ਕਾਸਟ ਮਝਾਰਿ*
*ਬਿਨੁ ਸੰਜਮ ਨਹੀ ਕਾਰਜ ਸਾਰਿ ॥*
*ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥*
*ਅੰਗ - ੫੩੫*

ਲੱਕੜੀ 'ਚ ਅੱਗ ਤਾਂ ਹੈਗੀ, ਪਰ ਜਿੰਨਾਂ ਚਿਰ ਸੰਜਮ ਦੇ ਨਾਲ ਬਾਹਰੋਂ ਅੱਗ ਦੇ ਕੇ ਅੰਦਰਲੀ ਅੱਗ ਨੂੰ ਪ੍ਰਗਟ ਨਹੀਂ ਕਰਦਾ, ਓਨੀਂ ਦੇਰ ਤੱਕ ਅੰਦਰਲੀ ਅੱਗ ਪ੍ਰਗਟ ਨਹੀਂ ਹੋਇਆ ਕਰਦੀ।

*ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥*
*ਅੰਗ - ੫੩੫*

ਸੋ ਇਹ ਜੋ ਮਹਾਰਾਜ ਜੀ ਦੇ ਪ੍ਰਵਚਨ ਹਨ, ਬਹੁਤ ਵੱਡੀ ਚੀਜ਼ ਹੈ ਸਾਧਸੰਗਤ ਜੀ। ਇਨ੍ਹਾਂ ਦੇ ਉਤੇ ਵਿਸ਼ਵਾਸ਼ ਲਿਆਓ। ਕਿਉਂਕਿ ਗੁਰੂ ਤੋਂ ਬਗੈਰ ਨਹੀਂ ਮਿਲਣਾ, ਪੁਛ ਲਓ ਵੱਡੇ-ਵੱਡਿਆਂ ਨੂੰ, ਜਿਹੜੇ ਵੱਡੇ-ਵੱਡੇ ਮਹਾਂਪੁਰਸ਼ ਹੋਏ ਨੇ ਉਨ੍ਹਾਂ ਤੋਂ ਪੁੱਛ ਲਓ। ਸੁਕਦੇਵ ਮੁਨੀ ਤੋਂ ਪੁਛ ਲਓ। ਨਾਰਦ ਤੋਂ ਪੁੱਛ ਲਓ, ਬਿਆਸ ਤੋਂ ਪੁਛ ਲਓ, ਜਨਕ ਰਾਜੇ ਤੋਂ ਪੁੱਛ ਲਓ, ਗੁਰਮਿਤ ਦੇ ਵਿਚ ਬੜੇ ਪ੍ਰਮਾਣ ਨੇ, ਡੱਲਾ ਤਲਵੰਡੀ ਦਾ ਮਾਲਕ ਤਿੰਨ ਚਾਰ ਸੌ ਫੌਜੀ ਰੱਖਿਆ ਕਰਦਾ ਸੀ, ਗੁਰੂ ਦਸਵੇਂ ਪਾਤਸ਼ਾਹ ਆਪ ਦੇ ਪਾਸ ਪਹੁੰਚੇ ਸਾਰੇ ਯੁੱਧ ਕਰਨ ਤੋਂ ਬਾਅਦ ਖਦਰਾਣੇ ਦੀ ਢਾਬ ਦਾ ਮੁਕਤਸਰ ਦਾ ਯੁੱਧ ਕਰਨ ਤੋਂ ਬਾਅਦ, ਡੱਲੇ ਦੇ ਪਾਸ ਪਹੁੰਚੇ, ਡੱਲੇ ਨੇ ਬਹੁਤ ਹਮਦਰਦੀ ਦਿਖਾਈ, ਬੜੀ ਸੇਵਾ ਕਰਦੀ, ਇਥੇ ਤੱਕ ਕਿ ਮਹਾਰਾਜ ਜੇ ਮੈਨੂੰ ਸੁਨੇਹਾ ਵੀ ਭੇਜ ਦਿੰਦੇ ਫੇਰ ਪਰਿੰਦੇ ਦੇ ਹੱਥ ਵੀ ਤਾਂ ਵੀ ਮੈਂ ਆਪਣੇ ਜੁਆਨ ਲੈ ਕੇ ਪਹੁੰਚ ਜਾਂਦਾ। ਦੇਖੋ ਛੇ-ਛੇ ਫੁੱਟ ਤੋਂ ਵੀ ਉਚੇ ਜੁਆਨ ਨੇ। 45-45 ਇੰਚ ਦੀਆਂ ਛਾਤੀਆਂ ਨੇ। ਦੇਖੋ ਕਿੱਡੇ ਭਾਰੇ ਡੌਲਿਆਂ ਵਾਲੇ ਨੇ। ਜਦੋਂ ਖੰਡਾ ਚਲਾਉਂਦੇ ਨੇ ਦੋਹਾਂ ਹੱਥਾਂ ਦੇ ਨਾਲ ਕਹਿੰਦੇ ਸਣੇ ਸਵਾਰ ਘੋੜੇ ਦੇ ਧਰਤੀ 'ਚ ਚਲਿਆ ਜਾਂਦਾ ਹੈ। ਐਹੋ ਜਿਹੇ ਤਾਕਤਵਾਰ ਨੇ। ਇਹ ਤਾਂ ਮਹਾਰਾਜ ਬੜੇ ਕੰਮ ਆਉਣਗੇ। ਸੇਵਾ ਕਰਦਾ ਹੈ ਮਹਾਰਾਜ ਪ੍ਰਸੰਨ ਨੇ ਉਸ ਤੇ। ਉਸ ਦੀਆਂ ਭੁੱਲਾਂ ਠੀਕ ਕਰਦੇ ਜਾਂਦੇ ਨੇ।

ਇਕ ਦਿਨ ਮਹਾਰਾਜ ਦੇ ਪਹਿਰੇ ਤੇ, ਮਹਾਰਾਜ ਨੇ ਆਵਾਜ਼ ਦਿਤੀ ਕਿ ਕੌਣ ਹੈ ਪਹਿਰੇ ਤੇ, ਕਹਿੰਦਾ ਜੀ ਮੈਂ ਡੱਲਾ, ਫੇਰ ਦੂਜੀ ਵਾਰ ਘੰਟੇ-ਦੋ ਘੰਟੇ ਬਾਅਦ ਪੁਛਿਆ ਕਿ ਕੌਮ ਹੈ? ਕਹਿੰਦੇ ਡੱਲਾ। ਤੀਸਰੀ ਵਾਰ ਮਹਾਰਾਜ ਨੇ ਫੇਰ ਪੁਕਾਰਿਆ ਕਿ ਕੌਣ ਹੈ ਭਾਈ? ਕਹਿੰਦਾ ਜੀ, ਮੈਂ ਡੱਲਾ। ਸਾਰੀ ਰਾਤ ਪਹਿਰਾ ਦਿੰਦਾ ਰਿਹਾ। ਮਹਾਰਾਜ ਬਹੁਤ ਪ੍ਰਸੰਨ ਹੋਏ ਕਹਿੰਦੇ ਡੱਲ੍ਹਿਆ ਮੰਗ ਜੋ ਕੁਛ ਮੰਗਣਾ ਹੈ ਤੈਨੂੰ ਗੁਰੂ ਨਾਨਕ ਕੋਲੋਂ ਦਵਾਈਏ। ਸੋਚਣ ਲੱਗ ਗਿਆ ਕਿ ਮਹਾਰਾਜ! ਮੈਂ ਮੰਗਣਾ ਹੈ। ਮੇਰੇ ਕੋਲ ਸਭ ਕੁਛ ਹੈ। ਮੈਨੂੰ ਇਕ ਚੀਜ਼ ਦੇ ਦਿਓ, ਆਪਣੀ ਦਰਗਾਹ 'ਚ ਪੀੜ੍ਹੀ ਜੋਗਾ ਥਾਉਂ ਦੇ ਦਿਓ। ਮਹਾਰਾਜ ਚੁੱਪ ਕਰ ਗਏ। ਕਹਿੰਦੇ, ਦੁਨੀਆਂ ਮੰਗ ਲੈ, ਇਹ ਨਾ ਮੰਗ ਸਾਡੇ ਤੋਂ। ਕਹਿੰਦਾ ਮਹਾਰਾਜ! ਦੁਨੀਆਂ ਕੀ ਹੈ? ਕਹਿੰਦੇ, ਦਿੱਲੀ ਦਾ ਰਾਜ ਦਿਵਾ ਦਿੰਦੇ ਹਾਂ ਤੈਨੂੰ। ਭਾਰਤ ਵਰਸ਼ ਦਾ ਰਾਜ ਦਿਵਾ ਦਿੰਦੇ ਹਾਂ। ਕੋਈ ਗੱਲ ਨਹੀਂ, ਤੂੰ ਫੁਰਨਾ ਕਰਨਾ ਹੈ ਤੇ ਤੂੰ ਬਾਦਸ਼ਾਹ ਬਣ ਜਾਏਂਗਾ। ਰਿੱਧੀਆਂ-ਸਿੱਧੀਆਂ ਬੇਅੰਤ ਚੀਜ਼ਾਂ ਤੇ ਘਰ 'ਚ ਦਿਵਾ ਦਿੰਦੇ ਹਾਂ। ਕਹਿੰਦਾ, ਮਹਾਰਾਜ ਦਰਗਾਹ 'ਚ ਥਾਂ ਚਾਹੀਦਾ ਹੈ। ਕਹਿੰਦੇ, ਇਹ ਕਿਸੇ ਸਿੱਖ ਨਾਲ ਗੱਲ ਕਰੀਂ।

ਨਿਰਾਸ ਹੋ ਕੇ ਆ ਗਿਆ, ਕਹਿੰਦੇ, ਡੱਲ੍ਹਿਆ! ਉਦਾਸ ਹੈਂ ਕੁੱਛ ਗੁਰਸਿੱਖ ਨੇ ਪੁਛਿਆ। ਕਹਿਣ ਲੱਗਿਆ, ਆਹ ਗੱਲ ਮਹਾਰਾਜ ਜੀ ਨੂੰ ਕਹੀ ਸੀ। ਦਰਗਾਹ 'ਚ ਥਾਂ ਦੇ ਦਿਓ। ਕਹਿੰਦਾ ਤੇਰਾ ਤਾਂ ਅਜੇ ਸਬੰਧ ਹੀ ਨਹੀਂ ਜੁੜਿਆ। ਕਹਿੰਦਾ, ਮੈਂ ਐਨੀ ਤਾਂ ਸੇਵਾ ਕਰਦਾ ਹਾਂ, ਮੇਰਾ ਪਿਓ ਸਿੱਖ ਸੀ, ਮੇਰਾ ਦਾਦਾ ਸਿੱਖ ਸੀ, ਮੈਂ ਸਿੱਖ ਹਾਂ, ਕਹਿੰਦੇ ਨਾ ਤੂੰ ਅਜੇ ਸਿੱਖ ਨਹੀਂ ਹੈਂ, ਸੇਵਾ ਕਰਦਾ ਹੈਂ ਉਹਦਾ ਤੈਨੂੰ ਫਲ ਮਿਲੀ ਜਾਂਦਾ ਹੈ ਨਾਲ ਦੀ ਨਾਲ। ਦਰਗਾਹ 'ਚ ਵੀ ਮਿਲ ਜਾਏਗਾ, ਪਰ ਗੁਰੂ ਦੀ ਦਰਗਾਹ ਤਾਂ ਤੈਨੂੰ ਮਿਲਣੀ ਨਹੀਂ ਕਿਉਂਕਿ ਤੂੰ ਗੁਰੂ ਨਾਲ ਅਜੇ ਜੁੜਿਆ ਨਹੀਂ ਹੈਂ। ਕਹਿੰਦਾ ਹੋਰ ਕਿਵੇਂ ਜੁੜੀਦਾ ਹੈ? ਕਹਿੰਦੇ, ਗੁਰੂ ਦੇ ਨਾਲ ਤਾਂ ਜੁੜੀਦਾ ਹੈ, ਗੁਰੂ ਤੋਂ ਨਾਮ ਲਈਦਾ ਹੈ। ਜਦੋਂ ਤੱਕ ਨਾਮ ਲਓ ਉਹਦਾ ਨਹੀਂ ਬਣਦਾ, ਕਿਸੇ ਮਹਾਤਮਾ ਦੀ ਇੱਜ਼ਤ ਕਰਨੀ ਹੋਰ ਚੀਜ਼ ਹੈ।

ਚੰਗੇ ਬੰਦਿਆਂ ਦੀ ਇਜ਼ਤ ਕਰਨਾ ਆਦਮੀ ਦਾ ਮੁਖ ਫਰਜ਼ ਹੈ ਪਰ ਨਾਲ ਪਿਓਂਦ ਹੋਣਾ, ਜਦੋਂ ਤੱਕ ਉਹ ਗੁਰਮੰਤ੍ਰ, ਮੂਲਮੰਤ੍ਰ ਗੁਰੂ ਨਹੀਂ ਦਿੰਦਾ ਵਿਧੀ ਪੂਰਵਕ, ਉਦੋਂ ਤੱਕ ਨਹੀਂ ਕੁਛ ਬਣਦਾ। ਕਹਿੰਦੇ, ਡੱਲਿਆ! ਗੁਰੂ ਸਾਹਿਬ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਮੰਤਰ ਦਿਤਾ ਹੈ। ਸੋ ਤੂੰ ਜਦੋਂ ਤੱਕ ਅੰਮ੍ਰਿਤ ਨਹੀਂ ਛਕਦਾ, ਓਨੀਂ ਦੇਰ ਤੱਕ ਤੇਰਾ ਗੁਰੂ ਦੇ ਨਾਲ ਸਬੰਧ ਨਹੀਂ ਜੁੜ ਸਕਦਾ। ਕਿਉਂਕਿ ਸਬੰਧ ਤਾਂ ਹੋਏਗਾ -

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥***
***ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥***
***ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥***
***ਅੰਗ - ੫੧੭***

ਫੇਰ ਪੀੜ੍ਹੀ ਜੋਗਾ ਥਾਉਂ ਕੀ ਮੰਗੇਗਾ, ਫੇਰ ਥਾਉਂ ਤੇਰੇ ਆਲੇ-ਦੁਆਲੇ ਘੁੰਮੇਗਾ। ਸੋ ਏਸ ਕਰਕੇ ਡੱਲ੍ਹਿਆ ਨਿਗੁਰੇ ਨੂੰ ਦਰਗਾਹ ਵਿਚ ਥਾਂ ਨਹੀਂ ਮਿਲਿਆ ਕਰਦਾ। ਇਸ ਤਰ੍ਹਾਂ ਦਿਆਲ ਦਾਸ ਦੀ ਸਾਖੀ ਹੈ ਜੋ ਭਾਈ ਗਉਰੇ ਦਾ ਪੁੱਤਰ ਸੀ, ਭਾਈ ਭਗਤੂ ਦਾ ਪੋਤਰਾ ਸੀ, ਗੁਰੂ ਘਰ ਦਾ ਮਸੰਦ ਸੀ। ਗੁਰੂ ਮਹਾਰਾਜ ਨੂੰ ਪ੍ਰਸ਼ਾਦਾ ਵਰਜ ਦਿਤਾ। ਗੁਰੂ ਮਹਾਰਾਜ ਸਿੰਘਾਂ ਸਮੇਤ ਆਏ, ਜਦੋਂ ਨੇੜੇ ਆਏ, ਘੋੜੇ ਨੂੰ ਪਿਆਸ ਲੱਗੀ, ਢਾਬ 'ਚ ਪਾਣੀ ਪਿਲਾਉਣ ਲੈ ਗਏ, ਘੋੜਾ ਢਾਬ 'ਚ ਵੜ ਗਿਆ, ਸੁੰਘ ਲੈਂਦਾ ਹੈ ਹਟ ਜਾਂਦਾ ਹੈ ਸਿੱਖ ਨੇ ਕਿਹਾ ਮਹਾਰਾਜ! ਪਾਣੀ ਨਹੀਂ ਪੀਂਦਾ? ਮਹਾਰਾਜ ਕਹਿੰਦੇ, ਪਾਣੀ 'ਚ ਬਦਬੂ ਹੈ ਭਾਈ। ਉਂਜਲ ਭਰ ਕੇ ਨੱਕ ਨਾਲ ਲਾਇਆ ਕਹਿੰਦਾ ਨਹੀਂ ਮਹਾਰਾਜ ਪਾਣੀ ਤਾਂ ਸਾਫ ਹੈ? ਕਹਿੰਦੇ, ਤੈਨੂੰ ਨਹੀਂ ਆਉਂਦੀ, ਸਾਡੇ ਘੋੜੇ ਨੂੰ ਸਾਡੀ ਸਵਾਰੀ ਕਰਨ ਦੇ ਸਦਕੇ ਅੰਦਰਲਾ ਗਿਆਨ ਹੋ ਗਿਆ। ਇਹਨੂੰ ਪਤਾ ਹੈ, ਇਹਨੂੰ ਦੁਰਗੰਧ ਆਉਂਦੀ ਹੈ। ਕਹਿੰਦੇ ਕਾਹਦੀ ਮਹਾਰਾਜ? ਕਹਿੰਦੇ, ਆਹ ਦਿਆਲ ਦਾਸ ਨਿਗੁਰਾ ਹੈ, ਇਹ ਨਿਗੁਰੇ ਦਾ ਪਿੰਡ ਹੈ। ਇਸ ਕਰਕੇ ਚਲੋ ਭਾਈ, ਘੋੜਾ ਨਹੀਂ ਪਾਣੀ ਪੀਂਦਾ ਆਪਾਂ ਇਹਦਾ ਪ੍ਰਸ਼ਾਦਾ ਕਿਉਂ ਛਕਣਾ ਹੈ। ਚਲੋ ਇਥੋਂ ਸਾਰੇ।

ਇਕ ਜੁਗਤ ਦੇ ਨਾਲ ਸਿੰਘਾਂ ਨੂੰ ਸਮਝਾ ਦਿਤਾ। ਭਾਈ ਦਿਆਲ ਦਾਸ ਨੂੰ ਪਤਾ ਲੱਗਿਆ, ਇੰਤਜ਼ਾਰ ਕਰ ਰਿਹਾ ਹੈ, ਸੰਗਤਾਂ ਖੜ੍ਹੀਆਂ ਨੇ। ਕਹਿੰਦੇ, ਗੁਰੂ ਸਾਹਿਬ ਤਾਂ ਮੁੜ ਗਏ। ਪਿਛੇ ਘੋੜੇ ਨਠਾਉਂਦਾ ਹੈ, ਉਹਦੇ ਭਰਾ ਰਾਮ ਸਿੰਘ ਓਹਨੀਂ ਨਾਲ ਨੇ, ਕਹਿਣ ਲੱਗੇ, ਮਹਾਰਾਜ ਸੱਚੇ ਪਾਤਸ਼ਾਹ! ਪ੍ਰਸ਼ਾਦਾ ਤਿਆਰ ਹੈ। ਦਿਆਲ ਦਾਸ ਨੂੰ ਕਿਹਾ ਗੱਡਿਆਂ ਤੇ ਲੱਦ ਕੇ ਲੈ ਆ। ਅਸੀਂ ਚਲਦੇ ਹਾਂ ਗੁਰੂ ਸਾਹਿਬ ਨਾਲ ਗੱਲ ਕਰੀਏ, ਰੋਕੀਏ।

ਮਹਾਰਾਜ! ਪ੍ਰਸ਼ਾਦਾ ਤਿਆਰ ਹੈ?

ਕਹਿੰਦੇ, ਰਾਮ ਸਿੰਆਂ! ਨਿਗੁਰੇ ਦਾ ਪ੍ਰਸ਼ਾਦਾ ਨਹੀਂ ਅਸੀਂ ਛਕਣਾ, ਸਾਡੇ ਘੋੜੇ ਨੇ ਤਾਂ ਪਾਣੀ ਨਹੀਂ ਪੀਤਾ ਉਸ ਢਾਬ ਦਾ। ਕਿਹਾ, ਦਿਆਲਦਾਸ ਤੂੰ ਗੁਰੂ ਧਾਰਨ ਕਰ ਲੈ। ਕਹਿੰਦਾ, ਮੈਂ ਤਾਂ ਹਾਂ ਹੀ ਸਿੱਖੀ ਮਸੰਦ ਹਾਂ, ਸਾਰਾ ਇੰਤਜ਼ਾਮ ਕਰਦਾ ਹਾਂ ਇਲਾਕੇ ਦਾ। ਕਹਿੰਦੇ, ਪਰ ਤੂੰ ਨਾਮ ਨਹੀਂ ਨਾ ਲਿਆ ਗੁਰੂ ਤੋਂ, ਓਨਾਂ ਚਿਰ ਤੂੰ ਨਿਗੁਰਾ ਹੈਂ। ਸੋ ਏਸ ਤਰ੍ਹਾਂ ਦੇ ਨਾਲ ਨਿਗੁਰਾ ਪੁਰਸ਼ ਜੋ ਹੈ 'ਨਿਗੁਰੇ ਕਾ ਹੈ ਨਾਉ ਬੁਰਾ'। ਸੋ ਇਹ ਚੀਜ਼ਾਂ ਅੰਦਰਲੀਆਂ ਨਹੀਂ ਪਤਾ ਲਗਦੀਆਂ ਜਦੋਂ ਤੱਕ ਗੁਰੂ ਧਾਰਨ ਨਹੀਂ ਕਰਦਾ। ਸੋ ਗੁਰੂ ਦੇ ਵਿਚ ਇਹ ਸਿਫਤ ਹੁੰਦੀ ਹੈ ਕਿ ਅੰਦਰਲੀ ਚੀਜ਼ ਪ੍ਰਗਟ ਕਰ ਦਿੰਦਾ ਹੈ।

ਹੁਣ ਸਵਾਲ ਉਠਦਾ ਹੈ ਕਿ ਗੁਰੂ ਫੇਰ ਹੋਇਆ ਕੌਣ? ਸਮਰੱਥ ਗੁਰੂ ਕੀ ਹੋਇਆ? ਭਾਈ ਗੁਰਦਾਸ ਜੀ ਲਿਖਦੇ ਨੇ ਲੱਛਣ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***

*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ 34/1*

ਕਹਿੰਦੇ ਉਹ ਤਾਂ ਧਰਤੀ ਹੋਇਆ ਕਰਦੀ ਹੈ ਧਰਮ ਦੀ। ਨਿਰਵੈਰ ਹੁੰਦਾ ਹੈ, ਚੋਜ ਨਿਰਾਲੇ ਹੁੰਦੇ ਨੇ ਤੇ ਉਹਦੇ ਵਿਚ ਸ਼ਕਤੀ ਹੋਇਆ ਕਰਦੀ ਹੈ ਕਿ ਅੰਦਰਲੀ ਖੇਡ ਪ੍ਰਗਟ ਕਰ ਦੇਵੇ, ਅੰਦਰਲੀ ਬਾਤ ਦੱਸ ਦੇਵੇ। ਤੇ ਨਿਸ਼ਾਨੀ ਹੈ ਉਹਦੀ –

*ਜਿਸੁ ਮਿਲਿਐ ਮਨਿ ਹੋਇ ਅਨੰਦੁ*
*ਸੋ ਸਤਿਗੁਰੁ ਕਹੀਐ ॥*
*ਮਨ ਕੀ ਦੁਬਿਧਾ ਬਿਨਸਿ ਜਾਇ*
*ਹਰਿ ਪਰਮ ਪਦੁ ਲਹੀਐ ॥ ਅੰਗ – ੧੬੮*

ਪਰਮ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ, ਉਹ ਸਤਿਗੁਰੂ ਹੁੰਦਾ ਹੈ ਤੇ ਮਨ ਦੇ ਵਿਚੋਂ ਦ੍ਵੈਤ ਖਤਮ ਹੋ ਜਾਵੇ। ਮੇਰਾ ਤੇਰਾ ਖਤਮ ਹੋ ਜਾਵੇ, ਮੈਂ ਤੂੰ ਖਤਮ ਹੋ ਜਾਵੇ। ਇਕੋ ਪ੍ਰਮੇਸ਼ਰ ਰਹਿ ਜਾਵੇ, ਉਹ ਸਫਲ ਮੂਰਤ ਹੋਇਆ ਕਰਦੀ ਹੈ, ਪਾਰਬ੍ਰਹਮ ਦੀ।

*ਸਫਲ ਮੂਰਤਿ ਗੁਰਦੇਉ ਸੁਆਮੀ*
*ਸਰਬ ਕਲਾ ਭਰਪੂਰੇ ॥*
*ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ॥*
*ਅੰਗ – ੮੦੨*

ਸੋ ਅੰਦਰਲੀ ਚੀਜ਼ ਨੂੰ ਪ੍ਰਗਟ ਕਰਨ ਵਾਲਾ, ਗੁਰੂ ਕਹਾਉਂਦਾ ਹੈ।

*ਘਰਿ ਰਤਨ ਲਾਲ ਬਹੁ ਮਾਣਕ ਲਾਦੇ..........*
*ਅੰਗ – ੧੧੭੯*

ਆਹ ਸਰੀਰ ਦੇ ਅੰਦਰ ਵੈਰਾਗ, ਖਿਮਾ, ਗਿਆਨ ਦੇ ਰਤਨ ਪਏ ਨੇ। ਸੇਵਾ, ਸਿਮਰਨ ਆਦਿ ਬੇਅੰਤ ਕੀਮਤੀ ਚੀਜ਼ਾਂ ਪਈਆਂ ਨੇ। ਸੋ ਇਹਦੇ ਵਿਚ ਭਰਿਆ ਪਿਆ ਹੈ।

*.........ਮਨੁ ਭ੍ਰਮਿਆ ਲਹਿ ਨ ਸਕਾਈਐ ॥*
*ਅੰਗ – ੧੧੭੯*

ਲੇਕਿਨ ਪਤਾ ਨਹੀਂ ਲਗਦਾ ਆਤਮ ਵਸਤੂ ਦਾ, ਪਤਾ ਨਹੀਂ ਲਗਦਾ ਵਾਹਿਗੁਰੂ ਦਾ। ਪਰ ਜਦੋਂ ਗੁਰੂ ਮਿਲਦਾ ਹੈ ਉਹ ਦੱਸ ਦਿੰਦਾ ਹੈ। ਕਹਿੰਦੇ ਕਿਵੇਂ?

ਮਹਾਰਾਜ ਨੇ ਇਕ ਮਿਸਾਲ ਦਿਤੀ ਹੈ, ਬੱਕਰੀਆਂ ਵਾਲੇ ਬੱਕਰੀਆਂ ਚਾਰਦੇ ਹੁੰਦੇ ਨੇ। ਉਨ੍ਹਾਂ ਨੂੰ ਓਡ ਕਹਿੰਦੇ ਨੇ, ਉਨ੍ਹਾਂ ਨੂੰ ਲੋਕ ਕਹਿੰਦੇ ਨੇ ਕਿ ਸਾਡੇ ਬਜ਼ੁਰਗਾਂ ਨੇ ਇਥੇ ਖੂਹ ਲਾਇਆ ਸੀ, ਇਹ ਮਿਟੀ ਦੇ ਹੇਠਾਂ ਆ ਕੇ ਦਬ ਗਿਆ, ਰੇਤੇ ਦੇ। ਉਡਾਰ ਪੈ ਗਿਆ। ਸਾਨੂੰ ਹੁਣ ਪਤਾ ਨਹੀਂ ਲਗਦਾ ਕਿ ਕਿਥੇ ਕੁ ਹੋਏਗਾ, ਕਿਉਂਕਿ ਜੰਗਲ ਖੜ੍ਹਿਆ ਹੈ, ਸਾਨੂੰ ਲੋੜ ਨਹੀਂ ਪਈ। ਸਾਡਾ ਖੂਹ ਦੱਸੋ। ਉਹ ਫੇਰ ਬੱਕਰੀਆਂ ਉਥੇ ਛੱਡ ਦਿੰਦੇ ਨੇ। ਬੱਕਰੀ ਨੂੰ ਪਤਾ ਹੁੰਦਾ ਹੈ ਕਿ ਹੇਠਾਂ ਖੂਹ ਹੈ, ਉਥੇ ਉਹ ਘੇਰਾ ਬਣਾ ਲੈਂਦੀਆਂ ਨੇ। ਬਾਰ-ਬਾਰ ਛੱਡਦਾ ਹੈ, ਬਾਰ-ਬਾਰ ਜਦੋਂ ਘੇਰਾ ਬਣਾਉਂਦੀਆਂ ਨੇ। ਉਨ੍ਹਾਂ ਦੀਆਂ ਪੈੜਾਂ ਦਾ ਘੇਰਾ ਬਣ ਜਾਂਦਾ ਹੈ, ਉਥੇ ਪੁੱਟਦੇ ਨੇ ਤੇ ਖੂਹ ਗੁਪਤ ਹੋਇਆ ਨਿਕਲ ਆਉਂਦਾ ਹੈ। ਸੋ ਇਸੇ ਤਰ੍ਹਾਂ ਆਹ ਸਰੀਰ ਰੂਪੀ ਘਰ ਦੇ ਵਿਚ ਰਤਨ ਲਾਲ, ਮਾਣਕ, ਗਿਆਨ ਦੇ ਰਤਨ, ਵੈਰਾਗ ਦੇ ਰਤਨ, ਆਤਮ ਵਸਤੂ ਦੇ ਰਤਨ, ਵਾਹਿਗੁਰੂ ਦੇ ਰਤਨ ਇਹ ਭਰਮ ਸਭ ਪਏ ਨੇ –

*ਜਿਉ ਓਡਾ ਕੂਪੁ ਗੁਹਜ ਖਿਨ ਕਾਢੈ*
*ਤਿਉ ਸਤਿਗੁਰਿ ਵਸਤੁ ਲਹਾਈਐ ॥ ੨ ॥*
*ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ*
*ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥ ਅੰਗ – ੧੧੭੯*

ਐਸੇ ਤਰ੍ਹਾਂ ਦੇ ਨਾਲ ਸਤਿਗੁਰੂ ਮਿਲ ਜਾਵੇ ਤਾਂ ਉਹ ਅੰਦਰਲੀ ਚੀਜ਼ ਨੂੰ ਦੱਸ ਦਿੰਦਾ ਹੈ। ਸੋ ਉਹਨੂੰ ਗੁਰੂ ਕਹਿੰਦੇ ਨੇ –

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ – ੧੨੯੧*

ਜਿਹੜਾ ਐਹ ਸਰੀਰ ਦੇ ਵਿਚ ਆਤਮ ਘਰ ਦਿਖਾ ਦੇਵੇ। ਆਤਮ ਮੰਡਲ ਦੇ ਦਰਸ਼ਨ ਕਰਾ ਦੇਵੇ, ਵਾਹਿਗੁਰੂ ਦੇ ਦਰਸ਼ਨ ਕਰਾ ਦੇਵੇ, ਉਹ ਸਤਿਗੁਰੂ ਹੋਇਆ ਕਰਦਾ ਹੈ। ਉਥੇ ਕੋਈ ਨਿਸ਼ਾਨੀ ਵੀ ਹੋਏਗੀ? ਕਹਿੰਦੇ, ਗੱਲਾਂ ਨਾਲ ਨਹੀਂ ਉਥੇ ਨਿਸ਼ਾਨੀਆਂ ਨੇ।

*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥ ਅੰਗ – ੧੨੯੧*

ਉਥੇ ਪੰਜ ਸ਼ਬਦ ਵੱਜ ਰਹੇ ਨੇ, ਧੁਨ ਚਲ ਰਹੀ ਹੈ ਸ਼ਬਦਾਂ ਦੀ।

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਅੰਗ – ੧੨੯੧*

ਉਥੇ ਵਿਸਮਾਦ ਹੀ ਵਿਸਮਾਦ ਹੈ। ਆਪੇ ਹੀ ਹੋ ਰਿਹਾ ਹੈ ਵਾਹਿਗੁਰੂ-ਵਾਹਿਗੁਰੂ।

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਅੰਗ – ੧੨੯੧*

ਸੱਚੇ ਤਖਤ ਤੇ ਸੁਲਤਾਨ ਹੈ, ਉਥੇ ਸਾਜ ਵੱਜ ਰਹੇ ਨੇ। ਉਹ ਸੁਖਮਨ ਦਾ ਜਿਹੜਾ ਘਰ ਹੈ ਈੜਾ, ਪਿੰਗਲਾ, ਸੁਖਮਨਾ, ਦਸਵੇਂ ਦੁਆਰ ਦਾ ਓਸਨੂੰ ਘਰ ਕਹਿੰਦੇ ਨੇ।

*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ ॥ ਅੰਗ – ੧੨੯੧*

ਅਫੁਰ ਅਵਸਥਾ 'ਚ ਜਾ ਕੇ, ਫੁਰਨਾ ਨਾ ਕੋਈ ਵੀ ਰਹੇ। ਅਸੰਪਰਗਿਆਤ ਸਮਾਧੀ ਨੇ ਨਿਰਵਿਕਲਪ ਸਮਾਧੀ 'ਚ ਜਾ ਕੇ ਲਿਵ ਲਾ ਕੇ ਉਥੇ ਕੀ ਹੋਏਗਾ? ਉਥੇ ਰਾਗ ਸੁਣੇਗਾ, ਮਿਊਜ਼ਿਕ ਕੁਦਰਤੀ ਮਿਊਜ਼ਿਕ। ਜਿਹੜੀ ਕਥਾ ਨੂੰ ਜਾਣਦੇ ਨਹੀਂ ਉਹ ਉਥੇ ਵਿਚਾਰ ਹੋ ਜਾਂਦੀ ਹੈ।

*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*
*ਅੰਗ – ੧੨੯੧*

ਫੇਰ ਹੋਏਗਾ ਕੀ ਜਿਹੜਾ ਮੁਰਝਾਇਆ ਹੋਇਆ ਕੌਲ ਹੈ, ਇਹ ਉਲਟ ਕੇ ਅੰਮ੍ਰਿਤ ਨਾਲ ਭਰ ਜਾਏਗਾ।

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥ ਅੰਗ - ੧੨੯੧*

ਫੇਰ ਨਹੀਂ ਮਨ ਕਿਤੇ ਜਾਏਗਾ ਜਦੋਂ ਅੰਮ੍ਰਿਤ ਨਾਲ ਭਰ ਗਿਆ।

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਅੰਗ - ੧੨੯੧*

ਫੇਰ ਬਿਨਾਂ ਜਪੇ ਭੀ ਵਾਹਿਗੁਰੂ ਨਹੀਂ ਵਿਸਰਨਾ। ਆਪੇ ਹੀ ਨਾਮ ਧੁਨ ਅੰਦਰ ਚਲੇਗੀ।

*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥ ਅੰਗ - ੧੨੯੧*

ਪੰਜੇ ਗਿਆਨ ਇੰਦਰੇ ਇਕੱਠੇ ਹੋ ਕੇ ਨਿਜ ਘਰ ਦੇ ਵਿਚ ਵਾਸਾ ਪਾ ਕੇ ਮਿਲ ਜਾਂਦੇ ਹਨ। ਸੋ ਇਹ ਫੇਰ ਹੁੰਦਾ ਕਿਵੇਂ ਹੈ, ਸ਼ਬਦ ਨੂੰ ਖੋਜਣਾ ਪੈਂਦਾ ਹੈ।

*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥*
*ਅੰਗ - ੧੨੯੧*

ਸੋ ਇਹ ਗੁਰੂ ਪੂਰੇ ਦੀ ਨਿਸ਼ਾਨੀ ਹੈ। ਗੁਰੂ ਪੂਰਾ ਨਾਮ ਦਿੰਦਾ ਹੈ। ਸੋ ਨਾਮ ਜਪਣ ਵਾਲੇ ਦੀਆਂ ਕੀ ਅਵਸਥਾ ਹੁੰਦੀਆਂ ਨੇ, ਇਹ ਫੇਰ ਵਿਚਾਰ ਕਰਾਂਗੇ।

**ਚਲਦਾ..**

---

**(ਪੰਨਾ 28 ਦਾ ਬਾਕੀ)**

ਇਕ ਰੂਪਤਾ ਦਾ ਵਿਸਤਾਰ ਹੀ ਸਭ ਤੋਂ ਚੰਗਾ ਵਰਨਣ ਹੈ ਸਿਖਣਾ ਤੇ ਦੇਣਾ ਇਹ ਨਹੀਂ ਕਿ ਇਕੱਠਾ ਕਰਦੇ ਰਹਿਣਾ, ਜੋੜਦੇ ਰਹਿਣਾ। ਬੜੀ ਵਿਰੋਧਾਭਾਸੀ ਦੀ ਗੱਲ ਹੈ ਕਿ ਸਾਡੀ ਤਦਰੂਪਤਾ ਸਾਡੇ ਪੁਰਾਣੇ ਵਿਚਾਰ ਛੱਡਣ ਨਾਲ ਵਧਦੀ ਹੈ ਜੋ ਹੋ ਚੁੱਕਾ ਹੈ ਉਸਨੂੰ ਛੱਡ ਕੇ ਹੀ ਵਧਦੀ ਹੈ। ਜਦੋਂ ਅਸੀਂ ਤੰਗ ਤੇ ਛੋਟੀ ਸਵੈ ਪਰਿਭਾਸ਼ਾ ਛੱਡ ਦਿੰਦੇ ਹਾਂ ਉਸ ਤੋਂ ਬਾਅਦ ਹੀ ਸਾਨੂੰ ਵਧੇਰੇ ਖੁਲ੍ਹੀ ਤੇ ਸਮਲਿਤ ਸਵੈ ਧਾਰਨਾ ਦਾ ਅਭਾਸ ਹੁੰਦਾ ਹੈ।

ਆਪਣੇ ਲਈ ਆਪਣੀ ਪਰਿਭਾਸ਼ਾ ਬਦਲਣੀ ਹੀ ਇਕ ਵਧੇਰੇ ਉਤਪਾਦਕ ਤਰੀਕਾ ਹੋ ਸਕਦਾ ਹੈ ਜਿਸ ਨਾਲ ਵਖਰਾਪਨ ਛੱਡਿਆ ਜਾ ਸਕਦਾ ਹੈ। ਸਾਰੀਆਂ ਸਾਡੀਆਂ ਕੋਸ਼ਿਸ਼ਾਂ ਜਿਹੜੀਆਂ ਅਸੀਂ ਇਕੱਲੇਪਨ ਨੂੰ ਖਤਮ ਕਰਨ ਲਈ ਕਰਦੇ ਹਾਂ ਉਹ ਸਾਰੀਆਂ ਉਲਟੀ ਦਿਸ਼ਾ ਵਿਚ ਹਨ ਜਿਵੇਂ ਕਿ ਵੱਧ ਤੋਂ ਵੱਧ ਸੱਤਾ ਪ੍ਰਾਪਤ ਕਰਨੀ ਵੱਧ ਤੋਂ ਵੱਧ ਦੌਲਤ ਇਕੱਠੀ ਕਰਨੀ ਇਹ ਕੋਈ ਠੀਕ ਰਾਹ ਨਹੀਂ। ਜੀਵਨ ਦੇ ਜਿਹੜੇ ਹਿੱਸੇ ਜਿਹੜੇ ਪਰੰਪਾਰਿਕ ਤੌਰ ਤੇ ਸਵੈ ਅਨੁਭਵ ਅਤੀਤ ਲਈ ਠੀਕ ਮੰਨੇ ਗਏ ਹਨ ਉਹ ਵੀ ਠੀਕ ਨਹੀਂ ਰਹਿਣਗੇ ਜੇ ਅਸੀਂ ਸੁਆਰਥੀ ਹੋ ਕੇ ਅਸੀਂ ਉਨ੍ਹਾਂ ਵਲ ਜਾਵਾਂਗੇ। ਮਿਸਾਲ ਵਜੋਂ ਅਧਿਆਤਮਕ ਖੋਜ ਵੀ ਇਕ ਮਖੌਲ ਬਣ ਜਾਂਦਾ ਹੈ ਜੇਕਰ ਉਸ ਵਿਚ ਸੁਆਰਥ ਹੋਵੇ।

ਜਿੰਨੀ ਤੰਗ ਜਿੰਨੀ ਪੱਕੇ ਤੁਸੀਂ ਤੁਹਾਡੀ ਸਵੈ ਧਾਰਨਾ ਹੋਵੇਗੀ ਓਨੇ ਹੀ ਤੁਸੀਂ ਅਸੁਰਖਿਅਤ ਮਹਿਸੂਸ ਕਰੋਗੇ, ਸੰਸਾਰ ਵਿਚ ਆਪਣੇ ਆਪ ਨੂੰ ਛੋਟੇ ਮਹਿਸੂਸ ਕਰੋਗੇ, ਤੁਹਾਨੂੰ ਸੰਸਾਰ ਤੋਂ ਡਰ ਲਗੇਗਾ। ਤੰਗ ਛੋਟੇ ਸਰੂਪ ਵਾਲਾ ਮਨੁੱਖ ਕੇਵਲ ਆਪਣੀ ਸੁਰਖਿਆ ਲਈ ਕੰਮ ਕਰਦਾ ਹੈ, ਆਪਣੇ ਬਚਾਅ ਲਈ ਕੰਮ ਕਰ ਕਰਦਾ ਹੈ। ਜਿਵੇਂ-ਜਿਵੇਂ ਚੇਤਨਤਾ ਦਾ ਪਸਾਰਾ ਹੁੰਦਾ ਹੈ ਉਸ ਤਰ੍ਹਾਂ ਹੀ ਮਨੁੱਖ ਹਉਮੈ ਕੇਂਦਤਿਕ ਤੋਂ ਏਕੀਕਰਨ ਵਲ ਜਾਂਦਾ ਹੈ। ਬਜਾਏ ਇਕੱਲੇਪਨ ਦੇ ਖੇਤਰ ਤੋਂ ਕੰਮ ਕਰਨ ਦੇ ਅਸੁਰਖਿਅਤ ਹੋ ਕੇ ਕੰਮ ਕਰਨ ਦੇ ਉਹ ਭਰਪੂਰ ਹੋ ਕੇ ਕੰਮ ਕਰਦਾ ਹੈ ਪਰਸਪਰ ਸਬੰਧਿਤ ਹੋ ਕੇ ਕੰਮ ਕਰਦਾ ਹੈ। ਉਸਨੂੰ ਇਸ ਗੱਲ ਦਾ ਧਿਆਨ ਨਹੀਂ ਰਹਿੰਦਾ ਕਿ ਉਸਨੂੰ ਦੂਸਰਿਆਂ ਕੋਲੋਂ ਕੀ ਮਿਲੇਗਾ ਕਿਉਂਕਿ ਉਹ ਤਾਂ ਆਪਣੇ ਆਪ ਨੂੰ ਸਾਰਿਆਂ ਨਾਲ ਸਾਂਝਾ ਸਾਰਿਆਂ ਨੂੰ ਹੀ ਇਕ ਦੇਖਦਾ ਹੈ।

ਜਿਸ ਮਨੁੱਖ ਦੀ ਛੋਟੀ ਤੰਗ ਦ੍ਰਿਸ਼ਟੀ ਹੋਵੇਗੀ ਆਪਣਾ ਸਰੂਪ ਛੋਟਾ ਹੋਵੇਗਾ ਉਹ ਜੀਵਨ ਦੀ ਵਿਸ਼ਾਲਤਾ ਦੇਖ ਹੀ ਨਹੀਂ ਸਕਦਾ। ਜਦੋਂ ਕੋਈ ਦੇਣ ਦੀ ਗੱਲ ਹੋਵੇਗੀ ਉਸਨੂੰ ਇਸ ਤਰ੍ਹਾਂ ਲੱਗੇਗਾ ਕਿ ਉਸ ਦਾ ਕੁਝ ਖੋਇਆ ਜਾ ਰਿਹਾ ਹੈ ਜੇ ਮੈਂ ਕੁਝ ਦੇ ਰਿਹਾ ਹਾਂ ਮੈਨੂੰ ਕੁਝ ਮਿਲਣਾ ਵੀ ਚਾਹੀਦਾ ਹੈ। ਉਸ ਦੇ ਉਲਟ ਦੂਸਰੇ ਪਾਸੇ ਜਿਸ ਦਾ ਆਪਣਾ ਸਰੂਪ ਵਿਸ਼ਾਲ ਹੋਵੇਗਾ ਉਸਨੂੰ ਦੇਣ ਵਿਚ ਕੋਈ ਸਮਸਿਆ ਨਹੀਂ ਆਵੇਗੀ ਉਸਨੂੰ ਵਾਪਸ ਕੀ ਮਿਲਦਾ, ਕੀ ਨਹੀਂ ਮਿਲਦਾ ਉਸਨੂੰ ਇਸ ਗੱਲ ਦੀ ਪਰਵਾਹ ਹੀ ਨਹੀਂ। ਇਹੋ ਜਿਹਾ ਮਨੁੱਖ ਆਪਣੇ ਆਪ ਨੂੰ ਇਕੱਲਾ ਦੇਖਣ ਦੀ ਥਾਂ ਸਭ ਤੋਂ ਵੱਖ ਮਹਿਸੂਸ ਹੋਣ ਦੀ ਥਾਂ, ਸੰਸਾਰ ਨਾਲ ਇਕੱਲਾ ਲੜਨ ਦੀ ਥਾਂ, ਉਹ ਆਪਣੇ ਆਪਨੂੰ ਸੰਸਾਰ ਨਾਲ ਜੁੜਿਆ ਮਹਿਸੂਸ ਕਰਦਾ ਹੈ, ਸੰਸਾਰ ਦੇ ਭਲੇ ਲਈ ਕੰਮ ਕਰਨ ਵਿਚ ਲੱਗਾ ਰਹਿੰਦਾ ਹੈ ਉਹ ਤਾਂ ਆਪਣੇ ਆਪ ਨੂੰ ਇਸ ਸੰਸਾਰ ਵਿਚ ਮਨੁੱਖਤਾ ਦਾ ਇਕ ਭਾਗ ਹੀ ਸਮਝਦਾ ਹੈ। ਕੇਵਲ ਆਪਣੇ ਆਪ ਲਈ ਜੀਉਣਾ ਆਪਣੇ ਆਪ ਲਈ ਕੰਮ ਕਰਨਾ ਉਸਨੂੰ ਬਹੁਤ ਬੇਤੁਕਾ ਵਿਵੇਕ ਰਹਿਤ ਲਗਦਾ ਹੈ।

ਜਿਵੇਂ ਪੂਰਾ ਸਰੀਰ ਕਦੀ ਵੀ ਕੰਮ ਨਹੀਂ ਕਰ ਸਕਦਾ, ਜੇ ਹਰ ਇਕ ਅੰਗ ਇਹ ਸੋਚ ਲਵੇ ਮੈਂ ਦੂਸਰੇ ਅੰਗ ਦੀ ਸਹਾਇਤਾ ਕਿਉਂ ਕਰਾਂ, ਜੇ ਹਰ ਸੈਲ ਆਪਣੇ ਆਪ ਲਈ ਹੀ ਕੇਵਲ ਕੰਮ ਕਰੇਗਾ ਪੂਰਾ ਸਰੀਰ ਚਲ ਹੀ ਨਹੀਂ ਸਕਦਾ। ਸਾਡੇ ਜੀਵਨ ਦੀ ਇਕਸਾਰਤਾ ਚਲ ਹੀ ਨਹੀਂ ਸਕਦੀ ਜੇ ਅਸੀਂ ਸਰਬਹਿਤ ਲੋਕ ਭਲਾਈ ਲਈ ਕੰਮ ਨਾ ਕਰੀਏ। ਜੇ ਸਾਡੇ ਸਰੀਰ ਦਾ ਇਕ ਭਾਗ ਇਹ ਫੈਸਲਾ ਕਰ ਲਵੇ ਕਿ ਮੈਂ ਪੂਰਾ ਕੰਮ ਨਹੀਂ ਕਰਨਾ, ਸਰੀਰ ਦੇ ਅੰਦਰ ਸੰਘਰਸ਼ ਪੈਦਾ ਹੋ ਜਾਵੇਗਾ, ਬੀਮਾਰੀਆਂ ਉਠ ਖੜ੍ਹੀਆਂ ਹੋਣਗੀਆਂ, ਇਸੇ ਤਰ੍ਹਾਂ ਨਾਲ ਜੇ ਹਰ ਕੋਈ ਕੇਵਲ ਆਪਣੇ ਲਈ ਹੀ ਕੰਮ ਕਰੇਗਾ, ਹਰ ਕੋਈ ਹੀ ਸੁਆਰਥੀ ਹੋ ਜਾਵੇਗਾ, ਸਾਰੀ ਮਾਨਵਕਤਾ ਵਿਚ ਦਵੰਦ ਫੈਲ ਜਾਵੇਗਾ, ਸੰਘਰਸ਼ ਸ਼ੁਰੂ ਹੋ ਜਾਏਗਾ, ਲੜਾਈਆਂ ਸ਼ੁਰੂ ਹੋ ਜਾਣਗੀਆਂ। ਵਿਸ਼ਾਲ ਵਿਕਸਿਤ ਅਭੇਦਤਾ ਵਾਲਾ ਮਨੁੱਖ ਇਹ ਜਾਣਦਾ ਹੈ ਉਹ ਆਪਣਾ ਜੀਵਨ ਇਸ ਤਰ੍ਹਾਂ ਨਾਲ ਜੀਉਂਦਾ ਹੈ ਕਿ ਕੋਈ ਕਿਸੇ ਕਿਸਮ ਦਾ ਦਵੰਦ ਪੈਦਾ ਹੀ ਨਾ ਹੋਵੇ, ਉਹ ਸਦਾ ਹੀ ਇਕ ਸੁਰਤਾ ਤੇ ਇਕ ਸਾਰਤਾ ਹੀ ਪੈਦਾ ਕਰਨ ਲਈ ਤੱਤਪਰ ਰਹਿੰਦਾ ਹੈ।

********

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

੨

ਤਦ ਸੰਤ ਬੋਲੇ - ਹਿਮਾਲਯ ਦੇ ਪਹਾੜਾਂ ਨੂੰ ਛੱਡ ਕੇ ਜਮਨਾ ਸਿਰਮੌਰ ਤੇ ਡੇਹਰੇ ਦੀ ਦੂਨ ਦੇ ਵਿਚਕਾਰੇ ਜਿਹੇ ਵਗਦੀ ਸ਼ਿਵਾਲਕ ਦੇ ਪੈਰ ਆ ਚੁੰਮਦੀ ਹੈ ਤੇ ਇਸ ਦੇ ਇਕ ਪਬ ਜੇਹੇ ਦੀ ਮਾਨੋ ਪਰਕਰਮਾ ਕਰਕੇ ਮੈਦਾਨਾਂ ਵਿਚ ਜਾ ਨਿਕਲਦੀ ਹੈ। ਇਸ ਘੁਮਾਟੀ ਖਾਣ ਵਾਲੇ ਥਾਂ ਪੱਛਮੀ ਪਾਸੇ ਪਾਉਂਟਾ ਨਵਾਂ ਹੀ ਬਸਿਆ ਟਿਕਾਣਾ ਹੈ। ਨਵਾਂ ਹੈ, ਪਰ ਰੌਣਕਦਾਰ। ਪਹਿਲੋਂ ਹੀ ਕੁਦਰਤ ਨੇ ਇਸਨੂੰ ਰਮਣੀਕ ਬਣਾਇਆ ਹੈ, ਹੁਣ ਕੁਦਰਤ ਦੇ ਰਸੀਏ ਨੇ ਇਸ ਨੂੰ ਚਾਰ ਚੰਦ ਲਾ ਦਿਤੇ ਹਨ। ਇਸ ਮੋੜ ਤੇ ਹਰੇ ਹਰੇ ਕਚਾਹ ਵਰਗੇ ਰੰਗ ਦਾ ਨਿਰਮਲ ਪ੍ਰਵਾਹ ਅਚਰਜ ਤੇਜ਼ੀ ਨਾਲ ਜਾਂਦਾ ਮਨ ਨੂੰ ਮੋਹਦਾ ਹੈ। ਅੱਜ ਜਮੁਨਾ ਤੋਂ ਪਾਰ ਪੂਰਬਲੇ ਕਿਨਾਰੇ ਵੱਟਿਆਂ ਵਰਗੇ ਪੱਥਰਾਂ ਦੇ ਨਾਲ ਵਿਛੇ ਮੈਦਾਨ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਜੰਗੀ ਸਭਾ ਲਗ ਰਹੀ ਹੈ। ਚੋਣਵੇਂ ਸਿਰ ਕਰਦੇ ਬੈਠੇ ਹਨ ਤੇ ਵਿਚਾਰ ਹੋ ਰਹੀ ਹੈ ਕਿ ਕਿਵੇਂ ਆ ਰਹੇ ਹਮਲੇ ਦੇ ਮੁਕਾਬਲੇ ਤੇ ਟਾਕਰਾ ਕਰਨਾ ਹੈ, ਜਿਸ ਵਿਚ ਜੀਤ ਹੋਵੇ ਅਤੇ ਆਪਣਾ ਨੁਕਸਾਨ ਘੱਟ ਹੋਵੇ। ਸਭ ਤੋਂ ਪਹਿਲੀ ਗੱਲ ਸੀ ਮੈਦਾਨ ਜੰਗ ਦਾ ਟਿਕਾਣਾ ਚੁਣਨੇ ਦੀ, ਸੋ ਇਸ ਵਿਚਾਰ ਹੁੰਦੀ ਵਿਚ ਦਇਆ ਰਾਮ ਬ੍ਰਾਹਮਣ ਜੋ ਗੁਰੂ ਕੇ ਸੂਰਮਿਆਂ ਵਿਚੋਂ ਇਕ ਸੀ, ਬੋਲਿਆ - ਹੇ ਪ੍ਰਭੂ! ਅਸੀਂ ਪਾਉਂਟੇ ਨੂੰ ਜੁੱਧ ਟਿਕਾਣਾ ਨਾ ਬਣਾਈਏ, ਜੋ ਆਪਣਾ ਤੇ ਅਪਣੇ ਬਸਾਏ ਨਗਰ ਵਾਸੀਆਂ ਦਾ ਨੁਕਸਾਨ ਕੁਛ ਨਾ ਹੋਵੇ। ਤਦ ਮਾਮਾ ਕ੍ਰਿਪਾਲ ਚੰਦ ਜੀ ਬੋਲੇ - ਇਸ ਥਾਂ ਤੋਂ ਛੇਹ ਕੋਹ ਉਪਰ ਭੰਗਾਣੀ ਦੇ ਟਿਕਾਣੇ, ਜਿਥੇ ਪਾਰਲੇ ਪਾਸੇ ਚੂੜ੍ਹਪੁਰ ਗ੍ਰਾਮ ਹੈ, ਜੰਗ ਮਚਾਇਆ ਜਾਵੇ। ਉਹ ਹੈ ਵਡਾ ਪੱਤਣ, ਉਥੋਂ ਉਨ੍ਹਾਂ ਨੇ ਇਸ ਉਰਾਰ ਆ ਕੇ ਸਾਡੇ ਪਾਉਂਟੇ ਤੇ ਧਾਈ ਕਰਨੀ ਹੈ, ਅਸੀਂ ਉੱਥੇ ਹੀ ਉਨ੍ਹਾਂ ਨੂੰ ਰੋਕੀਏ। ਜਮਨਾ ਦੇ ਕਿਨਾਰੇ ਖੁੱਲ੍ਹਾਂ ਲੰਮਾ ਮੈਦਾਨ ਹੈ, ਫਿਰ ਕੁਛ ਚੜ੍ਹਾਈ ਹੈ, ਚਾਹੋ ਨਾਮ ਮਾਤ੍ਰ ਹੈ, ਉਹ ਚੜ੍ਹ ਕੇ ਖੁੱਲ੍ਹਾ ਮੈਦਾਨ ਹੈ। ਅਸੀਂ ਉਨ੍ਹਾਂ ਨੂੰ ਇਸ ਮੈਦਾਨੇ ਨਾ ਚੜ੍ਹਨ ਦੇਵੀਏ। ਇਹ ਅਸੀਂ ਮੱਲੀਏ ਤੇ ਉਹ ਹੇਠਲੇ ਮੈਦਾਨ ਵਿਚ ਰਹਿਣ। ਘਾਟਾ ਲਈਏ ਬਣਾ, ਉਤੋਂ ਮਾਰੀਏ ਗੋਲੀਆਂ ਤੇ ਤੀਰ, ਹੱਲੇ ਕਰੀਏ ਹੇਠਾਂ ਘਾਟੇ ਤੋਂ ਜਾ ਕੇ ਤੇ ਇਸੇ ਰਸਤੇ ਕੁਮਕਾਂ ਘੱਲੀਏ।

ਮਾਮਾਂ ਜੀ ਦੀ ਇਹ ਵਿਉਂਤ ਸਾਹਿਬਾਂ ਨੇ ਸਲਾਹੀ ਤੇ ਹੋਰ ਜਥੇਦਾਰਾਂ ਦੇ ਬੀ ਪਸੰਦ ਆਈ। ਇਸ ਤੋਂ ਉਪਰੰਤ ਜਥਿਆਂ ਦੀ ਵੰਡ, ਸਾਮਾਨ ਦੀ ਜਾਚ ਪੜਤਾਲ ਪਰ ਵੀਚਾਰ ਹੋਈ। ਇਸ ਵੇਲੇ ਨੰਦ ਚੰਦ ਨੇ ਦੱਸਿਆ ਕਿ ਇਕ ਸਿੱਖ ਬਹੁਤ ਘੋੜੇ ਕੱਠੇ ਕਰਕੇ ਆਪ ਵਾਸਤੇ ਲਿਆ ਰਿਹਾ ਸੀ ਕਿ ਰਸਤੇ ਵਿਚ ਭੀਮ ਚੰਦ ਨੂੰ ਪਤਾ ਲਗ ਜਾਣ ਕਰਕੇ ਕੁਛ ਰੋਕ ਦਾ ਵੀਚਾਰ ਹੋਇਆ, ਪਰ ਅਸੀਂ ਆਪਣੇ ਸਵਾਰਾਂ ਸਮੇਤ ਪਹੁੰਚ ਪਏ, ਸੋ ਉਨ੍ਹਾਂ ਨੂੰ ਉਤਾਵਲ ਨਾਲ ਭਜਾ ਕੇ ਨਾਲ ਲੈ ਆਏ ਹਾਂ। ਇਸ ਗੱਲ ਨਾਲ ਸਤਿਗੁਰ ਜੀ ਪ੍ਰਸੰਨ ਹੋਏ ਤੇ ਹੁਕਮ ਦਿੱਤਾ ਕਿ ਇਹ ਘੋੜੇ ਸਿੱਖ ਸੌਦਾਗਰ ਤੋਂ ਲੈ ਲਏ ਜਾਣ ਤੇ ਕੱਲ੍ਹ ਇਨ੍ਹਾਂ ਦੀ ਵੰਡ ਸੂਰਮਿਆਂ ਪ੍ਰਤੀ ਕਰਾਂਗੇ। ਫਿਰ ਵੈਰੀ ਦਲ ਦੀ ਸੇਨਾ ਤੇ ਉਨ੍ਹਾਂ ਪਾਸ ਸ਼ਾਮਾਨਾਂ ਦੀ ਵੀਚਾਰ ਹੋਈ। ਚਾਹੋ ਇਹ ਅੰਦਾਜ਼ਾ ਆਪਣੀ ਸੈਨਾ ਤੋਂ ਬਹੁਤ ਵਧੀਕ ਸੀ, ਪਰੰਤੂ ਆਪਣੀ ਬੀਰਤਾ ਤੇ ਜੰਗੀ ਵਿਉਂਤਾਂ ਦੀ ਪ੍ਰਬਲਤਾ ਤੇ ਸਾਂਈਂ ਭਰੋਸੇ ਦੇ ਆਸਰੇ ਨਿਸਚਿਤ ਜੀਤ ਤੇ ਸ਼ੱਕ ਕਿਸੇ ਨੂੰ ਨਹੀਂ ਸੀ ਤੇ ਨਾ ਇਹ ਭਾਵ ਇਸ ਤਰ੍ਹਾਂ ਦਾ ਮਦ ਸੀ ਕਿ ਜਿਸ ਵਿਚ ਬੁੱਧੀ ਤੇ ਬਲ ਬੇ ਪ੍ਰਵਾਹ ਹੋ ਕੇ ਮਨੋਰਥ ਹੀ ਗੁਆ ਲੈਂਦੇ ਹਨ। ਸਾਰੇ ਮਾਮਲੇ ਦੀ ਵੀਚਾਰ ਮਗਰੋਂ ਉਠੇ, ਕਿਨਾਰੇ ਤੇ ਆਏ, ਅੱਗੇ ਬੇੜੀਆਂ ਤਿਆਰ ਸਨ, ਸਾਰੇ ਚੜ੍ਹ ਕੇ ਉਰਾਰ ਆ ਗਏ। ਜਦ ਕਿਲ੍ਹੇ ਵਿਚ ਅੱਪੜੇ, ਜੋ ਕੱਚੀ ਗੜ੍ਹੀ ਵਾਂਗੂੰ ਉਥੇ ਬਣਾ ਲਿਆ ਹੋਇਆ ਸੀ ਤਾਂ ਦੂਸਰਾ ਸੂੰਹੀਆਂ ਆ ਗਿਆ, ਜਿਸ ਨੇ ਦੱਸਿਆ ਕਿ ਫਤਹਸ਼ਾਹ ਦੇ ਟਿਕਾਣੇ ਤਿਆਰੀ ਜ਼ੋਰ ਸ਼ੋਰ ਨਾਲ ਹੋ ਰਹੀ ਹੈ। ਇਸ ਤੋਂ ਵੈਰੀ ਦਲ ਤੇ ਸਾਮਾਨ ਦਾ ਹੋਰ ਅੰਦਾਜ਼ਾ ਭੀ ਲਗ ਗਿਆ। ਇਸ ਨੇ ਇਹ ਬੀ ਦੱਸਿਆ ਕਿ ਫੌਜ ਤੋਂ ਛੁੱਟ ਪਿੰਡਾਂ ਦੀ ਛੇੜ ਬੀ ਕੱਠੀ ਹੋ ਰਹੀ ਹੈ ਜੋ ਗਿਣਤੀ ਨੂੰ ਹੋਰ ਵਧਾਵੇਗੀ।

ਇਹ ਸੁਣ ਕੇ ਗੁਰੂ ਜੀ ਸਮਝੇ ਕਿ ਇਹ ਅਣਸਿੱਖੀ ਭੀੜ ਹੀ ਅਕਸਰ ਹਾਰ ਦਾ ਕਾਰਣ ਬਣ ਜਾਇਆ ਕਰਦੀ ਹੈ। ਜਿਸ ਵੇਲੇ ਪਵੇ ਲੁੱਟ ਤਾਂ ਇਹ ਲੁੱਟ ਦੀ ਸ਼ਰੀਕ ਸਭ ਤੋਂ ਅੱਗੇ ਤੇ ਜੇ ਪੈਰ ਖਿਸਕਣ ਤਾਂ ਇਹ ਨੱਸਣ ਵਿਚ ਸਭ ਤੋਂ ਮੁਹਰੇ। ਫਿਰ ਆਪ ਜੀ ਨੇ ਪੁੱਛਿਆ ਕਿ ਉਧਰ ਸੈਨਾ ਦੇ ਆਗੂ ਕੌਣ ਕੌਣ ਨਿੱਤਰੇ ਹਨ? ਤਾਂ ਉਸਨੇ ਦੱਸਿਆ ਕਿ ਹਨ ਤਾਂ ਕਈ, ਪਰ ਮੁਖੀਏ ਇਹ ਹਨ - ਫਤਹਸ਼ਾਹ ਆਪ ਲੜੇਗਾ, ਹਰੀ ਚੰਦ, ਗਾਜ਼ੀ ਚੰਦ, ਕੁਲੂ ਪਤਿ, ਰਾਮ ਸਿੰਘ, ਜੰਮੂ, ਸਾਹਿਬ ਚੰਦ ਮਧੁਕਰ, ਜਸਵਾਰੀਆ ਡਢਵਾਰੀਆ ਤੇ ਕਟੋਚੀਆਂ ਕਿਰਪਾਲ ਇਨ੍ਹਾਂ ਤੋਂ ਛੁਟ ਗੁਲੇਰ ਦਾ ਗੁਪਾਲ, ਕੋਟ ਲੇਹਰ ਆਦਿ ਦੇ ਹੋਰ ਕਈ ਰਾਜੇ ਸਨ।

੩

ਹੋ ਚੁੱਕੀ ਵਿਉਂਤ ਮੂਜਬ ਇਕ ਨਿੱਕਾ ਜਿਹਾ ਜਥਾ ਤਾਂ ਪਾਰ ਚਲਾ ਗਿਆ, ਜੋ ਵੈਰੀ ਦਲ ਦੀ ਪੂਰੀ ਸੂੰਹ ਲੈਂਦਾ ਤੇ ਭੇਜਦਾ ਰਹੇ। ਕੁਛ ਜਥੇ ਭੰਗਾਣੀ ਚਲੇ ਗਏ ਜੋ ਤਾਂ ਦੇਖ ਕੇ ਡੇਰੇ ਪਾਉਣ ਤੇ ਰਸਤਾਂ ਦੇ ਸਾਮਾਨ, ਘੋੜੇ ਬੰਨ੍ਹ ਤੇ ਸਿਲਹ ਖਾਨਾ ਟਿਕਾਉਣ ਦੇ ਪ੍ਰਬੰਧ ਕਰਨ। ਸਾਰੇ ਦਲ ਵਿਚ ਜਦ ਤਿਆਰੀ ਦਾ ਹੁਕਮ ਪਹੁੰਚ ਗਿਆ ਤਾਂ ਹੁਕਮ ਅਨੁਸਾਰ ਤਿਆਰੇ ਆਰੰਭ ਹੋ ਗਏ। ਗੁਰੂ ਜੀ ਦੀ ਸੇਵਾ ਵਿਚ ਪੰਜ ਸੌ ਪਠਾਣ ਜੁਆਨ ਸੀ, ਇਨ੍ਹਾਂ ਨੂੰ ਗੁਰੂ ਜੀ ਨੇ ਨੌਕਰ ਰੱਖ ਲਿਆ ਹੋਇਆ ਸੀ। ਜਾਪਦਾ ਹੈ ਕਿ ਇਸ ਵਿਆਹ ਪਰ ਭੀਮਚੰਦ ਵਲੋਂ ਜੰਗ ਹੋ ਪੈਣ ਦਾ ਅਨੁਮਾਨ ਗੁਰੂ ਜੀ ਨੂੰ ਪਹਿਲੇ ਤੋਂ ਹੀ ਲਗ ਰਿਹਾ ਸੀ, ਜਿਸ ਲਈ ਜੰਗ ਦਾ ਸਾਮਾਨ ਤੇ ਨਫਰ ਦੋਏ ਵਧਾਏ ਜਾ ਰਹੇ ਸਨ। ਇਨ੍ਹਾਂ ਪਠਾਣਾਂ ਦੀ ਜੋ ਕਥਾ ਹੈ ਸੋ ਇਹ ਹੈ ਕਿ ਇਹ ਔਰੰਗਜ਼ੇਬ ਦੇ ਨੌਕਰ ਸਨ ਤੇ ਕਿਸੇ ਖਤਾ

ਕਰਕੇ ਉਸ ਨੇ ਆਪਣੀ ਨੌਕਰੀ ਤੋਂ ਕੱਢ ਦਿਤੇ ਸਨ। ਇਨ੍ਹਾਂ ਦਾ ਵਤਨ ਦਾਮਲਾ (ਕਰਨਾਲ ਦੇ ਜ਼ਿਲੇ ਵਿਚ) ਸੀ, ਬੇਨੌਕਰ ਹੋਏ ਇਹ ਸਢੌਰੇ ਆਏ ਤੇ ਆਪਣੀ ਪੀਰ ਬੁੱਧੂਸ਼ਾਹ ਨੂੰ ਮਿਲੇ। ਉਸਦੀ ਸਿਪਾਰਸ਼ ਨਾਲ ਇਹ ਪਾਉਂਟੇ ਅੱਪੜੇ ਤਾਂ ਗੁਰੂ ਜੀ ਨੇ ਨੌਕਰ ਰੱਖ ਲਏ। ਇਨ੍ਹਾਂ ਪੰਜ ਸੌ ਪਠਾਣਾਂ ਦੇ ਸਰਦਾਰਾਂ ਦੇ ਨਾਮ ਇਹ ਸਨ - ਭੀਖਨ ਖਾਂ, ਕਾਲੇ ਖਾਂ, ਨਿਜਾਬਤ ਖਾਂ, ਹਯਾਤ ਖਾਂ ਅਤੇ ਪੰਜਵੇਂ ਦਾ ਨਾਉਂ ਸੀ ਜਵਾਹਰ ਖਾ। ਇਹ ਸਰਦਾਰ ਆਪਣੇ ਸਵਾਰਾ ਸਣੇ ਤਨਖਾਹਾਂ ਲੈਂਦੇ ਤੇ ਜੰਗੀ ਕਰਤੱਵ ਕਰਦੇ ਰਹੇ। ਅੱਜ ਜਦ ਦਲਾਂ ਵਿਚ ਜੰਗ ਦੀ ਤਿਆਰੀ ਦਾ ਹੁਕਮ ਹੋਇਆ ਤਾਂ ਇਨ੍ਹਾਂ ਨੇ ਮਿਲ ਕੇ ਮਸਲਤ ਕੀਤੀ ਕਿ ਜੰਗ ਵਿਚ ਅਸੀਂ ਨਾ ਰਲੀਏ ਤੇ ਖਿਸਕ ਚੱਲੀਏ, ਸੋ ਕਈ ਗੋਂਦਾਂ ਗੁੰਦ ਕੇ ਅਗਲੇ ਦਿਨ ਗੁਰੂ ਕੀ ਸੇਵਾ ਵਿਚ ਹਾਜ਼ਰ ਹੋਏ ਤੇ ਛੁੱਟੀ ਮੰਗਣ ਲੱਗੇ। ਇਸ ਵੇਲੇ ਇਹ ਖਬਰ ਸੁਖਦਾਈ ਕਿਵੇਂ ਬੀ ਨਹੀਂ ਸੀ ਹੋ ਸਕਦੀ, ਪਰ ਗੁਰੂ ਕਿਆਂ ਵੱਲੋਂ ਇਨ੍ਹਾਂ ਨੂੰ ਸਮਝੌਤੇ ਦਿੱਤੇ ਗਏ ਤੇ ਤਨਖਾਹਾਂ ਵਧਾਉਣ ਦਾ ਭੀ ਭਰੋਸਾ ਦਿੱਤਾ ਗਿਆ, ਇੱਥੋਂ ਤਾਂਈਂ ਕਿ ਤਨਖਾਹ ਪੰਜ ਗੁਣੀ ਕਰ ਦੇਣੀ ਕਹੀ, ਪਰ ਉਨ੍ਹਾਂ ਨੇ ਇਕ ਨਾ ਮੰਨੀ। ਸੰਗੋਸ਼ਾਹ ਨੇ ਅਖੀਰ ਇਹ ਭੀ ਆਖਿਆ ਕਿ ਜੇ ਜਿੱਤ ਕੇ ਆਏ ਤਾਂ ਇਕ-ਇਕ ਢਾਲ ਮੋਹਰਾਂ ਦੀ ਭਰ ਕੇ ਦਿਆਂਗੇ, ਤਦ ਭੀ ਨਾ ਮੰਨੇ। ਤਦ ਇਕ ਸਰਦਾਰ ਨੇ ਕਿਹਾ ਕਿ ਇਹ ਸਭ ਕੁਛ ਤੁਸੀਂ ਸਾਨੂੰ ਡਰ ਕੇ ਦੇ ਰਹੇ ਹੋ। ਤਦ ਸੰਗੋ ਸ਼ਾਹ ਨੇ ਆ ਕੇ ਗੁਰੂ ਜੀ ਨੂੰ ਕਿਹਾ ਕਿ ਹੁਣ ਓਹ ਰਖਣੇ ਜੋਗ ਨਹੀਂ। ਹੁਕਮ ਹੋਵੇ ਤਾਂ ਲੁੱਟ ਕੁੱਟ ਕੇ ਕੱਢ ਦੇਵੀਏ। ਤਾਂ ਸਤਿਗੁਰੂ ਬੋਲੇ - ਲੁੱਟ ਕੁੱਟੋ ਨਹੀਂ ਤੇ ਜਾਣ ਦਿਓ। ਸੋ ਇਉਂ ਓਹ ਚਲੇ ਗਏ। ਆਖਦੇ ਸੀ ਕਿ ਘਰਾਂ ਨੂੰ ਜਾਣਾ ਹੈ, ਜ਼ਰੂਰੀ ਕੰਮ ਹੈ, ਪਰ ਥੋੜ੍ਹੀ ਦੂਰ ਜਾ ਕੇ ਜਮਨਾ ਪਾਰ ਹੋ ਗਏ ਤੇ ਗੜ੍ਹਵਾਲ ਦੇ ਰਸਤੇ ਪੈ ਗਏ ਅਰ ਰਾਜਿਆਂ ਨੂੰ ਜਾ ਮਿਲੇ। ਇਨ੍ਹਾਂ ਵਿਚੋਂ ਇਕ ਕਾਲੇ ਖਾਂ ਆਪਣੇ ਜਥੇ ਸਮੇਤ ਰਹਿ ਗਿਆ। ਇਹ ਆਪਣੇ ਸਾਥੀਆਂ ਨੂੰ ਬੀ ਨਿਮਕ ਹਰਾਮ ਹੋਣੋ ਵਰਜਦਾ ਰਿਹਾ, ਜਦ ਉਹ ਨਾ ਮੰਨੇ ਤਾਂ ਇਹ ਨਾਲ ਨਾ ਗਿਆ ਤੇ ਨਿਮਕ ਹਲਾਲੀ ਲਈ ਚਰਣ ਸ਼ਰਨ ਰਹਿ ਪਿਆ। ਗੁਰੂ ਜੀ ਨੇ ਜਦ ਇਹ ਗੱਲ ਸੁਣੀ ਤਾਂ ਉਸਨੂੰ ਬੀ ਚਲੇ ਜਾਣ ਲਈ ਇਕ ਸਿੱਖ ਹੱਥ ਸੁਨੇਹਾ ਘੱਲਿਆ, ਪਰ ਉਹ ਨਾ ਗਿਆ, ਤਦ ਗੁਰੂ ਜੀ ਨੇ ਸਨਮੁਖ ਬੁਲਾ ਕੇ ਕੁਛ ਇਨਾਮ ਦਿੱਤਾ ਤੇ ਕਿਹਾ ਕਿ ਤੈਨੂੰ ਖੁਸ਼ੀ ਨਾਲ ਟੋਰਦੇ ਹਾਂ. ਤੇਰੇ ਤੇ ਕਿਸੇ ਗੱਲੇ ਨਾਰਾਜ਼ ਨਹੀਂ ਹਾਂ। ਸੋ ਗੁਰੂ ਕਾ ਹੁਕਮ ਮੰਨ ਕੇ ਕਿਸੇ ਹੋਰ ਥਾਂ ਚਲਾ ਗਿਆ, ਪਰ ਵੈਰੀ ਦਲ ਨਾਲ ਜਾ ਕੇ ਉਹ ਨਹੀਂ ਮਿਲਿਆ। ਪਠਾਣ ਜੋ ਫਤਹਸ਼ਾਹ ਦੇ ਦਲ ਵਿਚ ਜਾ ਮਿਲੇ ਸਨ ਉਨ੍ਹਾਂ ਨਾਲ ਫਤਹਸ਼ਾਹ ਨੇ ਅਹਿਦ ਕਰ ਲਿਆ ਸੀ ਕਿ ਤਨਖਾਹਾਂ ਤੇ ਹੋਰ ਇਨਾਮ ਤੋਂ ਵੱਖਰੇ ਫਤਹਿ ਹੋ ਗਈ ਤਾਂ ਤੁਸਾਂ ਨੂੰ ਲੁੱਟ ਮਾਫ ਹੋਵੇਗੀ। ਇਹ ਲੁੱਟ ਦੀ ਮਾਫੀ ਦਾ ਲਾਲਚ ਅਕਸਰ ਵੇਰ ਦੁਨੀਆਂ ਦੇ ਇਤਿਹਾਸ ਵਿਚ ਜੰਗੀ ਜ਼ੋਰਾਵਰਾਂ ਨੇ ਵਰਤਿਆ ਹੈ, ਜਿਸ ਨਾਲ ਨੀਵੇਂ ਭਾਵਾਂ ਤੋਂ ਇਕ ਜੋਸ਼ ਵਿਚ ਵਾਧਾ ਹੋ ਜਾਂਦਾ ਹੈ। ਪਠਾਣਾਂ ਨੂੰ ਗੁਰੂ ਘਰ ਦਾ ਹੁਣ ਤੱਕ ਸਾਰਾ ਪਤਾ ਲਗ ਚੁੱਕਾ ਹੋਇਆ ਸੀ ਤੇ ਉਹ ਖੁਸ਼ ਸਨ ਕਿ ਸਾਰਾ ਖਜ਼ਾਨਾ ਅਸਾਂ ਜਾਂਦੇ ਸਾਰ ਨੱਪ ਲੈਣਾ ਹੈ ਤੇ ਉਮਰਾਂ ਲਈ ਅਮੀਰ ਹੋ ਕੇ ਘਰ ਜਾ ਬੈਠਣਾ ਹੈ।

ਇਧਰ ਤਾਂ ਇਹ ਵਿਦਾ ਹੋਏ, ਉਧਰ ਗੁਰੂ ਜੀ ਦੇ ਪਾਸ ਉਦਾਸੀਆਂ ਦਾ ਮਹੰਤ ਕ੍ਰਿਪਾਲ ਨਾਮੇ ਜੋ ਚੰਗਾ ਤਪੀ ਪੁਰਖ ਸੀ, ਰਹਿੰਦਾ ਸੀ, ਇਸ ਦੇ ਨਾਲ ਪੰਜ ਕੁ ਸੌ ਉਦਾਸੀ ਸਾਧੂ ਸਨ। ਉਸ ਸਮੇਂ ਕਿਤੇ ਕਿਤੇ ਸਾਧੂ ਬੀ ਕਸਰਤਾਂ ਕਰਦੇ ਤੇ ਲੜਨ ਯੋਗ ਕਰਤੱਬ ਜਾਣਦੇ ਸਨ। ਸਾਧੂ ਡੇਰਿਆਂ ਦਾ ਨਾਮ 'ਅਖਾੜਾ' ਬੀ ਇਨ੍ਹਾਂ ਕਸਰਤਾਂ ਕਰਨ ਵਾਲੇ ਅਖਾੜਿਆਂ ਤੋਂ ਹੀ ਪਿਆ ਸਹੀ ਹੁੰਦਾ ਹੈ। ਇਹ ਪੰਜ ਸੋ ਜੁਆਨ ਤਕੜਾ ਘੁਲੱਕੜ ਸੀ ਪਰ ਜਦ ਇਨ੍ਹਾਂ ਡਿੱਠਾ ਕਿ ਪੰਜ ਸੌ ਪਠਾਣ ਟੁਰ ਕੇ ਦੂਜੇ ਪਾਸੇ ਜਾ ਰਲਿਆ ਹੈ ਤੇ ਇਧਰ ਬਾਕੀ ਉਨ੍ਹਾਂ ਜਾਤੀਆਂ ਦੇ ਲੋਕ ਹਨ ਕਿ ਜਿਨ੍ਹਾਂ ਨੂੰ ਗੁਰੂ ਜੀ ਨੇ ਯੁੱਧ ਵਿਦਿਆ ਸਿਖਾਈ ਹੈ ਸੋ ਨਵੇਂ ਹਨ ਤੇ ਨਿਸ਼ਚੇਹਾਰ ਹੋਨੀ ਹੈ ਕਿਉਂਕਿ ਉਧਰ ਅੱਗੇ ਹੀ ਤਾਕਤ ਬਹੁਤ ਹੈ ਤੇ ਹੁਣ ਐਤਨੇ ਜੋਥੇ ਹੋਰ ਜਾ ਰਲੇ ਹਨ ਤਾਂ ਰਾਤੋ ਰਾਤ ਚੁੱਪ ਕੀਤੇ ਇਹ ਬੀ ਖਿਸਕੰਤ ਹੋ ਗਏ। ਸਵੇਰੇ ਜਦ ਆਪ ਜੀ ਪਾਸ ਖਬਰ ਪਹੁੰਚੀ ਕਿ ਉਦਾਸੀ ਬੀ ਰਾਤੀਂ ਟੁਰ ਗਏ ਹਨ ਤਾਂ ਆਪ ਜੀ ਨੇ ਪੁੱਛਿਆ ਸਾਰੇ ਚਲੇ ਗਏ ਕਿ ਕੋਈ ਰਹਿ ਗਿਆ ਹੈ? ਤਦ ਕਿਸੇ ਦੱਸਿਆ ਕਿ ਮੰਡਲੀ ਤਾਂ ਟੁਰ ਗਈ ਹੈ ਪਰ ਮਹੰਤ ਜੀ ਬੈਠੇ ਹਨ। ਤਦ ਸਤਿਗੁਰ ਮੁਸਕਰਾਏ ਤੇ ਬੋਲੇ, ਵਾਹਵਾ, ਜਾਨ ਬਚ ਰਹੀ ਤਾਂ ਸਭ ਕੁਛ ਬਚ ਰਿਹਾ। ਜੇ ਮਹੰਤ ਬੀ ਟੁਰ ਜਾਂਦਾ ਤਾਂ ਗੁਰੂ ਘਰ ਨਾਲ ਸਬੰਧ ਟੁੱਟ ਜਾਂਦਾ, ਹੁਣ ਬਨਿਆ ਰਿਹਾ। ਐਸੇ ਚੇਲਿਆਂ ਦਾ ਕੀਹ ਹੈ ਜੋ ਆਪਣੇ ਮਹੰਤ ਨੂੰ ਛੋੜ ਕੇ ਟੁਰ ਗਏ, ਚੇਲੇ ਹੋਰ ਹੋ ਜਾਣਗੇ। ਜਾਓ ਕ੍ਰਿਪਾਲ ਨੂੰ ਬੁਲਾ ਲਿਆਓ। ਜਦ ਮਹੰਤ ਜੀ ਆਏ ਤੇ ਮੱਥਾ ਟੇਕ ਕੇ ਬੈਠ ਗਏ ਤਾਂ ਗੁਰੂ ਜੀ ਨੇ ਮੁਸਕਰਾ ਕੇ ਪੁੱਛਿਆ-ਮਹੰਤ ਜੀ! ਚੇਲੇ ਕਿੱਥੇ? ਤਾਂ ਆਪ ਬੋਲੇ -

***ਗੁਰ ਚੇਲੇ ਸਭਿ ਸ਼ਰਨਿ ਤੁਮਾਰੀ॥***
***ਭਲੇ ਬੁਰੇ ਸੰਭਾਰਨ ਵਾਰੇ।***
***ਤੁਮ ਹੋ ਗੁਰ ਪੂਰਨ ਬਲ ਭਾਰੇ।***
***ਬਡੇ ਭਾਗ ਕੈ ਪ੍ਰਾਪਤ ਹੋਵਾ।***
***ਸੰਕਟ ਜਨਮ ਮਰਮ ਕੋ ਖੋਵਾ।***
***ਬ੍ਰਹਮਾਦਿਕ ਸਨਕਾਦਿਕ ਸਾਰੇ।***
***ਸ਼ੇਖ ਸ਼ਾਰਦਾ ਪਾਇਂ ਨ ਪਾਰੇ।***
***ਧਯਾਨ ਬਿਖੈ ਜੋਗੀਸ਼੍ਵਰ ਧਯਾਵੈਂ।***
***ਰਿਖਿਨਾਰਦ ਤੇ ਆਦਿਕ ਗਾਵੈਂ।***
***ਇੰਦ੍ਰਾਦਿਕ ਸੁਰ ਕਿੰਨਰ ਜੱਛ।***
***ਬਿਧਯਾਧਰ ਗੰਧਰਬ ਪ੍ਰਤੱਛ।***
***ਚਰਨ ਕਵਲ ਤੁਵ ਕਰਹਿਂ ਅਰਾਧਨ।***
***ਤਪ ਆਦਿਕ ਸਾਧੈਂ ਗਨ ਸਾਧਨ।॥***
***ਹਮ ਲੋਕਨ ਕੇ ਭਾਗ ਬਡੇਰੇ।***
***ਲੋਚਨ ਗੋਚਰ ਤੁਮ ਕੌ ਹੇਰੇ।***
***ਮਨ ਬਾਨੀ ਕੋ ਬਿਸ਼ੈ ਨ ਹੋਈ।***
***ਭਾਖਤ ਸ਼ਤ੍ਰ ਸਿੰਮ੍ਰਤ ਸਭਿ ਕੋਈ।੮।***
***ਅਸ ਪ੍ਰਭੁ ਪਾਇ ਕੌਨ ਤਜ ਸਕੈ।***
***ਜਿਸ ਕੇ ਪਦ ਸਰੋਜ ਸੁਰ ਤਕੈਂ।***

***ਭੂਲ ਚੂਕ ਦਾਸਨ ਤੇ ਹੋਇ।***
***ਬਖਸ਼ਨਹਾਰ ਪ੍ਰਭੂ ਤੁਮ ਸੋਇ।॥***
***ਜਿਸ ਕੇ ਉਰ ਨਿਸਚਾ ਅਸ ਦੇਤ।***
***ਤਿਹ ਨਿਜ ਸੰਗਿ ਮਿਲਾਇ ਸੁ ਲੇਤ।***
***ਕਹਾਂ ਬੁਧਿ ਹਮ ਕਹੈਂ ਬਡਾਈ।***
***ਤੁਮਰੀ ਪ੍ਰਭਾ ਤੁਮਹਿ ਬਨਿ ਆਈ।***

ਵੀਚਾਰ ਦੀ ਗੱਲ ਹੈ ਕਿ ਜਿਸ ਦਲ ਵਿਚੋਂ ਪ੍ਰਸਿੱਧ ਜੋਧੇ ਪੰਜ ਸੌ ਪਿੱਠ ਦੇ ਜਾਣ ਤੇ ਟੁਰ ਹੀ ਨਾ ਜਾਣ, ਵੈਰੀ ਦਲ ਨਾਲ ਜਾ ਰਲਣ, ਉਸਦਾ ਅਸਰ ਬਾਕੀ ਦੀ ਸੈਨਾ ਤੇ ਕਿਤਨਾ ਦਿਲ-ਢਾਊ ਤੇ ਨਿਰਾਸਤਾ ਦਾ ਹੁੰਦਾ ਹੈ, ਫਿਰ ਜਿਸ ਵਿਚੋਂ ਪੰਜ ਸੌ ਹੋਰ ਟੁਰ ਜਾਵੇ ਤਾਂ ਹੋਰ ਹੌਂਸਲਿਆਂ ਤੇ ਉਤਸ਼ਾਹਾਂ ਨੂੰ ਸੱਟ ਵਜਦੀ ਹੈ। ਇਕ ਹਜ਼ਾਰ ਦਾ ਘਾਟਾ ਐਨ ਜੰਗ ਸਮੇਂ ਥੋੜ੍ਹੀ ਜਿਹੀ ਗੱਲ ਨਹੀਂ ਹੁੰਦੀ, ਪਰ ਗੁਰੂ ਜੀ ਦਾ ਆਪਣਾ ਅਝੁਕ ਮਨ ਉਤਸ਼ਾਹਾਂ ਵਿਚ ਹੈ ਤੇ ਆਪਣੇ ਸੈਨਾਨੀਆਂ ਵਿਚ ਉਹ ਉਤਸ਼ਾਹ ਭਰ ਰਖਿਆ ਹੈ ਕਿ ਕੋਈ ਬੇਦਿਲੇ ਨਹੀਂ ਹੋਏ, ਸਭ ਤਿਆਰ ਬਰਤਿਆਰ ਹੋ ਕੇ ਭੰਗਾਣੀ ਜਾ ਰਹੇ ਹਨ, ਮੋਰਚੇ ਬੰਨ੍ਹ ਰਹੇ ਤੇ ਟਿਕਾਣੇ ਸੰਭਾਲ ਰਹੇ ਹਨ। ਸੱਚ ਦੀ ਨੀਂਹ ਪਰ ਟੇਕ ਰੱਖਣ ਵਾਲੀ ਨੀਤੀ ਦੇ ਨੀਤਗ਼ਜ ਤੇ ਨੇਤਾ ਗੁਰੂ ਜੀ ਨੇ ਇਕ ਖਤ ਬੁੱਧੂਸ਼ਾਹ ਵਲ ਲਿਖਿਆ ਕਿ ਔਰੰਗਜ਼ੇਬ ਵੱਲੋਂ ਜੋ ਆਪ ਨੂੰ ਮੌਕੂਫ਼ ਹੋਏ ਦੱਸ ਕੇ ਪਠਾਣ ਨੌਕਰ ਹੋਏ ਸਨ, ਉਹ ਹੁਣ ਪਹਾੜੀ ਰਾਜਿਆਂ ਵਿਚ ਜਾ ਸ਼ਾਮਲ ਹੋਏ ਹਨ। ਇਸ ਤਰ੍ਹਾਂ ਦਾ ਖ਼ਤ ਘੱਲ ਕੇ ਆਪ ਹੁਣ ਭੰਗਾਣੀ ਜਾਣ ਦੀ ਤਿਆਰੀ ਵੀਚਾਰਨ ਲਗ ਪਏ। ਕੁਛ ਸੈਨਾ ਤੇ ਜਥੇਦਾਰ ਕਿਲ੍ਹੇ ਵਿਚ ਛੱਡੇ ਤੇ ਆਗਜ਼ਾ ਕੀਤੀ ਕਿ ਭਲੀ ਪ੍ਰਕਾਰ ਏਥੋਂ ਦੀ ਰੱਖਿਆ ਕਰਨੀ ਹੈ। ਉਧਰ ਭੰਗਾਣੀ ਤੋਂ ਪਹਿਲੇ ਘੱਲੀ ਸੈਨਾ ਨੇ ਜੋ ਮੁੱਢਲੇ ਪ੍ਰਬੰਧ ਕਰਨੇ ਸੇ ਉਨ੍ਹਾਂ ਦੇ ਸਿਰੇ ਚੜ੍ਹ ਜਾਣੇ ਦੀ ਖਬਰ ਆ ਗਈ। ਸ੍ਰੀ ਗੁਰੂ ਜੀ ਦੀ ਭੂਆ ਜੀ ਦੇ ਪੁੱਤਰ ਪੰਜ ਭਰਾ ਬੜੇ ਸੂਰਮੇ ਗੁਰੂ ਜੀ ਦੇ ਦਲ ਵਿਚ ਜਥੇਦਾਰ ਹੋ ਕੇ ਰਹਿੰਦੇ ਸਨ। ਪੰਜੇ ਬੜੇ ਸੂਰਮੇ ਤੇ ਜੁੱਧ ਵਿਦਿਆ ਵਿਚ ਨਿਪੁੰਨ ਕੀਤੇ ਹੋਏ ਸਨ। ਪੰਜਾਂ ਦਾ ਸ੍ਰੀ ਗੁਰੂ ਜੀ ਨਾਲ ਅਤਿ ਪਿਆਰ ਸੀ। ਸਾਰਿਆਂ ਤੋਂ ਵੱਡਾ ਸੰਗੋਸ਼ਾਹ ਸੀ, ਜੋ ਆਯੁੱਧ ਵਿਦਿਆ ਦਾ ਨਿਪੁੰਨ ਉਸਤਾਦ ਸੀ। ਦੂਜਾ ਜੀਤ ਮਲ, ਤੀਜਾ ਗੁਲਾਬ ਚੰਦ, ਚੌਥਾ ਗੰਗਾ ਰਾਮ ਅਤੇ ਪੰਜਵਾਂ ਮਾਹਰੀ ਚੰਦ ਸੀ। ਏਹ ਬੜੇ ਉਤਸ਼ਾਹ ਵਿਚ ਸਨ ਤੇ ਇਨ੍ਹਾਂ ਦੀ ਸੈਨਾ ਬੜੇ ਚਾਉ ਵਿਚ ਸੀ। ਹੁਣ ਇਹ ਸਾਰੇ ਤਿਆਰ ਸਨ ਕਿ ਖਬਰ ਆਈ ਜੋ ਫਤਹ ਸ਼ਾਹ ਦੀ ਫੌਜ ਹੁਣ ਨੇੜੇ ਤੇੜ ਆ ਰਹੀ ਹੈ। ਗੁਰੂ ਜੀ ਦੀ ਆਗਿਆ ਪਾ ਕੇ ਪੰਜੇ ਭਰਾ ਆਪੋ ਆਪਣੀ ਸੈਨਾ ਨੂੰ ਲੈ ਕੇ ਭੰਗਾਣੀ ਵਲ ਟੁਰ ਪਏ। ਇਸ ਤਰ੍ਹਾਂ ਸਾਰਾ ਸਾਮਾਨ ਕਰਕੇ, ਸ੍ਰੀ ਗੁਰੂ ਜੀ ਆਪ ਬੀ ਘੋੜੇ ਤੇ ਚੜ੍ਹ ਕੇ ਟੁਰ ਪਏ ਤੇ ਮਗਰੇ ਆਪ ਦੀ ਆਪਣੀ ਸੈਨਾ ਭੀ ਟੁਰ ਪਈ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ -

***ਉਠੀ ਬੰਬ ਊਚੀ ਗਣੰ ਸੈਲ ਗਾਜੇ।***
***ਮਹਾਂ ਬੀਰ ਬੰਕੇ ਸਭੈ ਸ਼ਸਤ੍ਰ ਸਾਜੇ।***
***ਰਿਦੈ ਓਤਸਾਹੰ ਤੁਰੰਗੀ ਅਰੋਹੇ।***
***ਗੁਰੂ ਸੰਗ ਚਾਲੇ ਮਹਾਂ ਜੰਗ ਸੌਂਹੇਂ।***
***ਉਠੀ ਧੁਰ ਪੂਰੰ ਨਭੰ ਛਾਇ ਲੀਨਾ।***
***ਪ੍ਰਕਾਸ਼ੰ ਨ ਦੀਸੈ ਰਵੰ ਢਾਂਪ ਲੀਨਾ।***
***ਬੰਧੇ ਚੁੰਗ ਚੌਂਪੇ ਚਲਾਕੀ ਦਿਖਾਵੈਂ।***
***ਚਲੇ ਗੋਲ ਆਗੇ ਕਿਕਾਨੰ ਕੁਦਾਵੈਂ।***
***ਬਕੈਂ ਬੀਰ ਊਚੇ ਸੁ ਮਾਰਾ ਬਕਾਰਾ।***
***ਪ੍ਰਭੂ ਕੋ ਸੁਨਾਵਹਿਂ ਪਹਾਰੀ ਸੰਘਾਰਾ।੪।***
***ਬਡੇ ਬੇਗ ਸੋਂ ਬਾਯੁ ਜੈਸੇ ਬਹੰਤੀ।***
***ਤਥਾ ਸੈਨ ਸਾਰੀ ਸੁ ਸ਼ੀਘ੍ਰੰ ਚਲੰਤੀ।***
***ਜਥਾ ਮੇਘ ਵੂਠੇ ਹੜੰ ਨੀਰ ਚਾਲੇ।***
***ਪਰਾਬੰਧ ਤੈਸੇ ਚਮੂੰਬੇਗ ਨਾਲੇ।***

***(ਗੁਰ. ਪ੍ਰ. ਸੂਰਜ ਗ੍ਰੰਥ)***

ਭੰਗਾਣੀ ਪਹੁੰਚ ਕੇ ਸ੍ਰੀ ਗੁਰੂ ਜੀ ਨੇ ਸਾਰੀ ਤਿਆਰੀ ਦੇਖੀ ਤੇ ਆਪਣੀ ਸੈਨਾ ਦੀ ਵੰਡ ਕੀਤੀ ਤੇ ਜਥੇ ਮੋਰਚਿਆਂ ਤੇ ਵੰਡ ਵੰਡ ਕੇ ਟਿਕਾਏ। ਸੈਨਾਪਤ ਜੀ ਲਿਖਦੇ ਹਨ -

***ਭਏ ਅਸਵਾਰ ਸੰਗ੍ਰਾਮ ਕੌ ਆਪ ਹੀ***
***ਸਿੰਘ ਗੋਵਿੰਦ ਤਹਿ ਠਉਰ ਆਏ।***
***ਡੰਕ ਕੀ ਘੋਰ ਜੈਸੇ ਭਈ ਤਹਿਂ***
***ਬਜਤ ਨੀਸਾਨ ਮੋਹਰੇ ਸੁਹਾਏ।***
***ਆਨ ਕੇ ਕੇਤ ਪੈ ਦੇਖ ਚਤੁਰੰਗ***
***ਸਭ ਮੋਰਚੇ ਬਾਂਟ ਕੇ ਮਿਸਲ ਲਾਏ।***
***ਬਜੀ ਹੈ ਭੇਰਿ ਕਰਨਾਇ ਸਰਨਾਇ***
***ਸਭ ਸੁਨੇ ਤੇ ਸੂਰ ਹੁਇ ਲਾਲ ਆਏ।***

੪

ਦੁਸ਼ਮਨ ਦਲਾਂ ਵਿਚ ਜੰਗ ਦਾ ਮੂਲ ਹਮਲਾਵਰ ਇਸ ਵੇਲੇ ਫਤੇਸ਼ਾਹ ਸੀ, ਜੋ ਪਦਾਰਥ ਵਾਲਾ ਤੇ ਨੀਤੱਗ਼ਜ ਪੁਰਖ ਚੰਗਾ ਬਲੀ ਰਾਜਾ ਸੀ। ਭੀਮ ਚੰਦ, ਜੋ ਜੁੱਧ ਦਾ ਪ੍ਰੇਰਕ ਸੀ, ਸ਼ਸਤ੍ਰ ਵਿਦਿਆ ਦਾ ਆਪਣੇ ਸਮੇਂ ਦਾ ਕਾਰੀਗਰ ਤੇ ਬਲੀ ਜੋਧਾ ਸੀ। ਰਾਜਾ ਹਰੀਚੰਦ ਉਸ ਸਮੇਂ ਤੀਰਅੰਦਾਜ਼ੀ ਦਾ ਮਹਾਂ ਪ੍ਰਬੀਨ ਸਮਝਿਆ ਜਾਂਦਾ ਸੀ। ਐਸੇ-ਐਸੇ ਸੂਰਮੇ ਉਸ ਵੇਲੇ ਸ਼ਤ੍ਰ ਦਲ ਵਿਚ ਸੇ ਜਿਨ੍ਹਾਂ ਨਾਲ ਜੰਗ ਕਰਨਾ ਕੋਈ ਖੇਡ ਨਹੀਂ ਸੀ। ਗੁਰੂ ਸਾਹਿਬ ਇਸ ਵੇਲੇ ਚੜ੍ਹਦੀ ਜਵਾਨੀ, ਵੀਹ ਦੇ ਲਗਭੱਗ ਦੀ ਵਰੇਸ ਵਿਚ ਸਨ, ਪਰ ਜੰਗ ਦਾ ਉਤਸਾਹ ਅਮਿੱਤ ਸੀ। ਧਨੁਖ ਵਿਦਿਆ ਵਿਚ ਕਮਾਲ ਦੀ ਪ੍ਰਬੀਨਤਾ ਸੀ ਤੇ ਆਪਣੀ ਸੈਨਾ ਵਿਚ ਜੋ ਸਰੀਰ ਦੇ ਨਾਲ 'ਦਿਲ ਦਾ ਬਲ ਭਰਿਆ ਸੀ ਉਹਉਨ੍ਹਾਂ ਦੀ ਇਕ ਅਨੋਖੀ ਕਾਮਯਾਬੀ ਸੀ।

ਵੈਰੀ ਦਲ ਹੁਣ ਜਮਨਾ ਪਾਰ ਪੁੱਜ ਚੁੱਕਾ ਸੀ ਤੇ ਉਰਾਰ ਆ ਕੇ ਪਰ੍ਹੇ ਬੰਨ੍ਹ ਖੜੋਤਾ ਸੀ। ਦਇਆ ਰਾਮ ਨੂੰ ਨਾਲ ਲੈ ਕੇ ਸ੍ਰੀ ਗੁਰੂ ਜੀ ਨੇ ਵੈਰੀ ਦਲ ਦੀ ਵੰਡ ਨੂੰ ਘੋਖਿਆ। ਖੱਬੇ ਪਾਸੇ ਪਠਾਣੀ ਦਲ ਸੀ, ਸੱਜੇ ਪਾਸੇ ਰਾਜਿਆਂ ਦੀ ਫੌਜ ਖੜ੍ਹੀ ਹੈ। ਫਤੇਸ਼ਾਹ ਪਿੱਛੇ ਹੈ ਜੋ ਸਾਰੇ ਪ੍ਰਬੰਧ ਵਿਚ ਹੈ। ਹਰੀਚੰਦ ਹੰਡੂਰੀਆ ਸਭ ਤੋਂ ਵਧਵੇਂ ਪ੍ਰਵੇ ਵਿਚ ਖੜਾ ਸੀ। ਇਸ ਤਰ੍ਹਾਂ ਦੀ ਘੋਖ ਪੜਤਾਲ ਮੁੱਕੀ ਹੀ ਸੀ ਦੱਖਣ ਦਿਸ਼ਾ ਵਲੋਂ ਗਰਦ ਗੁਬਾਰ ਤੇ ਰੌਲੇ ਦੀ ਆਵਾਜ਼ ਆਈ। ਨੰਦ ਚੰਦ ਨੇ ਇਹ ਵੇਖ ਕੇ ਆ ਕੇ ਖਬਰ ਦਿਤੀ ਕਿ ਇਕ ਸੇਨਾ ਹੋਰ ਆ ਰਹੀ ਦਿਸਦੀ ਹੈ। ਪਹਿਲੇ ਤਾਂ ਮੈਂ ਸੋਚੀਂ ਪੈ ਗਿਆ ਸਾਂ ਪਰ ਇਨ੍ਹਾਂ ਨੇ ਜਦ ਇਹ ਅਜੇ ਦੂਰ ਹੀ ਸਨ ਕਿ ਵੈਰੀ ਪਰ ਇਕ ਵਾਰ

ਬੰਦੂਕਾਂ ਦਾ ਝਾੜ ਦਿੱਤਾ ਹੈਸੀ। ਇੰਨੇ ਨੂੰ ਇਕ ਦੂਤ ਸਿੱਖ ਸੂਰਮਿਆਂ ਦੇ ਪਰ੍ਹੇ ਵਿਚ ਆਇਆ ਤੇ ਝੁੱਕ ਕੇ ਸਲਾਮ ਕਰਕੇ ਬੋਲਿਆ ਕਿ ਬੁੱਧੂਸ਼ਾਹ ਚਾਰ ਪੁੱਤਰ ਤੇ ਸਤ ਸੌ ਜੁਆਨ ਲੈ ਕੇ ਆਇਆ ਹੈ ਤੇ ਆਪ ਦੀ ਆਗਿਆ ਉਡੀਕ ਰਿਹਾ ਹੈ। ਇਹ ਖਬਰ ਸੁਣ ਕੇ ਆਪ ਬੜੇ ਪ੍ਰਸੰਨ ਹੋਏ ਤੇ ਸੰਗੋਸ਼ਾਹ ਵਲ ਹੁਕਮ ਗਿਆ ਕਿ ਆਪਣੀ ਵੰਡ ਵਿਚ ਨਵੀਂ ਸੈਨਾ ਦਾ ਪ੍ਰਬੰਧ ਵਿਚਾਰ ਕੇ ਬੁੱਧੂਸ਼ਾਹ ਜੀ ਨੂੰ ਦੱਸ ਦੇਵੇ। ਬੁੱਧੂਸ਼ਾਹ ਦੀ ਕੁਮਕ ਦੀ ਕਬਰ ਸਾਰੇ ਸਿੱਖ ਦਲ ਵਿਚ ਝਟ ਪਟ ਫੈਲ ਗਈ, ਇਸ ਨਾਲ ਸਭ ਦੇ ਦਿਲ ਦੂਣੇ ਉਮਗ ਪਏ। ਸੰਗੋਸ਼ਾਹ ਨੇ ਗੁਰੂ ਜੀ ਦੀ ਸਲਾਹ ਨਾਲ ਆਪਣੇ ਦਾਉ ਘਾਉ ਦੇ ਪ੍ਰਬੰਧ ਬੱਧੇ ਹੋਏ ਸਨ। ਰਣਥੰਭਾ ਗੱਡ ਦਿਤਾ ਸੀ। ਵਿਚਾਰਾਂ ਹੋ ਰਹੀਆਂ ਸਨ ਕਿ ਹਮਲਾ ਅਸੀਂ ਇਕ ਦਮ ਕਰੀਏ ਕਿ ਪਹਿਲਾ ਵਾਰ ਸ਼ਤਰੂ ਦਾ ਤੱਕੀਏ ਕਿ ਇੰਨੇ ਨੂੰ ਅਚਾਨਕ ਉਧਰੋਂ ਵਾਰ ਹੋ ਗਿਆ। ਸੰਗੋਸ਼ਾਹ ਵਲੋਂ ਹੁਣ ਬੰਦੂਕਾਂ ਦੀ ਭਰਮਾਰ ਹੋਈ, ਪਰ ਉਹ ਬੜੇ ਵੇਗ ਵਿਚ ਉਮਡੇ ਆ ਰਹੇ ਸਨ, ਅਰ ਹਵਾ ਉਨ੍ਹਾਂ ਵਲ ਵੇਗ ਨਾਲ ਜਾ ਰਹੀ ਸੀ, ਇਧਰ ਦੇ ਬੰਦੂਕਾਂ ਤੇ ਜਮੂਰਿਆਂ ਦੇ ਧੂੰਏਂ ਉਨ੍ਹਾਂ ਨੂੰ ਹਨ੍ਹੇਰਾ ਪਾ ਰਹੇ ਸਨ, ਉਨ੍ਹਾਂ ਦੇ ਤੀਰ ਗੋਲੀ ਨਿਸ਼ਾਨੇ ਘੱਟ ਬੈਠਦੇ ਸਨ। ਇਧਰ ਦੇ ਬਹੁਤ ਨਿਸ਼ਾਨੇ ਪੈਂਦੇ ਸਨ ਪਰ ਉਹ ਵਧਦੇ-ਵਧਦੇ ਇਕ ਐਸੇ ਟਿਕਾਣੇ ਆਏ ਜਿੱਥੇ ਇਕ ਨੀਵੇਂ ਥਾਂ ਸੰਗੋਸ਼ਾਹ ਦੇ ਬੰਦੂਕਚੀ ਲੁਕੇ ਬੈਠੇ ਸਨ, ਇਨ੍ਹਾਂ ਦੀਆਂ ਭਰੀਆਂ ਤੋੜੇਦਾਰ ਬੰਦੂਕਾਂ ਦੀ ਇਕ ਵਾਰ ਬਾਰ ਝੜੀ। ਚਾਰ ਸੌ ਦੇ ਲੱਗਭੱਗ ਪਹਾੜੀਏ ਓਸੇ ਥਾਂ ਲਿਟ ਗਏ। ਇਸ ਤੋਂ ਵਧੇ ਆ ਰਹੇ ਠਿਟਕੇ ਕਿ ਇਧਰੋਂ ਫੇਰ ਗੋਲੀਆਂ ਲਗ ਪਈਆਂ ਚੱਲਣ। ਇਸ ਤਰ੍ਹਾਂ ਦੋ ਤਿੰਨ ਸੌ ਪਹਾੜੀਆਂ ਹੋਰ ਲਿਟ ਗਿਆ, ਤਾਂ ਹਰੀ ਚੰਦ ਨੇ ਫੌਜ ਨੂੰ ਪਿੱਛੇ ਹਟਾ ਲਿਆ ਤੇ ਕਿੱਥੋਂ ਆ ਗਈ ਹੈ, ਪਠਾਣ ਤਾਂ ਉਨ੍ਹਾਂ ਨੂੰ ਛੱਡ ਕੇ ਇਧਰ ਆ ਗਏ ਹਨ? ਹਰੀ ਚੰਦ ਨੇ ਕਿਹਾ - ਇਨ੍ਹਾਂ ਪਠਾਣਾਂ ਨੂੰ ਸਾਰਾ ਭੇਤ ਮਲੂਮ ਹੈ, ਇਨ੍ਹਾਂ ਨੂੰ ਅੱਗੇ ਕਰੀਏ। ਸਾਡੇ ਵਿਚ ਜੁੱਧ ਵਿਦਿਆ ਹੈ, ਆਸ ਨਹੀਂ ਕਿ ਸਾਡੀ ਮਾਰ ਗੁਰੂ ਕੀਆਂ ਛੇੜਾਂ ਤੇ ਨੀਚ ਜਾਤ ਭੀੜਾਂ ਸਹਿ ਸਕਣਗੀਆਂ। ਸੋ ਭੀਖਣ ਖਾਂ ਨੂੰ ਬੁਲਾ ਕੇ ਫਤਹਿਸ਼ਾਹ ਨੇ ਕਿਹਾ ਕਿ ਤੁਸਾਂ ਨੂੰ ਸਿੱਖ ਦਲ ਦਾ ਸਾਰਾ ਭੇਤ ਪਤਾ ਹੈ, ਅੱਗੇ ਵਧੋ ਤੇ ਹੱਥੋ ਹਥੀ ਲੈ ਲਓ, ਗੁਰੂ ਕੇ ਖਜ਼ਾਨੇ ਦੀ ਸਾਰੀ ਲੁੱਟ ਤੁਹਾਡੀ ਹੋਈ, ਅਸੀਂ ਹਿੱਸਾ ਨਹੀਂ ਮੰਗਾਂਗੇ। ਇਸ ਤਰ੍ਹਾਂ ਦੇ ਲੋਭ ਨਾਲ ਉਹ ਪਠਾਣਾਂ ਨੂੰ ਅੱਗੇ ਵਧਾ ਲਿਆਇਆ ਤੇ ਸੰਗੋਸ਼ਾਹ ਦੇ ਦਲ ਤੇ ਆ ਪਿਆ। ਪਠਾਣਾਂ ਦਾ ਦਲ ਹੁਣ ਸੰਗੋਸ਼ਾਹ ਦੇ ਦਲ ਉਤੇ ਬੜੇ ਜੋਸ਼ ਤੇ ਵੇਗ ਨਾਲ ਆ ਪਿਆ। ਅੱਗੇ ਬੀ ਸੰਗੋਸ਼ਾਹ ਸੂਰਮਾ ਸੀ, ਆਉਂਦਿਆਂ ਦੀ ਖਾਤਰ ਗੋਲੀਆਂ ਦੀ ਬੁਛਾੜ ਨਾਲ ਬੁਥਾੜਾਂ ਨੂੰ ਭੰਨਣ ਵਾਲੀ ਕੀਤੀਓਸੁ। ਜਿਸ ਤੇਜ਼ੀ ਨਾਲ ਆ ਕੇ ਪਠਾਣ ਸਮਝੇ ਸਨ ਕਿ ਪੈਰ ਹਿੱਲ ਜਾਣਗੇ ਉਹ ਨਾ ਹਿੱਲੇ। ਹੁਣ ਦੁਵੱਲੀ ਘੋਰ ਘਮਸਾਣ ਮਚ ਗਿਆ। ਇਹ ਦੇਖ ਕੇਗੁਰੂ ਜੀ ਨੇ ਨੰਦ ਚੰਦ ਤੇ ਦਇਆ ਰਾਮ ਨੂੰ ਕੁਛ ਫੌਜ ਦੇ ਕੇ ਸੰਗੋਸ਼ਾਹ ਦੀ ਕੁਮਕ ਲਈ ਘੱਲ ਦਿਤਾ। ਇਨ੍ਹਾਂ ਨੇ ਐਸੇ ਤੀਰ ਚਲਾਏ ਕਿ ਜਿਸਨੂੰ ਲੱਗਾ ਉਹ ਨਹੀਂ ਬਚਿਆ। ਇਸ ਟਿਕਾਣੇ ਸੰਗਰਾਮ ਦਾ ਜ਼ੋਰ ਬਹੁਤ ਕਰੜਾ ਹੋ ਗਿਆ। ਗੁਰੂ ਜੀ ਦੇ ਪਾਸ ਲਾਲ ਚੰਦ ਮਾਹੀ ਖੜਾ ਸੀ, ਇਹ ਬੜਾ ਪਹਿਲਵਾਨ ਤੇ ਜ਼ੋਰ ਵਾਲਾ ਬੰਦਾ ਸੀ, ਸਤਿਗੁਰਾਂ ਤੋਂ ਆਗਿਆ ਲੈ ਕੇ ਇਹ ਬੀ ਸੰਗੋਸ਼ਾਹ ਵਾਲੇ ਤਾਂ ਜਾ ਪਹੁੰਚਾ। ਇਸਦੇ ਤੀਰਾਂ ਨੇ ਪਹਿਲਵਾਨੀ ਬਲ ਨਾਲ ਕਮਾਨਾ ਤੋਂ ਛੁਟ ਛੁਟ ਕੇ ਬੜੇ ਜੁਆਨ ਮਾਰੇ। ਇਸਦੀ ਤੀਰਾਂ ਦੀ ਮਾਰ ਨੇ ਦੋਹਾਂ ਪਾਸਿਆਂ ਤੋਂ 'ਵਾਹ ਵਾਹ' ਲੀਤੀ, ਸੈਨਾਪਤ ਜੀ, ਜੋ ਗੁਰੂ ਜੀ ਦੇ 52 ਕਵੀਆਂ ਵਿਚੋਂ ਸਨ, ਲਿਖਦੇ ਹਨ -

***ਲਾਲ ਚੰਦ ਆਨ ਕੈ ਕਮਾਨ ਬਾਨ ਤਾਨ ਕੈ,***
***ਕੀਓ ਸੁ ਜੁਧ ਜਾਨ ਕੈ ਭਲੀ ਭਈ ਭਲੀ ਭਈ।***
***ਕੀਓ ਸੁ ਲੋਹ ਲੋਹਈ, ਨ ਜੀਵ ਰਖ ਸੋਹਈ,***
***ਸੁਚਾਲ ਸੂਰ ਸੋਹਈ, ਬਿਮੋਹਈ ਬਿਮੋਹਈ॥***

ਇਹ ਬੀ ਲਿਖਿਆ ਹੈ ਕਿ ਲਾਲ ਚੰਦ ਦਾ ਜੁੱਧ ਦੇਖ ਕੇ ਇਕ ਲਾਲ ਚੰਦ ਹਲਵਾਈ ਬੀ ਤੀਰ ਕਮਾਨ ਲੈ ਕੇ ਓਸੇ ਟਿਕਾਣੇ ਜਾ ਪੁੱਜਾ। ਇਸ ਨੇ ਬੀ ਬੜੇ ਜ਼ੋਰ ਨਾਲ ਤੀਰ ਚਲਾ ਕੇ ਅਨੇਕਾਂ ਵਿੰਨ੍ਹੇ। ਪਠਾਣਾਂ ਨੂੰ ਇਹ ਪਤਾ ਸੀ ਕਿ ਪਹਿਲਾ ਤਾਂ ਮਾਹੀ ਹੈ ਤੇ ਦੂਜਾ ਹਲਵਾਈ ਹੈ, ਇਹ ਕਿਵੇਂ ਸੂਰਮਗਤੀ ਵਿਚ ਨਿੱਤਰ ਪਏ ਹਨ। ਹੈਰਾਨ ਕਰ ਦੇਣ ਵਾਲੀ ਸੂਰਮਗਤੀ ਨਾਲ ਅਨੇਕ ਬਲੀ ਪਠਾਣਾਂ ਨੂੰ ਮਾਰਦੇ ਸਨਮੁਖ ਜੂਝਦੇ ਜਦ ਇਹ ਮਾਰੇ ਗਏ ਤਾਂ ਮਾਹਰੀ ਚੰਦ ਅੱਗੇ ਵਧਿਆ ਇਸ ਤੇਜ਼ੀ ਨਾਲ ਕਿ ਸ਼ਤਰੂ ਦਲ ਦੇ ਘੇਰੇ ਵਿਚ ਘਿਰ ਗਿਆ। ਇਸ ਨੇ ਆਪਣੇ ਬਲਕਾਰ ਤੇ ਰੋਹ ਵਿਚ ਕਿਤਨੇ ਹੀ ਪਠਾਣ ਮਾਰ ਸੱਟੇ, ਪਰ ਘੋੜਾ ਜ਼ਖਮੀ ਹੋ ਗਿਆ ਸੀ ਤੇ ਆਪ ਬੀ ਕਰੀਬ ਸੀ ਕਿ ਮਾਰਿਆ ਜਾਵੇ, ਪਰ ਸੰਗੋਸ਼ਾਹ ਨੇ ਡਿੱਠਾ ਕਿ ਭਰਾ ਘੇਰੇ ਵਿਚ ਫਸ ਗਿਆ ਹੈ, ਇਕ ਦਮ ਇਕ ਦਸਤਾ ਸਵਾਰਾਂ ਦਾ ਲੈ ਕੇ ਫੁਰਤੀ ਨਾਲ ਪੁੱਜਾ ਤੇ ਭਰਾ ਨੂੰ ਘੇਰੇ ਵਿਚ ਲੈ ਕੇ ਜਿਸ ਤੇਜ਼ੀ ਨਾਲ ਗਿਆ ਸੀ ਉਸੇ ਨਾਲ ਲੈ ਕੇ ਮੁੜ ਆਇਆ। ਇਸ ਤਰ੍ਹਾਂ ਉਸ ਦੇ ਸਲਾਮਤ ਨਿਕਲ ਜਾਣ ਤੇ ਪਠਾਣ ਹਰਿਆਨ ਹੋ ਰਹੇ ਸਨ। ਇਸ ਗੱਲ ਨੂੰ ਦੁਵੱਲੀ ਸਿੱਖਾਂ ਦੀ ਫਤਹਿ ਦਾ ਪਹਿਲਾ ਕਦਮ ਸਮਝਿਆ ਗਿਆ। ਇਸ ਵੇਲੇ ਦੇ ਜੁੱਧ ਦੇ ਸੂਰਮਿਆਂ ਦੇ ਨਾਮ ਤੇ ਜੰਗ ਵਿਚ ਜੁੱਧ ਦਾ ਸੰਖੇਪ ਵਰਣਨ ਸ੍ਰੀ ਗੁਰੂ ਜੀ ਨੇ ਆਪ ਐਉਂ ਕੀਤਾ (ਇਕ ਪੋਥੀ ਚਾਕੇ ਸੰਤਾਂ ਨੇ ਪੜ੍ਹਿਆ -

***ਭੁਯੰਗ ਪ੍ਰਯਾਤ ਛੰਦ***
***ਤਹਾ ਸ਼ਾਹ ਸ੍ਰੀ ਸਾਹ ਸੰਗ੍ਰਾਮ ਕੋਪੇ।***
***ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ।***
***ਹਠੀ ਜੀਚ ਮੱਲੰ ਸੁ ਗਾਜੀ ਗੁਲਾਬੰ।***
***ਰਣੰ ਦੇਖੀਐ ਰੰਗ ਰੂਪੰ ਸਹਾਬੰ।***
***ਹਠਿਯੋ ਮਾਹਰੀ ਚੰਦਯੰ ਗੰਗਰਾਮੰ॥***
***ਜਿਨੈ ਕਿਤੀਯੰ ਜਿਤੀਯੰ ਫੌਜ ਤਾਮੰ॥***
***ਕੁਪੇ ਲਾਲਚੰਦੰ ਕੀਏ ਲਾਲ ਰੂਪੰ॥***
***ਜਿਨੇ ਗੰਜੀਯੰ ਗਰਬ ਸਿੰਘੰ ਅਨੂਪੰ॥***
***ਕੁਪਿਯੋ ਦੇਵਤੇਸੰ ਦਯਾਰਾਮ ਜੁੱਧੰ॥***
***ਕੀਯੋ ਦ੍ਰੋਣ ਕੀ ਜਿਉਂ ਮਹਾਂ ਜੁੱਧ ਸੁੱਧੀ॥ ਬਚਿਤ੍ਰ ਨਾਟਕ***

੫.

ਜੰਗ ਦਾ ਮਿਆਨੇ ਦਾ ਮੈਦਾਨ ਜੋ ਜ਼ੋਰਦਾਰ ਅਤਿ ਦਾ ਸੀ ਉਹ ਤਾਂ ਉਪਰ ਕਹੇ ਅਨੁਸਾਰ ਡਾਢੇ ਘਮਸਾਨ ਵਿਚ ਸੀ,

ਹੇਠਾੜ ਦੇ ਪਾਸੇ ਨੂੰ ਬੁੱਧੂਸ਼ਾਹ ਰੋਕ ਰਿਹਾ ਸੀ। ਨਦੀ ਦੇ ਕਿਨਾਰੇ-ਕਿਨਾਰੇ ਇਸ ਮੈਦਾਨ ਦਾ ਲੰਮਾਣ ਬਹੁਤ ਦੂਰ ਤੱਕ ਸੀ, ਇਸ ਲਈ ਇਹ ਪਾਸਾ ਬੀ ਰੋਕਣਾ ਜ਼ਰੂਰੀ ਸੀ। ਪਹਾੜੀ ਕੁਛ ਰਾਜੇ ਸੈਨਾਂ ਤੇ ਛੇੜਾਂ ਦਾ ਭਾਰੀ ਜਮਘਟ ਇਧਰ ਸੀ। ਇਸਨੂੰ ਆਪਣੇ ਨਾਲ ਜੰਗ ਵਿਚ ਬੁੱਧੂਸ਼ਾਹ ਨੇ ਰੁੰਨ੍ਹ ਰੱਖਿਆ ਸੀ ਕਿ ਇਧਰੋਂ ਕੋਈ ਮਿਆਨੇ ਦੇ ਜੰਗ ਵਲ ਸਹਾਇਤਾ ਲਈ ਨਾ ਅੱਪੜ ਸਕੇ। ਅੰਤ ਇਨ੍ਹਾਂ ਨੇ ਇਕ ਗੋਲ ਬੰਨ੍ਹ ਕੇ ਮਿਲਵਾਂ ਹੱਲਾ ਬੋਲ ਦਿਤਾ, ਜਿਸਨੂੰ ਬੁੱਧੂਸ਼ਾਹ ਦੇ ਦਲ ਨੇ ਬੀਰਤਾ ਤੇ ਬੁੱਧੀਮਤਾ ਨਾਲ ਖੂਬ ਰੋਕਿਆ। ਪੀਰ ਦੇ ਚਾਰੇ ਪੁੱਤਰ ਜੰਗ ਵਿਚ ਆਪ ਆਪਣੀ ਆਂਦੀ ਸੈਨਾਂ ਨੂੰ ਸਿਆਣਪ ਨਾਲ ਲੜਾ ਰਹੇ ਸਨ। ਇਸ ਹੱਲੇ ਨੂੰ ਇਨ੍ਹਾਂ ਨੇ ਇਸ ਬਹਾਦਰੀ ਨਾਲ ਰੋਕਿਆ ਕਿ ਵਧੇ ਆਉਂਦਿਆਂ ਦੇ ਸੈਂਕੜੇ ਜੁਆਨ ਮਾਰ ਘੱਤੇ। ਗੁਰੂ ਸਾਹਿਬ ਜੋ ਸਾਰੇ ਨਾਕਿਆਂ ਦੀ ਖਬਰਦਾਰੀ ਕਰਦੇ ਲੋੜ ਪਈ ਤੇ ਥਾਂਓ ਥਾਂਈ ਫੇਰਾ ਮਾਰ ਕੇ ਸਾਰੇ ਹਾਲ ਦੇ ਨਿਗਹਬਾਨ ਖੁਦ ਹੋ ਰਹੇ ਸੀ, ਬੁੱਧੂਸ਼ਾਹ ਤੇ ਉਸ ਦੇ ਸਪੁੱਤਰਾਂ ਦੀ ਬੀਰਤਾ ਨੂੰ ਦੇਖ ਕੇ ਪ੍ਰਸੰਨ ਹੋ ਰਹੇ ਸੇ। ਜਦ ਅੱਗੇ ਵਧੇ ਪਹਾੜੀਏ ਕੱਟ ਗਏ ਤੇ ਰੋਕ ਭਾਰੀ ਪਈ ਤੇ ਸਾਰੇ ਪਿੱਛੇ ਹਟੇ। ਇਸ ਵੇਲੇ ਬੁੱਧੂਸ਼ਾਹ ਨੇ ਦੂਸਰੇ ਟੋਲੇ ਨਾਲ ਹੱਲਾ ਬੋਲ ਦਿਤਾ, ਇਸ ਦੀ ਝਾਲ ਨਾ ਝੱਲ ਕੇ ਗੁਲੇਰੀਆ 'ਗੁਪਾਨ' ਘਬਰਾਇਆ ਕਿ ਇਨ੍ਹਾਂ ਦੀ ਫੌਜ ਕਿਤੇ ਸਾਰੇ ਪਾਸੀਂ ਭਾਂਜ ਨਾ ਪਾ ਦੇਵੇ। ਉਹ ਆਪ ਅੱਗੇ ਵਧਿਆ, ਭਜਦੇ ਜਾਂਦਿਆਂ ਨੇ ਜੋ ਥਾਂ ਖਾਲੀ ਕੀਤਾ ਸੀ, ਉੱਥੇ ਪੁੱਜ ਕੇ ਇਸ ਨੇ ਵਧੇ ਆ ਰਹੇ ਬੁੱਧੂਸਾਹ ਦੇ ਦਲ ਨੂੰ ਰੋਕ ਪਾਈ। ਇਸਦੀ ਤੀਰ ਅੰਦਾਜ਼ੀ, ਇਸਦੇ ਸਿਪਾਹੀਆਂ ਦੀ ਬਹਾਦਰੀ ਨੇ ਬੁੱਧੂਸ਼ਾਹ ਦੇ ਵਧੇ ਦਲ ਦੇ ਤੀਰ ਬੰਦੂਕ ਰੋਕ ਦਿਤੇ ਤੇ ਹਥਾਵਥ ਲੜਾਈ ਤਲਵਾਰਾਂ ਦੀ ਹੋ ਪਈ। ਪੀਰ ਦੇ ਮੁਰੀਦ ਬੜੀ ਬੀਰਤਾ ਨਾਲ ਅੜੇ ਤੇ ਲੜੇ। ਘੋਰ ਗੁੱਥਮਗੁੱਥਾ ਹੋ ਗਿਆ। ਦੁਵੱਲੀ ਅਤਿ ਬੀਰਤਾ ਹੋਈ। ਪੈਰ ਪਿੱਛੇ ਕਿਸੇ ਦਾ ਨਾ ਪਿਆ। ਘੋਰ ਸੰਗਰਾਮ ਹੋ ਰਿਹਾ ਸੀ ਕਿ ਗੁਰੂ ਜੀ ਨੇ ਇਸ ਪਾਸੇ ਰੁਖ ਕੀਤਾ। ਮਾਮਾ ਕ੍ਰਿਪਾਲ ਜੀ ਨੂੰ ਬੁੱਧੂਸ਼ਾਹ ਦੀ ਮਦਦ ਵਾਸਤੇ ਟੋਰਿਆ। ਇਹ ਆਪਣੇ ਸਾਥੀਆਂ ਸਣੇ ਤੀਰਾਂ ਦੀ ਬਰਖਾ ਰਾਜੇ ਗੁਪਾਲ ਦੀ ਸੈਨਾ ਤੇ ਕਰਦਾ ਕੁਮਕ ਤੇ ਜਾ ਪਹੁੰਚਾ। ਇਨ੍ਹਾਂ ਤੀਰਾਂ ਦੀ ਭਰਮਾਰ ਤੇ ਨਿਸ਼ਾਨੇ ਨੇ ਗੁਪਾਲ ਦੀ ਸੈਨਾ ਨੂੰ ਪਿੱਛੇ ਹਟਣ ਦੇ ਦਾਉ ਵਿਚ ਕਰ ਦਿਤਾ। ਪਰ ਇਹ ਹਟਕਣਾ ਇਕ ਦਾਉ ਸੀ। ਹੁਣ ਮੁਰੀਦਾਂ ਨੂੰ ਬੀ ਤੀਰ ਅੰਦਾਜ਼ੀ ਦਾ ਸਮਾਂ ਮਿਲ ਗਿਆ। ਦੂਹਰੀ ਤੀਰਾਂ ਦੀ ਮਾਰ ਨੇ ਗੁਪਾਲ ਦੀ ਚਾਲ ਨੂੰ ਸਗੋਂ ਘਾਟੇ ਵਿਚ ਕਰ ਦਿਤਾ। ਸਾਥੀਆਂ ਨੂੰ ਹਰਾਸਿਆ ਵੇਖ ਕੇ ਗੁਪਾਲ ਨੇ ਤੱਕ ਲਾ ਕੇ ਮਾਮੇ ਜੀ ਤੇ ਤੀਰ ਛੋੜਿਆ। ਜੋ ਬੈਠਾ ਤਾਂ ਨਿਸ਼ਾਨੇ, ਪਰ ਲੱਗਾ ਉਸ ਦੇ ਘੋੜੇ ਨੂੰ। ਗੁਪਾਲ ਨੇ ਅੱਗੇ ਵਧ ਕੇ ਤੀਰ ਮਾਰ ਕੇ ਪਿੱਛੇ ਹਟਣਾ ਚਾਹਿਆ, ਤਾਂ ਮਾਮਾ ਜੀ ਨੇ ਪੁਕਾਰ ਕੇ ਕਿਹਾ - ਵਾਰ ਕੀਤਾ ਈ ਸੂਰਮਿਆਂ, ਵਾਰ ਦੇ ਕੇ ਜਾਹ, ਅਤੇ ਇਕ ਤੀਰ ਤੱਕ ਕੇ ਮਾਰਿਆ। ਗੁਪਾਲ ਤਕੜਾ ਲੜਾਕਾ ਸੀ, ਘੋੜੇ ਨੂੰ ਚਪਲਾ ਰਿਹਾ ਸੀ, ਆਪ ਤਾਂ ਬਚ ਗਿਆ, ਪਰ ਮਾਮਾ ਜੀ ਦਾ ਤੀਰ ਘੋੜੇ ਦੇ ਕਰਨ ਫੂਲ ਤੇ ਜਾ ਵੱਜਾ ਤੇ ਉਹ ਲੜਖੁੜਾ ਕੇ ਡਿੱਗ ਪਿਆ। ਗੁਪਾਲ ਛੇਤੀ ਨਾਲ ਆਪਾ ਸੰਭਾਲ ਕੇ ਪਿੱਛੇ ਸੈਨਾ ਵਿਚ ਜਾ ਧੱਸਿਆ, ਪਰ ਉੱਥੇ ਟਿਕ ਕੇ ਖੜੋ ਰਿਹਾ। ਇਸ ਸੰਗਰਾਮ ਵਿਚ ਬੁੱਧੂਸ਼ਾਹ ਦਾ ਇਕ ਪੁੱਤਰ ਸ਼ਹੀਦ ਹੋ ਗਿਆ ਸੀ। ਉਰਲਾ ਥਾਉਂ, ਜਿੱਥੇ ਸੰਗਰ ਮਚਿਆ ਸੀ, ਖਾਲੀ ਸੀ, ਮਾਮਾ ਜੀ ਅੱਗੇ ਵਧੇ ਤੇ ਬੁੱਧੂਸ਼ਾਹ ਦੇ ਪੁੱਤਰ ਦੀ ਲੋਥ ਲੱਭ ਕੇ ਲੈ ਆਂਦੀ। ਸੋ ਗੁਪਾਲ ਦੀ ਸੈਨਾ ਨੂੰ ਹੌਲਿਆਂ ਕਰਕੇ ਪਿੱਛੇ ਹਟਾ ਕੇ ਮਾਮਾ ਜੀ ਫੇਰ ਸ੍ਰੀ ਦਸ਼ਮੇਸ਼ ਜੀ ਪਾਸ ਜਾ ਪਹੁੰਚੇ ਤੇ ਸਾਰੀ ਵਾਰਤਾ ਜਾ ਸੁਣਾਈ।

੬

ਫਤੇਸ਼ਾਹ ਨੇ ਜੋ ਸਾਰੇ ਸੰਗ੍ਰਾਮ ਦਾ ਪ੍ਰਬੰਧਕ ਸੀ, ਆਪਣੀ ਸੈਨਾ ਦਾ ਥੋਂ ਥਾਂਈਂ ਪੈਰ ਡਿੱਠਾ ਕਿ ਅਗੇਰੇ ਨਹੀਂ ਵਧਦਾ, ਸਗੋਂ ਪਿਛੇਰੇ ਪੈਂਦਾ ਹੈ, ਪਠਾਣ ਸਰਦਾਰਾਏ ਹਯਾਤ ਖਾਂ ਆਦਿਕਾਂ ਨੂੰ ਸੁਨੇਹਾ ਘੱਲਿਆ (ਸੰਤਾਂ ਨੇ ਪੋਥੀ ਖੋਲੀ ਤੇ ਇਹ ਪੜ੍ਹਿਆ) -

***ਤਨ ਕਿਉਂ ਰਣ=ਖੇਤਹਿ ਦੇਤ ਨਹੀਂ।***
ਕਿਸ ਕਾਰਨ ਆਪ ਬਚਾਵਤ ਹੌ?
ਗੁਲਕਾਂ ਸਰ ਕਿਉਂ ਨ ਚਲਾਵਤ ਹੋ...। ਕਰ ਹੇਲ ਮਿਲੋ ਦਲ ਕਿਉਂ ਨ ਅਬੈ।
***ਲੁਟ ਮਾਫ ਕਰੀ ਧਨ ਲੇਹੁ ਸਬੈ। (ਸੂਰਜ ਪ੍ਰਕਾਸ਼ ਗ੍ਰੰਥ)***

ਇਹ ਸੁਣ ਕੇ ਹਯਾਤ ਖਾਂ ਤੇ ਨਿਜਾਬਤ ਖਾਂ ਆਦਿਕਾਂ ਨੇ ਆਪਣੇ ਦਲ ਸੰਭਾਲ ਕੇ ਹੱਲਾ ਬੋਲ ਦਿਤਾ ਤੇ ਬੜੀ ਤੇਜ਼ੀ ਨਾਲ ਤੀਰ ਵਰਸਾਉਣੇ ਸ਼ੁਰੂ ਕੀਤੇ -

***ਇਤ ਤੇ ਉਤ ਧਾਇ ਪ੍ਰਹਾਰਤ ਹੈਂ।***
***ਪਿਖ ਅਗ੍ਰ ਵਧਯੋ ਤਿਸ ਮਾਰਤ ਹੈਂ।***
***ਮੁਖ ਮਾਰਹਿ ਮਾਰ ਉਚਾਰਤ ਹੈਂ।***
***ਬਰਖਾ ਗੁਲਕਾਨ ਸੁ ਡਾਰਤ ਹੈਂ।***
***ਹੰਡਿਯਾ ਸਮ ਸੀਸ ਫੁਟੇ ਸੁ ਗਿਰੈ।***
***ਕਰਛੀ ਜਨੁ ਹਾਥ ਕਟੰਤ ਪਰੇ।***

ਇਹ ਹਾਲ ਸਿੱਖ ਦਲ ਦਾ ਉਨ੍ਹਾਂ ਨੇ ਕੀਤਾ, ਉਧਰੋਂ ਬੀ ਤੀਰਾਂ ਦੀ ਭਰਮਾਰ ਐਸੀ ਹੋਈ ਕਿ ਅਨੇਕਾਂ ਖਾਨ ਧਰਤੀ ਤੇ ਲੇਟ ਗਏ। ਹਯਾਤ ਖਾਨ ਬੜੇ ਜ਼ੋਰਾਂ ਵਿਚ ਲਲਕਾਰੇ ਮਾਰੇ, ਦਾਵ ਬਚਾਵੇ, ਤੀਰ ਚਲਾਵੇ ਤੇ ਸਾਰਾ ਓਜ ਲਾਵੇ। ਇਹ ਦੇਖ ਕੇ ਸੰਤ ਉਦਾਸੀ-ਕ੍ਰਿਪਾਲ ਜੀ-ਗੁੱਸੇ ਵਿਚ ਆ ਕੇ ਸਾਹਿਬਾਂ ਤੋਂ ਪੁੱਛਣ ਲੱਗੇ-ਸਾਹਿਬ ਜੀ! ਹਯਾਤ ਖਾਂ ਬੜਾ ਬਲ ਪਾ ਰਿਹਾ ਹੈ, ਇਸ ਦੇ ਤੀਰ ਭੈ ਪੈਦਾ ਕਰ ਰਹੇ ਹਨ, ਆਗਿਆ ਦਿਓ ਜੋ ਇਸਦਾ ਰੇਜ਼ਾ ਮੈਂ ਠੱਪ ਦਿਆਂ। ਲੂਣ ਕਿੰਜ ਮਾਰੋਗੇ? ਤਾਂ ਸੰਤ ਨੇ ਬਿਨੈ ਕੀਤੀ (ਸੰਤਾਂ ਨੇ ਪੋਥਈ ਤੋਂ ਪੜ੍ਹਿਆ) -

***'ਕੁਤਕਾ' ਇਹ ਕਾਂਧੇ ਮੋਹਿ ਧਰਯੋ।***
***ਮਮ ਆਯੁਧ ਦੀਰਘ ਹਾਥ ਗਹਯੋ।***
***ਇਸ ਸੰਗਤ ਹਯਾਤ ਪ੍ਰਹਾਰ ਕਰੌਂ।***
***ਤੁਮਰੋ ਬਲ ਪਾਇ ਰਤੀ ਨ ਡਰੌਂ।***
***ਜਹਿਂ ਲੌਂ ਚਲਿ ਜਾਇ ਨ ਛੋਰਹੁੰਗੋ।***
***ਇਕ ਵਾਰ ਕਰੌਂ ਸਿਰ ਫੋਰਹੁੰਗੋ।***
***ਮੁਸਕਾਇ ਪ੍ਰਭੂ ਤਬ ਕਹਯੋ -***
***ਹਤ ਖਾਨ ਹਯਾਤ ਰਿਦੈ ਜੁ ਚਹਯੋ।***
***ਬਿਦਤੀ ਜਗ ਮੈ ਜਿਮ ਭੀਮ ਗਦਾ।***
***ਕੁਤਕਾਤਿਮ ਜਾਨਹਿਂ ਲੋਕ ਸਦਾ।***

ਇਹ ਸੁਣ ਕੇ ਸਾਧੂ ਨੇ ਆਪਣੇ ਘੋੜੇ ਨੂੰ ਅੱਡੀ ਲਾਈ ਤੇ ਹਵਾ ਵਾਂਗੂੰ ਉਡਦਾ ਹਯਾਤ ਖਾਂ ਦੇ ਪਾਸ ਜਾ ਖੜੋਤਾ ਤੇ ਲਲਕਾਰ ਕੇ ਬੋਲਿਆ - ਆ ਜੇ ਕੋਈ ਸੂਰਮਤਾ ਹਈ ਤਾਂ ਮੇਰੇ ਨਾਲ ਲੜ। ਪਿੱਠ ਨਾ ਮੋੜ, ਸਨਮੁਖ ਹੋ ਕੇ ਦੇਖ ਲੈ ਦੋ ਹਥ -

***ਸੁਨ ਖਾਨ ਮੁਰਯੋ ਲਲਕਾਰਤ ਹੀ।***
***ਜਿਉਂ ਨਾਗ ਕਿ ਪੂਛਹਿ ਦਾਬਤ ਹੀ।***
***ਤਰਵਾਰ ਨਿਕਾਰਿਯ ਕੋਪ ਭਰੇ।***
***ਹੁਇ ਸਨਮੁਖ ਦੋਨਹੁ ਬੀਰ ਖਰੇ।***

ਇਹ ਨਜ਼ਾਰਾ ਦੇਖ ਕੇ ਸਭ ਪਾਸਿਆਂ ਤੋਂ ਤੀਰ ਤਲਵਾਰ ਖੜੋ ਗਏ ਤੇ ਅਚਰਜ ਹੋ ਤੱਕਣ ਲਗ ਪਏ ਕਿ ਹਯਾਤ ਵਰਗੇ ਸੂਰਮੇ ਸ਼ਸਤਰਧਾਰੀ ਦੇ ਨਾਲ ਕੁਤਕੇ ਵਾਲਾ ਸਾਧ ਲੜਨ ਆਇਆ ਹੈ, ਅਚਰਜ ਹੈ ਗੁਰੂ ਦਾ ਜੰਗ! ਇੰਨੇ ਨੂੰ ਹਯਾਤ ਇਕ ਦਾਉ ਤਕਾ ਕੇ ਬਾਜ ਦੀ ਫੁਰਤੀ ਨਾਲ ਘੋੜਾ ਤਰਪਾ ਕੇ ਸਾਧ ਤੇ ਪਿਆ ਤੇ ਬਿਜਲੀ ਵਾਂਗ ਤਲਵਾਰ ਦਾ ਵਾਰ ਝਾੜਿਆ, ਪਰ ਸਾਧੂ ਨੇ ਕੁਤਕੇ ਨੂੰ ਢਾਲ ਦੀ ਥਾਂਵੇਂ ਐਉਂ ਤਲਵਾਰ ਦੀ ਭੇਟਾ ਕੀਤਾ ਕਿ ਉਸ ਪਰ ਵਾਰ ਜੱਲਿਆ। ਤਲਵਾਰ ਟੁੱਟ ਕੇ ਥਾਂਵੇਂ ਐਉਂ ਤਲਵਾਰ ਦੀ ਭੇਟਾ ਕੀਤਾ ਕਿ ਉਸ ਪਰ ਵਾਰ ਝੱਲਿਆ। ਤਲਵਾਰ ਟੁੱਟ ਕੇ ਢਹਿ ਪਈ ਤੇ ਖਾਨ ਆਪਾ ਸੰਭਾਲਨ ਦੇ ਫਿਕਰ ਵਿਚ ਪੈ ਗਿਆ। ਸਾਧੂ ਨੇ ਹੁਣ ਬੜੀ ਫੁਰਤੀ ਤੋਂ ਕੰਮ ਲਿਆ। ਦੁਇ ਰਕਾਬਾਂ ਵਿਚ ਦੁਇ ਪੈਰ ਟਿਕਾ ਕੇ ਸਾਰਾ ਬਲ ਪਾ ਦਿਤਾ ਤੇ ਨੇੜੇ ਢੁੱਕ ਕੇ ਦੁਇ ਹੱਥਾਂ ਨਾਲ ਕੁਤਕਾ ਉਭਾਰ ਕੇ ਆਸਨ ਤੋਂ ਜ਼ਰਾ ਉਛਲ ਕੇ ਪੂਰੀ ਸੇਧ ਬੰਨ੍ਹ ਕੇ ਹਯਾਤ ਦੇ ਸਿਰ ਤੇ ਮਾਰਿਆ। ਇਸ ਜ਼ੋਰ ਨਾਲ ਇਹ ਜਾ ਕੇ ਵੱਜਾ ਕਿ ਹਯਾਤ ਦਾ ਸਿਰ ਫੁੱਟ ਗਿਆ, ਇਸ ਵੇਲੇ ਦਾ ਹਾਲ ਗੁਰੂ ਸਾਹਿਬ ਜੀ ਨੇ ਆਪ ਐਉਂ ਲਿਖਿਆ ਹੈ -

***ਕ੍ਰਿਪਾਲ ਕੋਪੀਯੰ ਕੁੱਤਕੋ ਸੰਭਾਰੀ।***
***ਹਠੀ ਖਾਨ ਹੱਯਾਤ ਕੇ ਸੀਸ ਝਾਰੀ।***
***ਉਠੀ ਛਿੱਛ ਇੱਛੰ ਕਢਾ ਮੇਝ ਜੋਰੰ।***
***ਮਨੋ ਮਾਖਨੰ ਮੱਟਕੀ ਕਾਨੰ ਫੋਰੰ।***

ਸਿਰ ਟੁਕੜੇ ਹੋ ਜਾਣ ਨਾਲ ਹਯਾਤ ਕਾਂ ਘੋੜੇ ਤੋਂ ਉਲਟ ਕੇ ਜ਼ਿਮੀਂ ਤੇ ਡਿੱਗ ਪਿਆ ਤੇ ਘੋੜਾ ਉਠ ਭੱਜਾ ਤੇ ਹੋਰ ਪਠਾਣ ਦੌੜ ਕੇ ਸਾਧੂ ਨੂੰ ਘੇਰਨ ਆ ਪਏ ਪਰ ਇਧਰੋਂ ਜ਼ੀਤ ਮੱਲ ਨੇ ਸਵਾਰਾਂ ਸਮੇਤ ਅੱਗੇ ਵਧ ਕੇ ਸਾਧੂ ਨੂੰ ਆਪਣੇ ਵਿਚ ਲੈ ਕੇ ਬਚਾ ਲਿਆ।

੭

ਜੰਗ ਇਸ ਵੇਲੇ ਜ਼ੋਰਾਂ ਵਿਚ ਹੋ ਰਿਹਾ ਸੀ ਕਿ ਹਯਾਤ ਖਾਂ ਮਾਰਿਆ ਗਿਆ। ਇਸ ਦੇ ਮਰਨੇ ਨੇ ਪਠਾਨਾਂ ਦੇ ਛੱਕੇ ਛੁਡਾ ਦੇਣੇ ਸਨ, ਪਰ ਭੀਖਮ ਖਾਂ ਨੇ ਸਮਾਂ ਸੰਭਾਲਿਆ ਤੇ ਆਪਣੇ ਘਬਰਾ ਕੇ ਹਿੱਲ ਰਹੇ ਦਲ ਨੂੰ ਜਾ ਵੰਗਾਰਿਆ ਕਿ ਸੂਰਮੇ ਬਣੋਂ, ਹਾਰ ਖਾ ਕੇ ਇਹੋ ਕਹਾਓਗੇ ਕਿ ਸਾਧਾਂ ਤੇ ਨੀਵੀਆਂ ਜਾਤਾਂ ਦੇ ਕੰਮੀਆਂ ਕੋਲੋਂ ਪਠਾਨਹਾਰ ਗਏ। ਆਓ ਵਧੋ, ਮੈਂ ਜੁ ਖੜ੍ਹਾ ਹਾਂ ਜਿਸ ਨੇ ਅੱਜ ਫਤਹਿ ਲੈਣੀ ਹੈ। ਐਸੀ ਵੰਗਾਰ ਪਾ ਕੇ ਇਸਨੇ ਹਿਰਾਸੇ ਹੋ ਰਹੇ ਪਠਾਣ ਸਾਵਧਾਨ ਕੀਤੇ ਤੇ ਅੱਗੇ ਵਧਿਆ ਤੇ ਨਾਲ ਹੀ ਵਧਿਆ ਨਿਜਾਬਤ ਖਾਂ। ਉਧਰੋਂ ਹਯਾਤ ਦੀ ਮੌਤ ਦੇਖ ਕੇ ਫਤਹਸ਼ਾਹ ਨੇ ਆਪਣੀ ਸੈਨਾ ਨੂੰ ਅੱਗੇ ਵਧਾਇਆ। ਹੁਣ ਫੇਰ ਵੈਰੀ ਦਲ ਦਾ ਜ਼ੋਰ ਬਹੁਤ ਪੈ ਗਿਆ। ਹਰੀ ਚੰਦ ਹੰਡੂਰੀਆ ਬੜੇ ਕ੍ਰੋਧ ਵਿਚ ਆਇਆ। ਇਹ ਆਪਣੇ ਸਮੇਂ ਦਾ ਪ੍ਰਸਿੱਧ ਤੀਰਅੰਦਾਜ਼ ਸੀ, ਇਸ ਦੇ ਤੀਰਾਂ ਨੇ ਗੁਰੂ-ਦਲ ਦਾ ਬਹੁਤ ਨੁਕਸਾਨ ਕੀਤਾ, ਇਤਨਾ ਕਿ ਹੁਣ ਗੁਰੂ-ਦਲ ਵਿਚ ਹਲਚਲੀ ਪੈ ਗਈ। ਇਹ ਦੇਖ ਕੇ ਕਿ ਸਾਹਿਬ ਚੰਦ, ਜੋ ਇਸਪਾਸੇ ਵਲੋਂ ਬੜੇ ਹੱਠ ਨਾਲ ਅੱੜ ਰਿਹਾ ਤੇ ਬੜੇ ਬਲ ਨਾਲ ਜੁੱਧ ਕਰ ਰਿਹਾ ਹੈ ਪਰ ਹੁਣ ਪੇਸ਼ ਨਹੀਂ ਜਾ ਰਹੀ, ਸਾਹਿਬਾਂ ਨੇ ਨੰਦ ਚੰਦ ਦੀਵਾਨ ਨੂੰ ਕੁਮਕ ਲਈ ਟੋਰਿਆ ਤੇ ਨਾਲ ਹੀ ਦਇਆ ਰਾਮ ਆਪਣਾ ਤੁੰਮਲ ਲੈ ਕੇ ਵਧੇ ਆ ਰਹੇ ਨਿਜਾਬਤ ਨੂੰ ਰੋਕਣ ਲਈ ਗਿਆ। ਇਨ੍ਹਾਂ ਨੇ ਤੇ ਇਨ੍ਹਾਂ ਦੇ ਜਥੇ ਨੇ ਐਸੇ ਬਾਣ ਮਾਰੇ ਕਿ ਵਧੇ ਆ ਰਹੇ ਅਨੇਕਾਂ ਢੱਠੇ।

ਨੰਦ ਚੰਦ ਤੇ ਦਇਆ ਰਾਮ ਦੇ ਵਧਣ ਨੇ ਆਪਣੀ ਸੈਨਾ ਦਾ ਦਿਲ ਵਧਾਇਆ ਤੇ ਫੇਰ ਸਾਰੇ ਜੰਮ ਕੇ ਡਟ ਗਏ। ਨੰਦ ਚੰਦ ਨੇ ਹੁਣ ਹੱਲਾ ਕਰਕੇ ਇਕ ਪਠਾਣ ਤੇ ਬਰਛੀ ਚਲਾਈ ਤੇ ਉਸਨੂੰ ਪਰੋ ਕੇ ਡੇਗ ਲਿਆ, ਫੇਰ ਹੋਰ ਚਲਾਈ, ਪਰ ਉਹ ਘੋੜੇ ਨੂੰ ਲੱਗੀ ਤੇ ਉੱਥੇ ਹੀ ਰਹੀ। ਨੰਦ ਚੰਦ ਨੇ ਹੁਣ ਤਲਵਾਰ ਸੰਭਾਲੀ, ਸਨਮੁਖ ਲੜਿਆ ਤੇ ਪਿੱਛੇ ਨਾ ਮੁੜਿਆ।

ਇਸ ਕੋਪ ਭਰੀ ਲੜਾਈ ਲੜਦਿਆਂ ਦੋ ਖਾਨ ਮਾਰ ਕੇ ਤੀਸਰੇ ਨਾਲ ਲੜਦਿਆਂ ਇਸ ਦੀ ਤਲਵਾਰ ਬੀ ਟੁੱਟ ਗਈ। ਛੇਤੀ ਨਾਲ ਇਸ ਨੇ ਜਮਧਰ ਕੱਢੀ ਤੇ ਉਸਨੂੰ ਮਾਰ ਲਿਆ। ਇਸ ਦੇ ਹਠ ਨੇ ਇਕ ਥਲਕਾ ਮਚਾ ਦਿਤਾ। ਹੁਣ ਨੇੜੇ ਸੀ ਕਿ ਇਹ ਘਿਰ ਜਾਵੇ ਯਾ ਤੀਰ ਦਾ ਨਿਸ਼ਾਨਾ ਬਣੇ ਕਿ ਦਇਆ ਰਾਮ ਢੁੱਕ ਕੇ ਜਾ ਪਹੁੰਚਾ। ਇਧਰੋਂ ਸਾਹਿਬਾਂ ਨੇ ਆਪਣੇ ਮਾਮੇ ਕ੍ਰਿਪਾਲ ਚੰਦ ਜੀ ਨੂੰ, ਜੋ ਛਤ੍ਰੀ ਪਨੇ ਦੀ ਅਣਖ ਵਿਚ ਭਰ ਰਹੇ ਸੇ, ਸਹਾਇਤਾ ਲਈ ਘੱਲ ਦਿਤਾ, ਜਿਸ ਨੇ ਅੱਗੇ ਵੱਧ ਕੇ ਘੋਰ ਸੰਗਰਾਮ ਕੀਤਾ। ਮਾਮਾ ਜੀ ਨੂੰ ਤੀਰ ਬੀ ਕਈ ਲੱਗੇ, ਜ਼ਖਮ ਆਏ, ਪਰ ਸਾਂਈਂ ਨੇ ਜਾਨ ਬਚਾਈ ਰੱਖੀ। ਜ਼ਖਮ ਖਾ-ਖਾ ਕੇ ਬੀ ਮਾਮਾ ਜੀ ਪਿੱਛੇ ਨਹੀਂ ਹਟੇ, ਵੱਧ ਤੋਂ ਵੱਧ ਲੜੇ। ਕਿਤਨੇ ਖਆਨ ਘੋੜਿਆਂ ਤੋਂ ਹੇਠ ਡੇਗੇ, ਕਿਤਨੇ ਹੀ ਮਾਰ ਦਿਤੇ। ਸੋ ਸਾਹਿਬ ਚੰਦ - ਜੋ ਬੜੇ ਹਠ ਨਾਲ ਇਸ ਟਿਕਾਣੇ ਅੜ ਰਿਹਾ ਸੀ - ਇਹ ਕੁਮਕਾਂ ਪਾ ਕੇ ਅੜਿਆ ਰਿਹਾ। ਇਸ ਤਰ੍ਹਾਂ ਬਹੁਤ ਹੀ ਪਠਾਨ ਇਨ੍ਹਾਂ ਨੇ ਮਾਰੇ, ਕੇਵਲ ਉਹ ਸਿਪਾਹੀ ਬਚੇ ਜੋ ਪਿੱਛੇ ਹਟ ਗਏ। ਸੋ ਇਸ ਥਾਂ ਤੇ ਹੋ ਰਹੇ ਜੁੱਧ ਵਿਚ ਬੀ ਸਿੱਖਾਂ ਨੇ ਆਪਣਾ ਪਾਸਾ ਭਾਰਾ ਕਰ ਲਿਆ। ਅਨੇਕਾਂ ਵੈਰੀ ਮਾਰੇ, ਜੋ ਵਧ ਕੇ ਆਏ ਸਨ ਹੁਣ ਪਿੱਛੇ ਹਟ ਗਏ, ਹਰੀ ਚੰਦ ਇਸ ਪਾਸੇ ਕੁਛ ਪਿੱਛੇ ਹੱਟ ਕੇ ਭੀਖਨ ਖਾਂ ਨੂੰ ਟਿਕਾ ਕੇ ਤੇ ਹੌਸਲਾ ਦੇ ਕੇ ਸੰਗੋ ਸ਼ਾਹ ਵਾਲੇ ਪਾਸੇ ਛੇਤੀ ਨਾਲ ਚਲਾ ਗਿਆ। ਸਾਹਿਬਾਂ ਨੇ ਇਸ ਜੁੱਧ ਨਜ਼ਾਰੇ ਦਾ ਸੰਖੇਪ ਵਰਨਨ ਐਉਂ ਆਪ ਕੀਤਾ ਹੈ (ਪੋਥੀ ਤੋਂ ਪੜ੍ਹ ਕੇ ਸੁਣਾਇਆ) -

***ਤਹਾਂ ਨੰਦ ਚੰਦੰ ਕਿਯੋ ਕੋਪ ਭਾਰੋ।***
***ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ।***

*ਤੁਟੀ ਤੇਗ ਤ੍ਰਿਖੀ ਕਢੇ ਜਮਜੱਢੰ।*
*ਹਠੀ ਰਾਖਿਯੰ ਲੱਜ ਬੰਸੰ ਸਨੱਢੰ।*
*ਤਹਾਂ ਮਾਤੁਲੇਯੰ ਕ੍ਰਿਪਾਲੰ ਕ੍ਰਧੰ।*
*ਛਕਿਯੌ ਛੋਭ ਛੜ੍ਹੀ ਕਰਯੋ ਜੁੱਧ ਸੁੱਧੰ।*
*ਸਹੇ ਦੇਹ ਆਪੰ ਮਹਾਂਬੀਰ ਬਾਣੰ।*
*ਕਰੇ ਖਾਨ ਬਾਨੀਨ ਖਾਲੀ ਪਲਾਣੰ।*
*ਹਠਯੋ ਸਾਹਬੰ ਚੰਦ ਖੇਤੰ ਖਤ੍ਰਿਆਣੰ।*
*ਹਨੇ ਖਾਨ ਖ਼ੂਨੀ ਖ਼ੁਰਾਸਾਨ ਭਾਨੰ।*
*ਤਹਾਂ ਬੀਰ ਬੰਕੇ ਭਲੀ ਭਾਂਤ ਮਾਰੇ।*
*ਬਚੇ ਪ੍ਰਾਨ ਲੈ ਕੇ ਸਿਪਾਹੀ ਸਿਧਾਰੇ।*

ਮੈਦਾਨ ਬੜਾ ਲੰਮਾ ਸੀ। ਥਾਂ-ਥਾਂ ਮਾਰੋ ਮਾਰ ਹੋ ਰਹੀ ਸੀ, ਫਤੇਸ਼ਾਹ ਪਾਰੋਂ ਉਰਾਰ ਆ ਵਧਿਆ ਸੀ, ਪਰ ਲੜ ਰਹੀਆਂ ਸਫਾਂ ਤੋਂ ਪਿੱਛੇ ਖੜ੍ਹਾ ਸੀ। ਦਿਲ ਛਡਿਆਂ ਭੱਜਿਆਂ ਨੂੰ ਮੁੜ ਅੱਗੇ ਟੋਰਦਾ, ਕੁਮਕਾਂ ਘੱਲਦਾ ਤੇ ਰਣ ਦੇ ਸਾਰੇ ਪਾਸਿਆਂ ਨੂੰ ਸੰਭਾਲਦਾ ਸੀ। ਜਿਸ ਟਿਕਾਣੇ ਸੰਗੋਸ਼ਾਹ ਲੜ ਰਿਹਾ ਸੀ ਉਧਰ ਜ਼ੋਰ ਹੁਣ ਵਧ ਰਿਹਾ ਸੀ, ਜਿਸ ਪਾਸੇ ਬੁੱਧੂਸ਼ਾਹ ਸੀ ਉਧਰ ਬੀ ਜੁੱਧ ਜਾਰੀ ਸੀ ਤੇ ਪੀਰ ਜੀ ਦਾ ਇਕ ਪੁੱਤ੍ਰ ਹੋਰ ਸ਼ਹੀਦ ਹੋ ਚੁੱਕਾ ਸੀ। ਪਰ ਪੀਰ ਨੇ ਹੌਂਸਲਾ ਨਹੀਂ ਸੀ ਛਡਿਆ ਤੇ ਉਸਦਾ ਦਲ ਉਸ ਪਾਸੇ ਵਲ ਮੈਦਾਨ ਵਿਚ ਛੱਡਿਆ ਜੁੱਧ ਕਰ ਰਿਹਾ ਸੀ।

੮

ਇਸ ਜੁੱਧ ਵਿਚ ਕੁਛ ਵਾਕਯਾ ਐਸੇ ਹੋਏ ਜੋ ਪਠਾਣਾਂ ਤੇ ਰਾਜਿਆਂ ਨੂੰ ਦੰਗ ਕਰਨ ਵਾਲੇ ਸਨ। ਉਹ ਲੋਕ ਜੋ ਜੰਗ ਵਿਚ ਨਹੀਂ ਕਦੇ ਗਏ ਸਨ, ਉਨ੍ਹਾਂ ਨੇ ਬੀਰਤਾ ਦਿਖਾਈ। ਗੁਰੂ ਜੀ ਦੇ ਬੀਰ ਰਸੀ ਜੋਸ਼ ਦਾ ਇਹ ਪ੍ਰਭਾਵ ਸੀ ਕਿ ਦਇਆ ਰਾਮ ਬ੍ਰਾਹਮਣ ਸੂਰਮਾ ਬਣ ਗਿਆ ਸੀ। ਖੈਰ ਇਹ ਤਾਂ ਸ਼ਸਤ੍ਰ ਵਿਦਿਆ ਨਿਪੁੰਨ ਹੋ ਗਿਆ ਸੀ। ਮਾਹੀ ਤੱਕ ਬੀ ਜੁੱਧ ਕਰਨ ਵਿਚ ਮੋਹਰੀ ਆ ਹੋਏ। ਸਾਧੂ ਨੇ ਉਠ ਕੇ ਭਾਰੇ ਸਰਦਾਰ ਨੂੰ ਮਾਰ ਲਿਆ। ਇਕ ਹਲਵਾਈ ਲਾਲ ਚੰਦ ਦਾ ਜ਼ਿਕਰ ਹੈ ਪੁਸਤਕਾਂ ਵਿਚ ਕਿ ਜੁੱਧ ਦਾ ਰੰਗ ਵੇਖ ਕੇ ਉਹ ਮੈਦਾਨ ਵਿਚ ਜਾ ਕੁਦਿਆ। ਇਸ ਨੇ ਇਕ ਮੀਰ ਖਾਂ ਨਾਮੇ ਪਠਾਣ ਖਾਨ ਨੂੰ ਜਾ ਵੰਗਾਰਿਆ ਤੇ ਹੱਥੋਂ ਹੱਥੀ ਦੀ ਲੜਾਈ ਕਰਕੇ ਉਸਨੂੰ ਮਾਰ ਲਿਆ।

ਹਰੀ ਚੰਦ ਨਜਾਬਤ ਆਦਿ ਪਠਾਣਾਂ ਨੂੰ ਇਕ ਟਿਕਾਣੇ ਖੜ੍ਹਾ ਕਰਕੇ ਸੰਗੋਸ਼ਾਹ ਵਾਲੇ ਪਾਸੇ ਜਾ ਪਿਆ ਸੀ। ਇਸਨੂੰ ਇਹ ਦਿੱਸ ਰਿਹਾ ਸੀ ਕਿ ਜੇ ਇਹ ਪਾਸਾ ਭਾਰੂ ਪੈ ਗਿਆ ਤਾਂ ਸਾਡੀ ਨਿਸ਼ਚੇ ਹਾਰ ਹੋ ਜਾਏਗੀ। ਸੰਗੋਸ਼ਾਹ ਇੱਥੇ ਬੜੇ ਜ਼ੋਰ ਦਾ ਜੁੱਧ ਕਰ ਰਿਹਾ ਤੇ ਸ਼ਤਰੂ ਮਾਰ ਰਿਹਾ ਸੀ। ਗੁਪਾਲ ਰਾਜਾ ਇਕ ਬਲ ਨਾਲ ਸੂਰਮਗਤੀ ਵਿਚ ਅਜੇ ਤਾਂਈ ਖੜ੍ਹਾ ਸੀ। ਇਹ ਹਾਲ ਦੇਖ ਕੇ ਹੀ ਹਰੀ ਚੰਦ ਇਧਰ ਲਪਕਿਆ ਸੀ। ਉਧਰੋਂ ਮਧੁਕਰ ਸਾਹ ਚੰਦੇਲ ਬੀ ਇਧਰ ਹੀ ਆ ਪਿਆ। ਹਰੀ ਚੰਦ ਨੇ ਆ ਕੇ ਬੜੀ ਬੀਰਤਾ ਦੇ ਤੀਰ ਵਾਹੇ, ਜਿਸਨੂੰ ਲੱਗੇ ਸੋ ਮਰੇ। ਇਸ ਨੇ ਅਨੇਕਾਂ ਹੀ ਬੀਰ ਗੁਰੂ ਦੀ ਸੈਨਾ ਦੇ ਮਾਰ ਲਏ। ਤਦ ਇਧਰੋਂ ਜੀਤ ਮਲ ਜੀ ਹਰੀ ਚੰਦ ਨੂੰ ਵਧਦਾ ਦੇਖ ਕੇ ਉਸ ਨਾਲ ਜੁੱਟ ਪਏ ਤੇ ਆਮੋ ਸਾਹਮਣੇ ਦਾਉ ਤੇ ਵਾਰ ਹੋਣ ਲਗ ਪਏ। ਹੁਣ ਫਤਹ ਸ਼ਾਹ ਦਾ ਇਸ਼ਾਰਾ ਆ ਜਾਣ ਕਰਕੇ ਨਿਜਾਬਤ ਖਾਂ ਬੀ ਇਧਰੇ ਆ ਪਿਆ ਸੀ। ਇਹ ਆਉਂਦਾ ਹੀ ਸੰਗੋਸ਼ਾਹ ਨਾਲ ਜੁੱਟ ਪਿਆ ਸੀ।

ਜੀਤ ਮੱਲ ਨੇ ਹਰੀ ਚੰਦ ਨੂੰ ਤੀਰ ਮਾਰਿਆ, ਪਰ ਉਹ ਘੋੜੇ ਦਾ ਤਤਛਿਨ ਪੈਂਤੜਾ ਬਦਲ ਕੇ ਬਚ ਗਿਆ। ਫਿਰ ਦਾਉ ਘਾਉ ਕਰਦਿਆਂ ਟਰਦੇ ਟਾਰਦਿਆਂ ਦੋਹਾਂ ਦੇ ਤੀਰ ਚੱਲੇ ਪਰ ਦੋਹਾਂ ਦੇ ਘੋੜਿਆਂ ਨੂੰ ਲੱਗੇ। ਦੋਨੋਂ ਡਿੱਗੇ, ਦੋਵੇਂ ਸੰਭਲੇ। ਫਿਰ ਤੀਰ ਚੱਲੇ, ਦੋਏ ਜ਼ਖਮੀ ਹੋਏ, ਪਰ ਥੋੜ੍ਹੇ। ਫਿਰ ਤੀਰ ਦੋਹਾਂ ਦੇ ਚੱਲੇ, ਹਰੀ ਚੰਦ ਦਾ ਤਾਂ ਐਸਾ ਕਾਰੀ ਪਿਆ ਕਿ ਜੀਤ ਮੱਲ ਜੀ ਦਾ ਅੰਤ ਹੋ ਗਿਆ, ਪਰ ਹਰੀ ਚੰਦ ਨੂੰ ਐਸੀ ਥਾਂ ਲੱਗਾ ਕਿ ਉਹ ਮੂਰਛਾ ਖਾ ਢੱਠਾ ਤੇ ਉਸਨੂੰ ਸਾਥੀ ਚੁੱਕ ਕੇ ਲੈ ਗਏ। ਇਧਰ ਗੁਰੂ ਕੇ ਜੋਧੇ ਜੀਤ ਮੱਲ ਜੀ ਦੀ ਲੋਥ ਨੂੰ ਚੁੱਕ ਕੇ ਗੁਰੂ ਜੀ ਪਾਸ ਲੈ ਆਏ, ਜਿਸ ਦੀ ਸੂਰਬੀਰਤਾ ਨੂੰ ਗੁਰੂ ਜੀ ਨੇ ਬਹੁਤ ਸਲਾਹਿਆ ਤੇ ਅਸ਼ੀਰਬਾਦ ਦਿਤੀ।

ਉਧਰ ਜਦ ਮੂਰਛਤ ਹਰੀ ਚੰਦ ਨੂੰ ਲੈ ਕੇ ਗਏ ਤਾਂ ਫਤਹਸ਼ਾਹ ਬਹੁਤ ਦੁਖੀ ਹੋਇਆ, ਇਸਦੇ ਪਾਸ ਬਹੁਤ ਘੇਰਾ ਘੱਤ ਕੇ ਸਸ਼ਤ੍ਰਧਾਰੀ ਆ ਗਏ। ਭੀਮ ਚੰਦ ਬੀ ਇੱਥੇ ਕੁ ਹੀ ਸੀ ਕਿ ਰਾਮ ਸਿੰਘ, ਜੋ ਗੁਰੂ ਜੀ ਦੇ ਪਾਸ ਇਕ ਗੋਲ ਅੰਦਾਜ਼ ਸੀ, ਨੇ ਇਕ ਤੋਪ ਚਲਾਈ ਜੋ ਉਸ ਨੇ ਲੱਕੜ ਦੀ ਗੋਲੀ ਖੋਦ ਕੇ ਬਣਾਈ ਸੀ। ਇਸ ਨੇ ਉਸ ਭੀੜ ਵਿਚ ਕੁਛ ਕੁ ਨੂੰ ਮਾਰਿਆ ਤੇ ਬਾਕੀ ਦੇ ਡਰ ਕੇ ਭੱਜੇ। ਫਤਹਸ਼ਾਹ ਬੀ ਪਿੱਛੇ ਹਟ ਗਿਆ ਤੇ ਨਦੀ ਪਾਰ ਹੋ ਘੋੜੇ ਤੇ ਸਵਾਰ ਹੋ ਭੱਜ ਗਿਆ। ਇਸਨੂੰ ਮੈਦਾਨੋਂ ਜਾਂਦਾ ਵੇਖ ਕੇ ਮਧੁਕਰ ਸ਼ਾਹ ਡਢਵਾਲੀਆ ਤੇ ਜਸਵਾਲੀਆ ਬੀ ਆਪਣੀ ਸੈਨਾ ਲੈ ਕੇ ਭੱਜ ਗਏ। ਇਸ ਸਮੇਂ ਦਾ ਹਾਲ ਸ੍ਰੀ ਗੁਰੂ ਜੀ ਨੇ ਸੰਖੇਪ ਵਿਚ ਆਪ ਐਉਂ ਲਿਖਿਆ ਹੈ (ਫੇਰ ਪੇਥਈ ਖੋਲੀ ਤੇ ਪੜ੍ਹੀ) -

*ਤਹਾਂ ਸਾਹ ਸੰਗ੍ਰਾਮ ਕੀਨੇ ਅਖਾਰੇ।*
*ਘਣੇ ਖੇਤ ਮੋਂ ਖਾਨ ਖ਼ੂਨੀ ਲਤਾਰੇ।*
*ਨ੍ਰਿਪੰ ਗੋਪਾਲਯੰ ਖਰੋ ਖੇਤ ਗਾਜੈ।*
*ਮ੍ਰਿਗਾ ਝੁੰਡ ਮਧਯੰ ਮਨੋ ਸਿੰਘ ਰਾਜੇ।*
*ਤਹਾਂ ਏਕ ਬੀਰੰ ਹਰੀ ਚੰਦ ਕੋਪਯੋ।*
*ਭਲੀ ਭਾਂਤ ਸੋਂ ਖੇਤ ਮੋਂ ਪਾਵ ਰੋਪਯੋ।*
*ਮਹਾਂ ਕ੍ਰੋਧ ਕੈ ਤੀਰ ਤੀਖੇ ਪ੍ਰਹਾਰੇ।*
*ਲਗੇ ਜੌਨ ਤਾਂਹਿ ਪਾਰੈ ਪਧਾਰੇ।*
*ਰਸਾਵਲ ਛੰਦ*
*ਹਰੀ ਚੰਦ ਕ੍ਰਧੰ। ਹਨੇ ਸੂਰ ਸੁੱਧੰ।।*
*ਭਲੇ ਬਾਣ ਬਾਹੇ। ਬਡੇ ਸੈਨ ਗਾਹੇ॥*
*ਰਸੰ ਰੁੱਦ੍ਰ ਰਾਚੇ। ਮਹਾ ਲੋਹ ਮਾਚੇ।*
*ਹਨੇ ਸਸਤ੍ਰ ਧਾਰੀ। ਲਿਟੇ ਭੂਪ ਭਾਰੀ॥*
*ਤਬੈ ਜੀਤ ਮੱਲੰ। ਹਰੀ ਚੰਦ ਭੱਲੰ।*
*ਹ੍ਰਿਦੈ ਐਚ ਮਾਰਯੋ। ਸੁ ਖੇਤੰ ਉਤਾਰਯੋ॥*
*ਲਗੈ ਬੀਰ ਬਾਣੰ। ਰਿਸਯੋ ਤੇਜ ਮਾਣੰ।*
*ਸਮੂਹ ਬਾਜ ਡਾਰੇ। ਸੁ ਸੁਰਗੰ ਸਿਧਾਰੇ।*
*ਭੁਜੰਗ ਪ੍ਰਯਾਤ ਛੰਦ*
*ਖੁਲੇ ਖਆਨ ਖ਼ੂਨੀ ਖ਼ੁਰਾਸਾਨ ਖੱਗੰ।।*
*ਪਰੀ ਸ਼ਸਤ੍ਰ ਧਾਰੰ ਉਠੀ ਝਾਲ ਅੱਗੰ॥*
*ਭਈ ਤੀਰ ਭੀਰੰ ਕਮਾਣੰ ਕੜੱਕੇ।*

*ਗਿਰੇ ਬਾਜ ਤਾਜੀ ਲਗੇ ਧੀਰ ਧੱਕੇ।*
*ਬਜੀ ਭੇਰਿ ਭੁੰਕਾਰ ਧੁੰਕੇ ਨਗਾਰੇ।*
*ਦੁਹੂੰ ਓਰ ਤੇ ਬੀਰ ਬੰਕੇ ਬਕਾਰੇ॥*
*ਕਰੈ ਬਾਹੁ ਆਘਾਤ ਸਸਤ੍ਰੰ ਪ੍ਰਹਾਰੰ॥*
*ਡਕੀ ਡਾਕਣੀ ਚਾਵਡੀਚੀਤ ਕਾਰੰ॥*
*ਦੋਹਰਾ*
*ਕਹਾਂ ਲਗੇ ਬਰਨਨ ਕਰੌਂ ਮਚਿਓ ਜੁੱਧ ਅਪਾਰ।*
*ਜੇ ਲੁੱਝੇ ਜੁੱਝੇ ਸਭੈ ਭੱਜੇ ਸੂਰ ਹਜਾਰ।*
*ਭੁਜੰਗ ਪ੍ਰਯਾਤ ਛੰਦ॥*
*ਭੱਜਯੋ ਸਾਹ ਪਾਹਾੜ ਤਾਜੀ ਤ੍ਰਿਪਾਯੰ।*
*ਚਲਯੌ ਬੀਰੀਯਾ ਤੀਰੀਯਾ ਨ ਚਲਾਯੰ।*
*ਜਸੋ ਡੱਢਵਾਲੰ ਮਧੁਕਰ ਸੁ ਸਾਹੰ।*
*ਭਜੇ ਸੰਗ ਲੈ ਕੇ ਸੁ ਸਾਰੀ ਸਿਪਾਹੰ।*
*(ਬਚਿਤ੍ਰ ਨਾਟਕ ਧਿਆਇ 8)*

੯

ਇਹ ਤਾਂ ਕਾਇਰ ਹੋ ਕੇ ਭੱਜ ਪਏ, ਪਰ ਹਰੀ ਚੰਦ ਜਿਸਨੂੰ ਹੋਸ਼ ਆ ਗਈ ਸੀ ਤੇ ਗਾਜ਼ੀ ਚੰਦ ਚੰਦੇਲ ਇਹ ਨਾ ਨੱਠੇ, ਸਗੋਂ ਸੂਰਮਗਤੀ ਨਾਲ ਮਰਨਾ ਸਫਲ ਸਮਝ ਕੇ ਅੜ ਗਏ। ਉਧਰ ਪਠਾਣ ਬੀ ਨਾ ਭੱਜੇ, ਉਹ ਭੀ ਮੈਦਾਨ ਵਿਚ ਅੜੇ ਖੜ੍ਹੇ ਰਹੇ। ਹੁਣ ਇਨ੍ਹਾਂ ਨੇ ਇਕ ਮਿਲਵਾਂ ਹਮਲਾ ਕੀਤਾ। ਇਧਰੋਂ ਦਇਆ ਰਾਮ, ਨੰਦ ਚੰਦ, ਗੁਲਾਬ ਰਾਇ, ਗੰਗਾ ਰਾਮ ਆਦਿ ਜੋਧੇ ਹੁਣ ਵਧੇ ਹੋਏ ਹੌਸਲੇ ਨਾਲ ਖੂਬ ਅੜੇ ਤੇ ਭਾਰੀ ਘਮਸਾਨ ਹੋਇਆ। ਹਾਜ਼ੀ ਚੰਦ ਚੰਦੇਲ ਹੁਣ ਇੰਨੇ ਰੋਹ ਵਿਚ ਸੀ ਤੇ ਮਰਨ ਮਾਰਨ ਤੇ ਆਇਆ ਸੀ, ਅੱਗੇ ਵਧਦਾ ਗਿਆ। ਇਸ ਦੇ ਹੱਥ ਸੇਲਾ ਸੀ, ਜਿਸ ਨਾਲ ਇਸ ਨੇ ਅਨੇਕਾਂ ਬੀਰ ਪ੍ਰੋਤੇ ਤੇ ਘਾਇਲ ਕਰਕੇ ਪਛਾੜੇ। ਇਸ ਤਰ੍ਹਾਂ ਵਧਦਾ ਧਸਦਾ ਇਹ ਸੰਗੋਸ਼ਾਹ ਤੇ ਆ ਪਿਆ, ਪਰ ਉਸ ਸੂਰਮੇ ਦੇ ਅੱਗੇ ਪੇਸ਼ ਨਾ ਗਈ ਤੇ ਟੁਕੜੇ ਟੁਕੜੇ ਹੋ ਕੇ ਧਰਾ ਤੇ ਡਿਗਾ ਤੇ ਆਪਣਾ ਸੁਆਮਿ ਧਰਮ ਪੂਰਾ ਨਿਬਾਹ ਗਿਆ। ਗਾਜ਼ੀ ਚੰਦ ਦੀ ਮੌਤ ਨੇ ਨਜਾਬਤ ਖਾਂ ਦੇ ਦਿਲ ਕਟਕ ਦਾ ਰੋਹ ਭਰਿਆ। ਇਹ ਕੁਛ ਖਾਨ ਲੈ ਕੇ ਤੇਜ਼ੀ ਨਾਲ ਅੱਗੇ ਵਧਿਆ ਤੇ ਸਿੱਧਾ ਸੰਗੋਸ਼ਾਹ ਉਤੇ ਜੋ ਅੱਜ ਦੇ ਰਣ ਦਾ ਗੁਰੂ ਜੀ ਦੀ ਆਗਿਆ ਵਿਚ ਸੈਨਾਪਤ ਸੀ, ਆ ਪਿਆ। ਨਜਾਬਤ ਖਾਂ ਤੇ ਸੰਗੋਸ਼ਾਹ ਗੁਰੂ ਜੀ ਦੇ ਦੁਆਰੇ ਕਦੇ ਕੱਠੇ ਸਨ, ਇਕ ਦੂਜੇ ਨੂੰ ਸਿਆਣਦੇ ਸਨ, ਕਸਰਤਾਂ ਕੱਠੇ ਕਰਦੇ ਰਹੇ ਸਨ। ਦੁਏ ਖੂਬ ਲੜੇ। ਇਸ ਬੀਰਤਾ ਨਾਲ ਜੁੱਧ ਹੋਇਆ ਕਿ ਦੁਹਾਂ ਲਈ ਅਸ਼ ਅਸ਼ ਹੋ ਗਈ। ਛੇਕੜ ਨਜਾਬਤ ਦਾ ਸ਼ਸਤ੍ਰ ਟਿਕਾਣੇ ਪਿਆ ਤੇ ਸੰਗੋ ਜੀ ਮਰਮੀ ਜ਼ਖਮ ਖਾ ਗਏ, ਪਰ ਜੋਸ਼ ਵਿਚ ਐਤਨੇ ਸਨ ਕਿ ਵਾਰ ਮੋੜਵਾਂ ਝਾੜਿਆ ਤੇ ਨਜਾਬਤ ਖਾਂ ਹੁਰੀ ਮਾਰੇ ਗਏ ਤੇ ਧਰ ਸੰਗੋਸ਼ਾਹ ਹੁਰੀਂ ਬੀ ਢੱਠੇ ਤੇ ਸੁਰਗਾਂ ਨੂੰ ਸਿਧਾਰ ਗਏ। ਇਸ ਜੁੱਧ ਨੂੰ ਸਾਹਿਬਾਂ ਨੇ ਸੰਖੇਪ ਵਿਚ ਆਪ ਐਉਂ ਵਰਣਨ ਕੀਤਾ ਹੈ (ਪੋਥੀ ਫੇਰ ਪੜ੍ਹੀ) –

*ਚੱਕ੍ਰਿਤ ਚੋਪਿਓ ਚੰਦ ਗਾਜੀ ਚੰਦੇਲੰ।*
*ਹਠੀ ਹਰੀ ਚੰਦ ਗਹੇ ਹਾਥ ਸੇਲੰ।*
*ਕਰਯੋ ਸ੍ਵਾਮ ਧਰਮੰ ਮਹਾਂ ਰੋਸ ਰੁਝਯੰ।*
*ਗਿਰਯੋ ਟੂਕ ਟੂਕ ਹ੍ਵੈ ਕਿਧੋ ਸੂਰ ਜੁਝਯੰ।*
*ਤਹਾਂ ਖਾਨ ਨੈਜਾਬਤੋ ਆਨ ਕੈਕੈ।*
*ਹਨਯੋ ਸ਼ਾਹ ਸੰਗ੍ਰਾਮ ਕੇ ਸ਼ਸਤ੍ਰ ਲੈ ਕੈ।*
*ਕਿਤੇ ਖਾਨ ਬਾਨੀਨ ਹੂੰ ਅਸ਼ਤ੍ਰ ਝਾਰੇ।*
*ਸਹੀ ਸ਼ਾਹ ਸੰਗ੍ਰਾਮ ਸ਼ੁਰਗੰ ਸਿਧਾਰੇ।*
*ਦੋਹਰਾ। ਮਾਰ ਨਿਜਾਬਤ ਖਾਨ ਕੋ ਸੰਗੋ ਜੁਝੇ ਜੁਝਾਰ।*
*ਹਾ ਹਾ ਇਹ ਲੈ ਕੇ ਭਯੋ ਸੁਰਗ ਲੋਕ ਜੈਕਾਰ।*

ਸੰਗੋਸ਼ਾਹ ਜਿਸ ਬੀਰਤਾ ਨਾਲ ਅੱਜ ਲੜਿਆ ਫਤਹਿ ਦਾ ਢੇਰ ਸਾਰਾ ਹਿੱਸਾ ਉਸਦੀ ਦੂਰ ਦਰਸ਼ਤਾ ਤੇ ਫੇਰ ਅਮੁੜ ਬੀਰਤਾ ਦਾ ਫਲ ਸੀ। ਉਸ ਪਰ ਪ੍ਰਸੰਨ ਹੋ ਕੇ ਸਾਹਿਬਾਂ ਨੇ ਉਸਨੂੰ 'ਸ਼ਾਹ ਸੰਗਰਾਮ' ਦਾ ਨਾਮ ਬਖਸ਼ਿਆ –

*ਯਥਾ – ਸੰਗੋ ਕਾ ਪ੍ਰਭ ਨੇ ਧਰਿਓ ਨਾਮ ਸ਼ਾਹ ਸੰਗ੍ਰਾਮ।*
*ਤਿਹ ਨੇ ਪ੍ਰਾਕ੍ਰਮ ਅਸ ਕੀਓ ਤਬ ਪਾਇਓ ਯਹ ਨਾਮ।*

ਸ਼ਾਹ ਸੰਗ੍ਰਾਮ ਦੀ ਮੌਤ ਤੋਂ ਹੁਣ ਜੁੱਧ ਦੀ ਅਗੁਵਨੀ ਸਾਰੀ ਸਾਹਿਬਾਂ ਨੇ ਆਪ ਸੰਭਾਲੀ ਤੇ ਤੀਰ ਕਮਾਨ ਲੈ ਕੇ ਅੱਗੇ ਵਧੇ। ਉਧਰੋਂ ਹੁਣ ਖਾਨਾਂ ਦਾ ਸੰਗੋਸ਼ਾਹ ਦੇ ਮਾਰੇ ਜਾਣ ਤੇ ਹੌਸਲਾ ਵਧਿਆ ਤੇ ਨਿਜਾਬਤ ਦੇ ਮਾਰੇ ਜਾਣ ਤੋਂ ਗੁੱਸਾ ਵਧਿਆ। ਉਹ ਅੱਗੇ ਵਧੇ ਆ ਰਹੇ ਸਨ। ਘਾਟੇ ਤੋਂ ਅਜੇ ਵਿਥ ਤੇ ਸਨ ਕਿ ਉਪਰਲੇ ਮੈਦਾਨ ਦੀ ਇਸ ਘਾਟੇ ਤੇ ਵਧਵੀਂ ਗੁੱਠ ਤੇ ਜਾ ਗੁਰੂ ਜੀ ਨੇ ਤੀਰ ਛੋੜਿਆ, ਜੋ ਇਕ ਅੱਗੇ ਵਧੇ ਹੋਏ ਜਥੇਦਾਰ ਪਠਾਣ ਦੇ ਲੱਗਾ ਤੇ ਉਹ ਮਰ ਗਿਆ ਫਿਰ ਦੂਜਾ ਤੀਰ ਸੰਭਾਲ ਕੇ ਆਪ ਨੇ ਸੇਧਿਆ ਤੇ ਭੀਖਨ ਖਾਂ ਦੇ ਮੂੰਹ ਤੇ ਤੱਕ ਕੇ ਮਾਰਿਆ। ਇਹ ਤੀਰ ਕਾਨ ਨੂੰ ਜਖਮੀ ਕਰਕੇ ਘੋੜੇ ਵਿਚ ਧੱਸ ਗਿਆ। ਘੋੜਾ ਢਹਿ ਪਿਆ ਤੇ ਖਾਨ ਪਿੱਛੇ ਨੂੰ ਭੱਜ ਗਿਆ। ਤੀਜਾ ਤੀਰ ਫੇਰ ਚੱਲਿਆ, ਇਸ ਨਾਲ ਭੀ ਇਕ ਹੋਰ ਢੱਠਾ ਤੇ ਘੋੜਾ ਭੀ ਢੱਠਾ ਇੰਨੇ ਚਿਰ ਤੱਕ ਹਰੀ ਚੰਦ ਦੀ ਮੂਰਛਾ ਹਟ ਗਈ ਸੀ। ਉਸਨੂੰ ਜ਼ਖਮ ਕਾਰੀ ਨਹੀਂ ਸੀ, ਸਿਰ ਨੂੰ ਧਰਮ ਕੇ ਬੇਹੋਸ਼ ਕੀਤਾ ਸੀ, ਪਰ ਸੀ ਉਂਵ ਜ਼ਖਮੀ, ਹੋਸ਼ ਆਈ ਤੇ ਉਸ ਡਿੱਠਾ ਕਿ ਇਸ ਪਾਸੇ ਹਾਰ ਹੋ ਰਹੀ ਹੈ। ਫਤਹਿਸ਼ਾਹ ਟੁਰ ਗਿਆ ਹੈ, ਭੀਮ ਚੰਦ ਕਲਹ ਦਾ ਮੂਲ ਅੱਗੇ ਨਹੀਂ ਆਉਂਦਾ, ਹੋਰ ਰਾਜੇ ਪਿੱਛੇ ਪੈਰ ਸੱਟ ਰਹੇ ਹਨ, ਦੋ ਤ੍ਰੈ ਪਠਾਣ ਸਰਦਾਰ ਮਾਰੇ ਗਏ ਹਨ ਤੇ ਨਜਾਬਤ ਜ਼ਖਮ ਖਾਂ ਕੇ ਭੱਜ ਆਇਆ ਹੈ, ਤਦ ਇਸਨੂੰ ਸੂਰਬੀਰਤਾ ਦਾ ਰੋਹ ਚੜ੍ਹਿਆ ਤੇ ਆਪਣੇ ਸਵਾਰ ਨਾਲ ਲੈ ਕੇ ਅੱਗੇ ਵਧਿਆ। ਇਸ ਨੇ ਤੀਰਾਂ ਦੀ ਉਹ ਬਰਖਾ ਕੀਤੀ ਕਿ ਜਿਸਨੂੰ ਲੱਗਾ ਉਹ ਨਹੀਂ ਬਚਿਆ। ਦੋ ਦੋ ਬਾਣ ਖਿੱਚ ਕੇ ਇਸ ਨੇ ਇਕ-ਇਕ ਵਾਰ ਮਾਰੇ। ਸੂਰਮੇ ਨੂੰ ਲੱਗੇ ਕਿ ਘੋੜੇ ਨੂੰ, ਜਿਸਨੂੰ ਲੱਗੇ ਪਾਰ ਜਾ ਨਿਕਲੇ। ਇਸ ਜੁੱਧ ਵੇਲੇ ਦੁਵੱਲੀ ਫੇਰ ਜੁਟਵਾਂ ਜੰਗ ਮਚ ਰਿਹਾ ਸੀ। ਇਉਂ ਮਾਰਦਾ ਵਧਦਾ ਹਰੀ ਚੰਦ ਹੁਣ ਉਥੇ ਆ ਗਿਆ, ਜਿੱਥੇ ਕੁ ਗੁਰੂ ਜੀ ਪਰ ਉਸਦਾ ਤੀਰ ਟਿਕਾਣੇ ਬੈਠੇ, ਸੋ ਉਸ ਨੇ ਸੰਨ੍ਹ ਕੇ ਤੀਰ ਮਾਰਿਆ, ਇਹ ਗੁਰੂ ਜੀ ਦੇ ਘੋੜੇ ਨੂੰ ਲੱਗਾ। ਦੂਜਾ ਤੀਰ ਉਸਦਾ ਆਇਆ ਗੁਰੂ ਜੀ ਪਰ, ਪਰ ਸਾਂਈ ਦੀ ਮਿਹਰ ਨਾਲ ਕੰਨ ਨੂੰ ਛੋਹ ਕੇ ਨਿਕਲ ਗਿਆ, ਵੱਜਾ ਨਹੀਂ ਹਰੀ ਚੰਦ ਫੁਰਤੀਲੇ ਨੇ ਹੁਣ ਤੀਜਾ ਬਾਣ ਤੱਕ ਕੇ ਨਿਸ਼ਾਨਾ ਸੇਧ ਕੇ ਮਾਰਿਆ। ਇਹ ਪੇਟੀ ਵਿਚ ਖੁਭਿਆ, ਅੰਦਰ ਸਰੀਰ ਨੂੰ ਛੁਹਿਆ, ਪਰ ਚੁੰਝ ਮਾਤ੍ਰ ਚੁਭੀ, ਵਡਾ ਘਾਉ ਨਹੀਂ ਲੱਗਾ। ਹਰੀ ਚੰਦ ਨੂੰ ਜ਼ਿੰਦਗੀ ਵਿਚ ਅੱਜ ਆਪਣੀ ਤੀਰ ਅੰਦਾਜ਼ੀ

ਤੇ ਹਿਰਖ ਆਇਆ ਕਿ ਤਿੰਨ ਤੀਰ ਅਚੁਕ ਮਾਰੇ, ਪਰ ਗੁਰੂ ਜੀ ਦੀ ਦਾਉ ਬਚਾਉਣੀ ਚਪਲਤਾ ਕਿਸ ਕਮਾਲ ਦੀ ਹੈ ਕਿ ਵਾਲ ਵਾਲ ਬਚ ਜਾਂਦੇ ਹਨ। ਗੁਰੂ ਜੀ ਲਿਖਦੇ ਹਨ ਕਿ ਜਦ ਤੀਸਰਾ ਬਾਣ ਸਾਨੂੰ ਲੱਗ ਗਿਆ ਤਦ ਸਾਡਾ ਬੀ ਰੋਸ ਜਾਗਿਆ। ਤ੍ਰੈ ਵਾਰ ਵੈਰੀ ਸੂਰਮੇ ਦੇ ਝੱਲਣੇ ਬੜੀ ਖੁਲ੍ਹਦਿਲੀ ਵਾਲੀ ਬੀਰਤਾ ਹੈ। ਹੁਣ ਆਪ ਨੇ ਬੀ ਖਿੱਚ ਖਿੱਚ ਕੇ ਤੀਰ ਮਾਰੇ। ਇਸ ਵੇਲੇ ਬੀਰ ਅੱਗੇ ਵਧੇ ਤੇ ਬਾਣਾਂ ਦੀ ਮਿਲਵੀਂ ਬਾੜ ਝਾੜੀ। ਫਿਰ ਇਕ ਤੀਰ ਸੇਧ ਕੇ ਆਪ ਨੇ ਮਾਰਿਆ, ਜੋ ਉਸ ਜੁਆਨ ਨੂੰ ਲੱਗਾ ਤੇ ਹਰੀ ਚੰਦ ਮਰ ਗਿਆ। ਹਰੀਚੰਦ ਮਾਰਿਆ ਗਿਆ ਦੇਖ ਕੇ ਉਸਦੇ ਸਾਥੀ ਤੇ ਬਾਕੀ ਦੇ ਖਆਨ ਵਾਨ ਸਭ ਉਠ ਨੱਠੇ। ਕੋਟ ਲੇਹਰ ਦਾ ਰਾਜਾ ਬੀ ਮਾਰਿਆ ਗਿਆ ਤੇ ਗੁਰੂ ਜੀ ਦੀ ਫਤਹਿ ਹੋ ਗਈ। ਇਹ ਸਾਰਾ ਹਾਲ ਸਤਿਗੁਰਾਂ ਨੇ ਆਪ ਐਉਂ ਸੰਖੇਪ ਕਰਕੇ ਲਿਖਿਆ ਹੈ -

***ਭੁਜੰਗ ਛੰਦ***

***ਲਖੇ ਸਾਹ ਸੰਗ੍ਰਾਮ ਜੁੱਝੇ ਜੁਝਾਰੰ॥***
***ਤਵੰ ਕੀਟ ਬਾਣੰ ਕਮਾਣੰ ਸੰਭਾਰੰ॥***
***ਹਣਜੋ ਏਕ ਖਾਨੰ ਖਿਆਲੰ ਖਤੰਗੰ।***
***ਡਸਜੋ ਸਤ੍ਰ ਕੋ ਜਾਨ ਸਜਾਮੰ ਭੁਜੰਗੰ।***
***ਗਿਰਜੋ ਭੂਮ ਸੋ ਬਾਣ ਦੂਜੋ ਸੰਭਾਰਜੋ॥***
***ਮੁਖੰ ਭੀਖਨੰ ਖਾਨ ਕੇ ਤਾਕ ਮਾਰਜੋ॥***
***ਭਜਜੋ ਖਾਨ ਖੂਨ ਰਹਜੋ ਖੇਤ ਤਾਜੀ॥***
***ਤਜੇ ਪ੍ਰਾਣ ਤੀਜੇ ਲਗੇ ਬਾਣ ਬਾਜੀ॥***
***ਛੁਟੀ ਮੁਰਛਨਾ ਹਰੀ ਚੰਦੰ ਸੰਭਾਰੇ॥***
***ਗਹੇ ਬਾਣ ਕਾਮਾਣ ਭੇ ਐਂਚ ਮਾਰੇ।***
***ਲਗੇ ਅੰਗ ਜਾਂਕੇ ਰਹੇ ਨ ਸੰਭਾਰੰ॥***
***ਤਨੰ ਤਯਾਗ ਤੇ ਦੇਵਲੋਕੰ ਪਧਾਰੰ।***
***ਦੁਯੰ ਬਾਣ ਖੈਂਚੇ ਇਕੰ ਵਾਰ ਮਾਰੇ।***
***ਬਰੀ ਬੀਰ ਬਾਜੀਨ ਤਾਜੀ ਬਿਦਾਰੇ॥***
***ਜਿਸੈ ਬਾਣ ਲਾਗੈ ਰਹੈ ਨ ਸੰਭਾਰੰ॥***
***ਪ੍ਰਥਮ ਬੀਜੀਯੰ ਤਾਣ ਬਾਣੰ ਪ੍ਰਹਾਰੰ॥***
***ਦੁਤਿਯ ਤਾਕ ਕੈ ਤੀਰ ਮੋਕੌ ਚਲਾਯੰ॥***
***ਰਖਜੋ ਦਈਵ ਮੈਕਾਨ ਛ੍ਵੈ ਕੈ ਸਿਧਾਯੰ॥***
***ਤ੍ਰਿਤਿਯ ਬਾਨ ਮਾਰਜੋ ਸੁ ਪੇਟੀ ਮਝਾਰੰ॥***
***ਬਿਧਜੋ ਦਈਵ ਮੈਕਾਨ ਛ੍ਵੈ ਕੈ ਸਿਧਾਯੰ॥***
***ਤ੍ਰਿਤਿਯ ਬਾਨ ਮਾਰਜੋ ਸੁ ਪੇਟੀ ਮਝਾਰੰ॥***
***ਬਿਧਜੰ ਚਿਲਕਤੰ ਦੁਆਲੇ ਪਾਰੰ ਪਧਾਰੰ॥***
***ਚੁਭੀ ਚਿੰਚ ਚਰਮੰ ਕਛੂ ਘਾਇ ਨ ਨ ਆਯੰ॥***
***ਕਲੰ ਕੇਵਲੰ ਜਾਨ ਦਾਸੰ ਬਚਾਯੰ॥***

***ਰਸਾਵਲ ਛੰਦ।***

***ਜਬੈ ਬਾਨ ਲਾਗਜੋ। ਤਬੈ ਰੋਸ ਜਾਗਜੋ॥***
***ਕਰੰ ਲੈ ਕਮਾਣੰ॥ ਹਨੰ ਬਾਣ ਤਾਣੰ॥***
***ਸਭੈ ਬੀਰ ਧਾਏ।। ਸਰੋਘੰ ਚਲਾਏ॥***
***ਤਬੈ ਤਾਕਿ ਬਾਣੰ॥***
***ਹਨਜੋ ਏਕ ਜ੍ਵਾਣੰ॥***
***ਹਰੀ ਚੰਦ ਮਾਰੇ॥ ਸੁ ਜੋਧਾ ਲਤਾਰੇ॥***
***ਸੁ ਕਾਰੋੜ ਰਾਯੰ॥ ਵਹੈ ਕਾਲ ਘਾਯੰ॥***
***ਰਣੰ ਤਯਾਗ ਭਾਗੇ॥ ਸਭੈ ਤ੍ਰਾਸ ਪਾਗੇ॥***
***ਭਈ ਜੀਤ ਮੇਰੀ॥ ਕ੍ਰਿਪਾ ਕਾਲਕੇਰੀ॥***
***ਰਣੰ ਜੀਤ ਆਏ। ਜਯੰ ਗੀਤ ਗਾਏ॥***
***ਧਨੰ ਧਾਰ ਬਰਖੇ॥ ਸਭੈ ਸੂਰ ਹਰਖੇ॥***

ਹੁਣ ਭਾਜੜ ਪੈ ਗਈ, ਸਭ ਭੱਜੇ ਜਾਂਦੇ ਹਨ, ਬੇੜੀਆਂ ਤੇ ਚੜ੍ਹ ਚੜ੍ਹ, ਨਦੀ ਨੂੰ ਤਰ ਤਰ, ਲੱਕੜਾਂ ਵਿਚ ਸੱਟ ਸੱਟ, ਉਸਦੇ ਆਸਰੇ ਲੈ ਲੈ, ਘੜਿਆਂ ਤੇ ਠਿਲ੍ਹ ਠਿਲ੍ਹ ਤੁਲਿਹਾਂ ਦੇ ਆਸਰੇ ਲੈ ਲੈ, ਪਾਰ ਨੂੰ ਭੱਜੇ ਜਾ ਰਹੇ ਹਨ, ਸਾਰੇ ਰਾਜਪੂਤ, ਪਠਾਣ, ਛੇੜਾਂ ਵਾਲੇ, ਅਹੀਰ, ਗੁੱਜਰ ਤੇ ਹੋਰ ਪਰਜਾ ਦੇ ਵਹੀਰਾਂ ਪਾ ਕੇ ਆਏ ਹੋਏ। ਸਿੱਖ ਦਲ ਹੁਣ ਖੁਸ਼ੀ ਵਿਚ ਉਮਡਿਆ ਪਿੱਛਾ ਕਰਨ ਉਠ ਪਿਆ ਕਿ ਪਾਰ ਜਾ ਕੇ ਰਾਜਧਾਨੀ ਤਕ ਮਾਰ ਕਰੀਏ। ਪਰ ਗੁਰੂ ਜੀ ਨੇ ਪਿੱਛਾ ਕਰਦੇ ਜਾ ਰਹੇ ਮੋੜ ਮੰਗਾਏ।

ਹੁਣ ਪਹਿਲਾ ਕੰਮ ਸੀ ਸੰਗੋਸ਼ਾਹ, ਜੀਤ ਮਲ ਤੇ ਹੋਰ ਸ਼ਹੀਦ ਹੋਏ ਜੋਧਿਆ ਦਾ ਸਸਕਾਰ, ਬੁੱਧੂਸ਼ਾਹ ਦੇ ਪੁੱਤਰਾਂ ਦਾ ਦਫਨ ਤੇ ਬਾਕੀ ਸਾਰੇ ਸ਼ਹੀਦਾਂ ਦਾ ਅੰਤਮ ਸੰਸਕਾਰ। ਗੁਰੂ-ਆਗਿਆ ਵਿਚ ਆਪ ਦੇ ਮਿਹਰ ਭਰੇ ਨੈਣਾਂ ਹੇਠ ਤੇ ਅਸੀਸਾਂ ਵਿਚ ਕੀਤਾ ਗਿਆ। ਇਹ ਸਾਰੇ ਕਾਰਜ ਕਰ ਕਰਾ ਕੇ ਗੁਰੂ ਜੀ ਆਪਣੇ ਬਿਜਈ ਦਲ ਤੇ ਪੀਰ ਬੁੱਧੂ ਸ਼ਾਹ ਤੇ ਆਪਣੇ ਸੂਰਮਿਆਂ ਸਮੇਤ ਪਾਉਂਟੇ ਆ ਗਏ। ਜ਼ਖਮੀ ਬੀ ਸਾਰੇ ਆਂਦੇ ਗਏ ਤਕੇ ਉਨ੍ਹਾਂ ਇਲਾਜ ਅਰੰਭੇ ਗਏ।

੧੦

***ਰਣੰ ਜੀਤ ਆਏ॥ ਜਯੰ ਗੀਤ ਗਾਏ॥***
***ਧਾਂਨ ਧਾਰ ਬਰਖੇ॥ ਸਭੈ ਸੂਰ ਹਰਖੇ॥ ਬਚਿਤ੍ਰ ਨਾਟਕ***

ਪਾਉਂਟੇ ਸਾਹਿਬ ਆ ਕੇ ਉਪਰਲੇ ਕੰਮ ਪਹਿਲਾਂ ਕਰਕੇ ਇਕ ਦਿਨ ਆਰਮ ਕਰਕੇ ਫੇਰ ਦੀਵਾਨ ਸਜਿਆ। ਇਸ ਵਿਚ ਸ੍ਰੀ ਗੁਰੂ ਜੀ ਨੇ ਆਪਣੇ ਉਚੇ ਆਦਰਸ਼ ਦਾ, ਸ਼ਤਰੂ ਦਲ ਦਾ ਬਿਨਾਂ ਕਾਰਨ ਦਿੱਤੇ ਦੇ ਆ ਪੈਣ ਦਾ ਤੇ ਅੱਗੋਂ ਦੋਏ ਹੱਥ ਜੋੜ ਲੱਕ, ਦੂਹਰੇ ਕਰਕੇ ਸ਼ਰਨ ਨਾ ਜਾ ਪੈਣ ਦੀ ਬੀਰਤਾ ਦਾ ਵੇਰਵਾ ਆਦਿ ਦੱਸ ਕੇ ਬੀਰਸ ਰਸ ਤੇ ਸ਼ਾਂਤ ਰਸ ਦਾ ਸੰਮੇਲਨ ਸਮਝਾਇਆ। ਅੰਤਰ ਆਤਮੇ ਜੋਤਿ ਨਾਲ ਇਕ ਜੋਤਿ ਹੋ ਉਚੇ ਰਹਿ ਕੇ ਸੁੱਚੇ ਆਚਰਨ ਵਿਚ ਬੀਰਰਸ ਦਾ ਵਰਤਾਉ ਦਸਿਆ। ਫੇਰ ਉਨ੍ਹਾਂ ਲਈ ਅਸੀਸਾਂ ਤੇ ਅਸ਼ੀਰਵਾਦਾਂ ਹੋਈਆਂ, ਜੋ ਸ਼ਹੀਦ ਹੋਏ ਸੇ ਇਹ ਬੀ ਲਿਖਿਆ ਹੈ ਕਿ ਪਹਿਲੇ ਆਸਾ ਦੀ ਵਾਰ ਲੱਗੀ ਸੀ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਿਆ ਤੇ ਕੜਾਹ ਪ੍ਰਸ਼ਾਦਿ ਵਰਤਿਆ ਸੀ।

ਹੁਣ ਜੋ ਸੂਰਮੇਂ ਬਹਾਦਰੀਆਂ ਕਰਕੇ ਜੀਉਂਦੇ ਆਏ ਸੇ ਉਨ੍ਹਾਂ ਤੇ ਮਿਹਰਾਂ ਹੋਈਆਂ, ਸਿਰੋਪਾਉ ਦਿਤੇ ਗਏ। ਸੈਨਾ ਦੇ

**(ਬਾਕੀ ਪੰਨਾ 63 ਤੇ)**

# ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ
## ((Practical Guide to Holistic Health))

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਇ ਤੀਸਰਾ
### ਪੌਸ਼ਟਿਕ ਆਹਾਰ

ਅੰਤਰ ਦੀ ਸਫਾਈ ਦੇ ਨਾਲ-ਨਾਲ ਪੁਰਾਤਨ ਪੁਰਖਾਂ ਨੇ ਪੋਸ਼ਟਿਕ ਆਹਾਰ ਨੂੰ ਵੀ ਓਨੀ ਹੀ ਮਹੱਤਤਾ ਦਿਤੀ ਹੈ ਸਰੀਰ ਸਾਡਾ ਸਭ ਤੋਂ ਉਤਮ ਤੇ ਪੂਰਣ ਯੰਤਰ ਹੈ ਇਹ ਹੀ ਨਹੀਂ ਇਹ ਬਹੁਤ ਹੀ ਸ਼ਕਤੀਸ਼ਾਲ ਯੰਤਰ ਹੈ, ਇਸ ਯੰਤਰ ਨੂੰ ਚਲਾਣ ਵਾਲੀ ਵਸਤੂ ਹੈ ਭੋਜਨ, ਖਾਣਾ। ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਸਾਡਾ ਸਰੀਰ ਕਿਸ ਤਰ੍ਹਾਂ ਦਾ ਹੈ ਇਸ ਦੀ ਕੀ ਬਣਤਰ ਹੈ, ਇਸ ਲਈ ਕਿਸ ਕਿਸਮ ਦਾ ਆਹਾਰ ਠੀਕ ਰਹੇਗਾ, ਕਿੰਨਾ ਖਾਣਾ ਚਾਹੀਦਾ ਹੈ, ਕਿੰਨਾ ਪਾਣੀ ਤੇ ਹੋਰ ਜੂਸ ਆਦਿ ਕਿੰਨਾ ਪੀਣਾ ਚਾਹੀਦਾ ਹੈ। ਨਾ ਹੀ ਘਟ ਖਾਣਾ ਸਰੀਰ ਲਈ ਠੀਕ ਹੈ, ਨਾ ਹੀ ਲੋੜ ਤੋਂ ਵੱਧ ਖਾਣਾ ਠੀਕ ਹੈ। ਭੋਜਨ ਦੇ ਗੁਣ ਕੀ ਹਨ, ਉਸਨੂੰ ਕਿਸ ਤਰ੍ਹਾਂ ਨਾਲ ਬਣਾ ਕੇ ਤਿਆਰ ਕਰਨਾ ਹੈ ਇਹ ਵੀ ਚੰਗੀ ਤਰ੍ਹਾਂ ਨਾਲ ਸਮਝ ਲੈਣਾ ਚਾਹੀਦਾ ਹੈ। ਸਾਨੂੰ ਆਪਣੀ ਸਮਰਥਾ ਪਤਾ ਹੋਣੀ ਚਾਹੀਦੀ ਹੈ, ਹਰ ਸਤਾ ਹੈ ਹਰ ਪੜਾਅ ਤੇ ਆਪਣੀ ਸਮਰਥਾ ਦਾ ਪਤਾ ਹੋਣਾ ਚਾਹੀਦਾ ਹੈ, ਸਾਨੂੰ ਆਪਣੀ ਖੁਰਾਕ ਆਪਣੇ ਕੰਮ ਆਪਣੀਆਂ ਗਤੀਵਿਧੀਆਂ ਅਨੁਸਾਰ ਹੀ ਨਿਯਮਤ ਕਰਨੀ ਚਾਹੀਦੀ ਹੈ।

ਕੋਈ ਇਕ ਤਰ੍ਹਾਂ ਦੀ ਖੁਰਾਕ ਨਹੀਂ ਹੈ ਜਿਹੜੀ ਸਾਰਿਆਂ ਲਈ ਠੀਕ ਹੋਵੇ। ਹਰ ਇਕ ਵਿਅਕਤੀ ਦੂਸਰੇ ਤੋਂ ਫਰਕ ਹੈ, ਵਖਰਾ ਹੈ। ਸਾਡੀ ਸਭ ਦੀ ਪਾਚਨ ਸ਼ਕਤੀ ਵਖਰੀ ਹੈ ਹਰ ਇਕ ਨੂੰ ਵੱਖ-ਵੱਖ ਮਾਤਰਾ ਵਿਚ ਪੌਸ਼ਟਕ ਆਹਾਰ ਦੀ ਲੋੜ ਹੈ, ਇਹ ਲੋੜ ਮਨੁੱਖ ਦੀ ਗਤੀ ਵਿਧੀ ਉਸ ਦੇ ਕੰਮ ਕਾਜ ਦੇ ਅਨੁਸਾਰ ਵੀ ਹੈ, ਉਸ ਦੇ ਜਨਨਿਕ ਅਨੁਸਾਰ ਹੈ, ਮੌਸਮ ਤੇ ਥਾਂ ਦੇ ਅਨੁਸਾਰ ਵੀ ਹੈ, ਸਾਡੇ ਸਿਹਤ ਕਿਸ ਤਰ੍ਹਾਂ ਦੀ ਹੈ ਇਸ ਅਨੁਸਾਰ ਵੀ ਹੈ। ਮਿਸਾਲ ਵਜੋਂ ਇਕ ਖਲਾੜੀ ਨੂੰ ਵਧੇਰੇ ਗੁਣ ਵਿਚ, ਵਧੇਰੇ ਪੋਸ਼ਟਿਕ ਆਹਾਰ ਦੀ ਲੋੜ ਹੈ। ਜਿਹੜਾ ਆਰਕਟਿਕ ਵਿਚ ਰਹਿੰਦਾ ਹੈ ਉਸਨੂੰ ਵਿਟਾਮਿਨ ਡੀ ਦੀ ਵਧੇਰੇ ਲੋੜ ਹੈ, ਜੇ ਕੋਈ ਲੰਮੀ ਬਿਮਾਰੀ ਤੋਂ ਠੀਕ ਹੋ ਰਿਹਾ ਹੈ ਪਤਲਾ ਦੁਬਲਾ ਮਾੜਾ ਹੈ, ਉਸਨੂੰ ਵਧੇਰੇ ਪੋਸ਼ਟਿਕ ਆਹਾਰ ਦੀ ਲੋੜ ਹੈ, ਜਿਵੇਂ ਦੁੱਧ, ਫਲ ਤੇ ਹੋਰ ਚੰਗਾ ਆਹਾਰ, ਜਿਹੜਾ ਮੋਟਾ ਹੈ, ਵਧੇਰੇ ਵਜ਼ਨ ਵਾਲਾ ਹੈ, ਜਿਹੜਾ ਕੋਈ ਨਸ਼ੇ ਕਰਦਾ ਹੈ ਉਸਨੂੰ ਸਫਾਈ ਦੀ ਲੋੜ ਹੈ ਅੰਦਰ ਦੀ ਸਫਾਈ ਦੀ ਉਸਨੂੰ ਵਧੇਰੇ ਫਲਾਂ ਦੀ ਲੋੜ ਹੈ। ਸੋ ਕੀ ਖਾਣਾ ਚਾਹੀਦਾ ਹੈ ਇਹ ਇਕ ਵਿਅਕਤੀਗਤ ਪ੍ਰਸ਼ਨ ਹੈ। ਇਹ ਸਾਨੂੰ ਹਰ ਇਕ ਨੂੰ ਆਪਣੇ ਆਪ ਨੂੰ ਜਾਣ ਕੇ ਆਪਣੇ ਸਰੀਰ ਦੀ ਲੋੜ ਨੂੰ ਦੇਖ ਕੇ ਆਪ ਹੀ ਨਿਰਣਾ ਕਰਨਾ ਪਵੇਗਾ ਹਾਂ ਇਹ ਗੱਲ ਜ਼ਰੂਰ ਹੈ ਕਿ ਕਈ ਆਮ ਮਾਰਗ ਦਰਸ਼ਕ ਹਨ ਜਿਹੜੇ ਦੱਸੇ ਜਾ ਸਕਦੇ ਹਨ ਜਿਹੜੇ ਸਾਰਿਆਂ ਲਈ ਸਾਂਝੇ ਹਨ, ਉਹ ਦਿਤੇ ਗਏ ਹਨ।

ਸਭ ਤੋਂ ਪਹਿਲੀ ਗੱਲ ਹੈ ਕਿ ਕਦੇ ਵੀ ਜੀਭ ਦੇ ਸੁਆਦ ਦੇ ਅਧੀਨ ਹੋ ਕੇ ਨਾ ਖਾਓ। ਅੱਜ ਦੇ ਲੋਕ ਸੁਆਦ ਲਈ ਵਧੇਰੇ ਖਾਂਦੇ ਹਨ ਪੋਸ਼ਟਕਾ ਲਈ ਘਟ। ਇਹ ਜ਼ਰੂਰੀ ਨਹੀਂ ਕਿ ਸੁਆਦ ਭੋਜਨ ਪੋਸ਼ਟਿਕ ਹੋਵੇ ਨਾ ਹੀ ਇਹ ਜ਼ਰੂਰੀ ਹੈ ਕਿ ਸਾਰਾ ਪੋਸ਼ਟਿਕ ਭੋਜ ਸੁਆਦ ਹੋਵੇ। ਸਾਰੇ ਹੀ ਸੁਆਦ ਮਨੁੱਖ ਸਿਖਦਾ ਹੈ ਕੋਈ ਵੀ ਸੁਆਦ ਲੈ ਕੇ ਤੁਸੀਂ ਪੈਦਾ ਨਹੀਂ ਹੁੰਦੇ ਜਿਵੇਂ ਤੁਸੀਂ ਆਦਤਾਂ ਸਿਖਦੇ ਹੋ ਉਸੇ ਤਰ੍ਹਾਂ ਸੁਆਦ ਵੀ। ਹਾਂ ਨਵੇਂ ਸੁਆਦ ਤੁਸੀਂ ਲੈ ਸਕਦੇ ਹੋ, ਆਪਣੇ ਅੰਦਰ ਪੈਦਾ ਕਰ ਸਕਦੇ ਹੋ, ਜੇ ਤੁਸੀਂ ਇਸ ਗੱਲ ਨੂੰ ਸਮਝ ਜਾਓ ਕਿ ਤੁਹਾਡੇ ਲਈ ਕੀ ਠੀਕ ਹੈ ਕੀ ਪੋਸ਼ਟਿਕ ਹੈ। ਖਾਣਾ ਤੁਹਾਡੀ ਅਚੇਤ ਆਦਤ ਨਹੀਂ ਬਣਨੀ ਚਾਹੀਦੀ ਜਿਵੇਂ ਕਿ ਦੂਸਰੀਆਂ ਆਦਤਾਂ ਜਿਵੇਂ ਕਿ ਨਸ਼ਿਆਂ ਦੀ ਵਰਤੋਂ ਜਿਵੇਂ ਕਿ ਸ਼ਰਾਬ ਪੀਣੀ ਸਿਗਰਟ ਆਦਿ।

ਜੋ ਵੀ ਤੁਸੀਂ ਖਾਂਦੇ ਹੋ ਧਿਆਨ ਰੱਖੋ ਕੀ ਖਾ ਰਹੇ ਹੋ? ਕਿਵੇਂ ਖਾ ਰਹੇ ਹੋ? ਕੋਈ ਖਾਣਾ ਜਿਹੜਾ ਓਪਰੀ ਸੁਗੰਧ ਨਾਲ ਬਣਿਆ ਹੋਵੇ, ਬਹੁਤ ਹੀ ਕੋਮਲ ਵਸਤੂ ਤੋਂ ਬਣਿਆ ਜਿਵੇਂ ਮੈਦਾ, ਜਿਸਨੂੰ ਅੱਜਕਲ੍ਹ junkfood ਕਿਹਾ ਜਾਂਦਾ ਹੈ ਪੀਜ਼ਾ, ਬਰਗਰ ਇਹ ਸਭ ਸੁਆਸਥ ਲਈ ਬਹੁਤ ਹੀ ਹਾਨੀਕਾਰਕ ਹਨ। ਛੇਤੀ-ਛੇਤੀ ਖਾਣਾ, ਗਟ-ਗਟ ਕਰਕੇ ਪਾਣੀ ਪੀਣਾ, ਖਾਂਦੇ ਵੇਲੇ ਵਿਚ ਥੋੜ੍ਹਾ ਰੁਕ ਕੇ ਆਰਾਮ ਨਾ ਕਰਨਾ ਜਾਂ ਤਨਾਓ ਵਾਲੀ ਹਾਲਤ ਵਿਚ ਖਾਣਾ ਜਦੋਂ ਤੁਸੀਂ ਅਸ਼ਾਂਤ ਹੋ ਦੁਖੀ ਹੋ ਉਦੋਂ ਖਾਣਾ ਇਸ ਤਰ੍ਹਾਂ ਨਾਲ ਤੁਹਾਡਾ ਮੇਹਦਾ ਖਰਾਬ ਹੁੰਦਾ ਹੈ। ਇਸ ਤਰ੍ਹਾਂ ਨਾਲ ਤੁਹਾਡੇ ਪੇਟ ਨੂੰ ਤੁਹਾਡੇ ਮਿਹਦੇ ਨੂੰ ਵਧੇਰੇ ਕੰਮ ਕਰਨਾ ਪੈਂਦਾ ਹੈ, ਖਾਣਾ ਆਂਤੜੀਆਂ ਵਿਚ ਸੜਨ ਲਗ ਪੈਂਦਾ ਹੈ, ਬਦਬੂ ਮਾਰਨ ਲਗ ਪੈਂਦਾ ਹੈ, ਇਸ ਤਰ੍ਹਾਂ ਦਾ ਭੋਜਨ ਖਾਣਾ ਇਕ ਤਰ੍ਹਾਂ ਨਾਲ ਜ਼ਹਿਰ ਦਾ ਕੰਮ ਕਰਦਾ ਹੈ। ਤੁਹਾਨੂੰ ਉਹ ਖੁਰਾਕ ਖਾਣੀ ਚਾਹੀਦੀ ਹੈ ਜਿਹੜੀ ਕਿ ਪਹਿਲਾਂ ਤਿਆਰ ਨਾ ਕੀਤੀ ਹੋਵੇ (unproccssed) ਹੋਵੇ ਕੋਮਲ ਵਸਤੂ ਤੋਂ ਨਾ ਬਣੀ ਹੋਵੇ, ਆਟੇ ਤੇ ਕਣਕ ਤੋਂ ਹੋਵੇ ਮੈਦਾ ਨਹੀਂ ਜਿਸ ਵਿਚ ਰਸਾਇਨ ਆਦਿ ਦੀ ਵਰਤੋਂ ਨਾ ਕੀਤੀ ਗਈ ਹੋਵੇ, ਕੇਵਲ ਉਦੋਂ ਹੀ ਖਾਓ ਜਦੋਂ ਭੁੱਖ ਲੱਗੇ ਸਰੀਰ ਮੰਗੇ ਸਰੀਰ ਨੂੰ ਭੋਜਨ ਦੀ ਲੋੜ ਹੋਵੇ।

ਦੁਰਭਾਗ ਦੀ ਗੱਲ ਇਹ ਹੈ ਕਿ ਬਹੁਤ ਘੱਟ ਲੋਕੀ ਇਸ ਗੱਲ ਤੇ ਚਲਦੇ ਹਨ। ਖਾਣ ਪੀਣ ਦੀਆਂ ਮਾੜੀਆਂ ਆਦਤਾਂ

ਕਾਰਣ ਬਹੁਤ ਸਾਰੇ ਲੋਕ ਉਹ ਕੁਝ ਕਰ ਲੈਂਦੇ ਹਨ, ਆਪਣੇ ਆਪ ਨੂੰ ਧੱਕੇ ਨਾਲ ਉਹ ਕੁਝ ਕਰਵਾਉਂਦੇ ਹਨ ਜਿਹੜੇ ਸੁਤੇ ਹੀ ਹੋ ਜਾਣਾ ਚਾਹੀਦਾ ਹੈ। ਕਈ ਲੋਕ ਚਾਹ ਪੀਣਗੇ ਜੂਸ ਪੀਣਗੇ ਤਾਂ ਜੋ ਉਹ ਪੇਟ ਸਾਫ ਕਰ ਸਕਣ। ਰਾਤ ਨੂੰ ਸੌਂ ਸਕਣ ਲਈ ਨੀਂਦ ਦੀ ਗੋਲੀ ਖਾਣਗੇ, ਰੋਟੀ ਹਜ਼ਮ ਕਰਨ ਲਈ ਕੋਈ ਠੰਢਈ ਬੋਤਲ ਪੀਣਗੇ, ਆਪਣੇ ਸੁਆਸਾਂ ਨੂੰ ਸਾਂਵੇ ਕਰਨ ਲਈ ਇਸ ਸੁਰ ਇਕ ਸਾਰ ਕਰਨ ਲਈ ਉਹ ਲੰਮਾ ਸੁਆਸ ਲੈਣ ਦੀ ਥਾਂ, ਨਿਸਲ ਹੋਣ ਦੀ ਤਾਂ ਉਹ ਸ਼ਰਾਬ ਦੀ ਵਰਤੋਂ ਕਰਨਗੇ, ਇਸ ਤੋਂ ਬਿਨਾਂ ਵਧ ਤੋਂ ਵੱਧ ਖੰਡ ਖਾਣਗੇ, ਲੂਣ ਖਾਣਗੇ, ਇਹ ਦੋਨੋਂ ਬਹੁਤ ਹੀ ਹਾਨੀਕਾਰਕ ਹਨ ਸਿਹਤ ਲਈ ਬਹੁਤ ਹੀ ਖਤਕਨਾਕ ਸਿੱਧ ਹੋ ਸਕਦੇ ਹਨ। ਡਾਕਟਰੀ ਖੋਜ ਕਹਿੰਦੀ ਹੈ ਵਧੇਰੇ ਲੂਣ ਨਾਲ ਹਾਈ ਬਲੱਡ ਪਰੈਸ਼ਰ ਹੁੰਦਾ ਹੈ ਜਿਸ ਨਾਲ ਗੁਰਦਿਆਂ ਨੂੰ ਵਧੇਰੇ ਕੰਮ ਕਰਨਾ ਪੈਂਦਾ ਹੈ, ਬਹੁਤ ਮਿੱਠਾ ਖਾਣ ਨਾਲ ਸ਼ੱਕਰ ਦੀ ਬਿਮਾਰੀ ਹੋ ਸਕਦੀ ਹੈ ਮੋਟਾਪਾ ਵਧ ਸਕਦਾ ਹੈ।

ਦੂਸਰੇ ਪਾਸੇ ਕੁਦਰਤ ਵਲੋਂ ਮਿੱਠੀਆਂ ਚੀਜ਼ਾਂ, ਮਿੱਠੇ ਪਦਾਰਥ ਜਿਵੇਂ ਕਿ ਖਜੂਰਾਂ, ਸ਼ਹਿਦ, ਫਲਾਂ ਦੀ ਮਿਠਾਸ ਇਹ ਸਭ ਕੁਝ ਬਹੁਤ ਹੀ ਪੋਸ਼ਟਿਕ ਹੈ, ਹਾਂ ਪਰ ਖਾਣਾ ਇਹ ਵੀ ਸਹਿੰਦੀ ਮਿਕਦਾਰ ਵਿਚ ਚਾਹੀਦਾ ਹੈ, ਚੀਨੀ ਜੋ ਕਿ ਸਾਫ ਕਰ ਕਰਕੇ ਬਣਾਈ ਜਾਂਦੀ ਹੈ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ। ਦੂਸਰੀਆਂ ਮਿੱਠੀਆਂ ਚੀਜ਼ਾਂ ਵਿਚ ਹੋਰ ਕਈ ਗੁਣ ਵੀ ਹਨ। ਸੰਸਾਰ ਵਿਚ ਕਿਤੇ ਵੀ 99% ਸ਼ੁਧ ਚੀਨੀ ਨਹੀਂ ਹੈ ਹਾਂ ਬਜ਼ਾਰ ਵਿਚ ਵੱਡੀਆਂ-ਵੱਡੀਆਂ ਦੁਕਾਨਾਂ ਤੇ ਮਿਲਦੀ ਜੋ ਕਿ ਰਸਾਇਣਾਂ ਨਾਲ ਸ਼ੁੱਧ ਕੀਤੀ ਜਾਂਦੀ ਹੈ ਜਿਸ ਕਰਕੇ ਉਹ ਦਵਾਈ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਹੋਰ ਵੀ ਹਾਨੀਕਾਰਕ ਬਣ ਜਾਂਦੀ ਹੈ। ਜੇ ਤੁਸੀਂ ਇਕ ਚਮਚ ਲੂਣ ਖਾਓ ਜਾਂ ਇਕ ਪਿਆਲਾ ਖੰਡ ਦਾ ਖਾਓ ਤੁਸੀਂ ਆਪਣੇ ਅੰਦਰ ਛੇਤੀ ਹੀ ਔਸ਼ਧੀ ਵਰਗੇ ਬਦਲਾਵ ਦੇਖੋਗੇ। ਸੋ ਦੂਸਰਾ ਨਿਯਮ ਹੈ ਬਹੁਤੀ ਮਾਤਰਾ ਵਿਚ ਲੂਣ ਖੰਡ ਦੀ ਵਰਤੋਂ ਨਾ ਕੀਤੀ ਜਾਵੇ।

ਬਹੁਤ ਸਾਰੇ ਲੋਕਾਂ ਨੂੰ ਇਹ ਹੀ ਪਤਾ ਨਹੀਂ ਲਗਦਾ ਕਿ ਉਹ ਕੀ ਖਾਣ ਉਨ੍ਹਾਂ ਨੂੰ ਕਿਸ ਪ੍ਰਕਾਰ ਦੇ ਭੋਜਨ ਦੀ ਲੋੜ ਹੈ। ਇਹ ਤਾਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਭੁੱਖ ਲੱਗੀ ਹੈ, ਪਰ ਉਸ ਹਾਲਤ ਵਿਚ ਉਹ ਕੁਝ ਵੀ ਜੋ ਵੀ ਮਿਲੇ ਖਾ ਲੈਂਦੇ ਹਨ ਇਹ ਸੋਚਦੇ ਹੀ ਨਹੀਂ ਕਿ ਜੋ ਉਹ ਖਾ ਰਹੇ ਹਨ ਉਹ ਕਿੰਨਾ ਕੁ ਪੋਸ਼ਟਿਕ ਹੈ ਉਹ ਸੋਚਦੇ ਹਨ ਉਹ ਪੂਰਣ ਆਹਾਰ ਲੈ ਰਹੇ ਹਨ ਪਰ ਪੂਰਣ ਤੋਂ ਭਾਵ ਹੈ ਜਿਹੜਾ ਪੂਰੀ ਤਰ੍ਹਾਂ ਪੋਸ਼ਟਿਕ ਹੈ ਉਹ ਅੰਦਰ ਦੇ ਸਰੀਰ ਵਿਚ ਅਸ਼ਾਂਤੀ ਨਹੀਂ ਪੈਦਾ ਕਰਦਾ, ਪਰ ਬਹੁਤ ਸਾਰੇ ਲੋਕਾਂ ਨੂੰ ਤਾਂ ਪਤਾ ਹੀ ਨਹੀਂ ਕਿ ਉਹ ਕੀ ਹੈ ਜਿਹੜਾ ਅਸ਼ਾਤੀ ਨਹੀਂ ਪੈਦਾ ਕਰਦਾ ਜਿਹੜਾ ਉਨ੍ਹਾਂ ਦੇ ਸਰੀਰ ਲਈ ਠੀਕ ਹੈ, ਲੋਕਾਂ ਨੂੰ ਇਸ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ ਜੇਕਰ ਉਨ੍ਹਾਂ ਨੂੰ ਪਤਾ ਵੀ ਹੈ ਕਿ ਠੀਕ? ਕੀ ਨਹੀਂ ਜੇ ਉਹ ਆਪਣੇ ਰੋਜ਼ ਦੇ ਖਾਣ ਪੀਣ ਵਿਚ ਕੋਈ ਲਾਭ ਨਹੀਂ, ਫੇਰ ਉਨ੍ਹਾਂ ਦੀ ਸਿਹਤ ਠੀਕ ਨਹੀਂ ਹੋ ਸਕਦੀ ਜੇ ਖਾਣ ਬਾਰੇ ਉਨ੍ਹਾਂ ਨੂੰ ਗਿਆਨ ਹੈ ਉਨ੍ਹਾਂ ਲਈ ਕੀ ਠੀਕ ਹੈ ਕੀ ਨਹੀਂ ਠੀਕ ਉਹ ਇਸਨੂੰ ਆਪਣੇ ਰੋਜ਼ ਦੇ ਜੀਵਨ ਵਿਚ ਲਾਗੂ ਵੀ ਕਰਦੇ ਹਨ ਉਹ ਸਵਸਥ ਜੀਵਨ ਜੀ ਸਕਦੇ ਹਨ ਵਧੇਰੇ ਸਿਰਜਨਾਆਤਮਕ ਹੋ ਸਕਦੇ ਹਨ, ਸਹਾਇਕ ਹੋ ਸਕਦੇ ਹਨ, ਵਧੇਰੇ ਕੰਮ ਕਰ ਸਕਦੇ ਹਨ। ਚੰਗਾ ਪੋਸ਼ਟਿਕ ਭੋਜਨ ਖਾ ਕੇ ਉਹ ਆਪਣੇ ਆਪ ਨੂੰ ਬਿਮਾਰੀਆਂ ਤੋਂ ਬਚਾਅ ਸਕਦੇ ਹਨ ਆਪਣੇ ਅੰਦਰ ਬਿਮਾਰੀ ਨਾਲ ਲੜਨ ਦੀ ਸ਼ਕਤੀ ਵੀ ਪੈਦਾ ਕਰ ਸਕਦੇ ਹਨ।

ਜਿਵੇਂ ਕਿ ਪੁਰਾਤਨ ਖਰੜਿਆਂ ਵਿਚ ਦੱਸਿਆ ਗਿਆ ਹੈ, ਭੋਜਨ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਪਹਿਲਾ ਭਾਗ ਉਹ ਭੋਜਨ ਜਿਹੜਾ ਪੇਟ ਦੀ ਸਫਾਈ ਕਰੇ ਜਾਂ ਕਹਿ ਲਓ ਸਰੀਰ ਦੀ ਗੰਦਗੀ ਸਾਫ ਕਰੇ, ਦੂਸਰਾ ਭਾਗ ਹੈ ਪੌਸ਼ਟਿਕ ਭੋਜਨ। ਫਲ ਪੇਟ ਦੀ ਸਫਾਈ ਲਈ ਜਾਣੇ ਜਾਂਦੇ ਹਨ ਜਦੋਂ ਕਿ ਸਬਜ਼ੀਆਂ, ਅਨਾਜ, ਦੁੱਧ, ਦਹੀਂ, ਫਲੀਆਂ ਇਹ ਪੌਸ਼ਟਿਕ ਗਿਣੇ ਜਾਂਦੇ ਹਨ। ਸਾਡੇ ਰੋਜ਼ ਦੇ ਖਾਣ ਪੀਣ ਵਿਚ ਦੋਨੋਂ ਤਰ੍ਹਾਂ ਦਾ ਭੋਜਨ ਹੋਣਾ ਚਾਹੀਦਾ ਹੈ ਇਹ ਹੀ ਨਹੀਂ ਤਰਲ ਪਦਾਰਥਾਂ ਤੇ ਠੋਸ ਭਾਵ ਅਨਾਜ ਆਦਿ ਦਾ ਪੂਰਾ-ਪੂਰਾ ਸੰਤੁਲਨ ਹੋਣਾ ਚਾਹੀਦਾ ਹੈ ਬਹੁਤ ਸਾਰੇ ਲੋਕੀ ਇਸ ਤਰ੍ਹਾਂ ਲੈਂਦੇ ਹਨ ਕਿ 40% ਅਨਾਜ ਆਦਿ, 20% ਫਲੀਆਂ ਆਦਿ, 20% ਸਬਜ਼ੀਆਂ, 15% ਫਲ ਤੇ ਸਲਾਜ ਆਦਿ 5% ਦੁੱਧ, ਪਨੀਰ ਆਦਿ। ਸਰਦੀਆਂ ਦੇਮੌਸਮ ਵਿਚ ਸਾਨੂੰ ਫਲ ਘੱਟ ਖਾਣੇ ਚਾਹੀਦੇ ਹਨ, ਕਿਉਂਕਿ ਫਲ ਸਾਨੂੰ ਠੰਡਕ ਦਿੰਦੇ ਹਨ। ਗਰਮੀਆਂ ਵਿਚ ਫਲ ਵੱਧ ਖਾਣੇ ਚਾਹੀਦੇ ਹਨ, ਸਬਜ਼ੀਆਂ ਵੱਧ ਖਾਣੀਆਂ ਚਾਹੀਦੀਆਂ ਹਨ, ਕਣਕ ਆਦਿ ਘੱਟ ਖਾਣੀ ਚਾਹੀਦੀ ਹੈ, ਇਸ ਤਰ੍ਹਾਂ ਕਰਨ ਨਾਲ ਤੁਸੀਂ ਚੰਗਾ ਸੰਤੁਲਨ ਰੱਖ ਸਕਦੇ ਹੋ।

ਪਰ ਕਈ ਲੋਕ ਤਾਂ ਹੱਦ ਤੱਕ ਪਹੁੰਚ ਜਾਂਦੇ ਹਨ ਉਹ ਖਾਣੇ ਦੇ ਬਾਰੇ ਵਹਿਮੀ ਹੋ ਜਾਂਦੇ ਹਨ ਕੇਵਲ ਕੱਚੀਆਂ ਸਬਜ਼ੀਆਂ ਤੇ ਫਲ ਹੀ ਖਾਣ ਲਗ ਪੈਂਦੇ ਹਨ। ਇਹ ਠੀਕ ਹੈ ਕਿ ਕੱਚੀਆਂ ਸਬਜ਼ੀਆਂ ਤੇ ਫਲ ਸਰੀਰ ਲਈ ਬਹੁਤ ਹੀ ਲਾਭਕਾਰੀ ਹਨ ਪਰ ਹਰ ਇਕ ਸਬਜ਼ੀ ਵੀ ਕੱਚੀ ਠੀਕ ਨਹੀਂ, ਇਸ ਤਰ੍ਹਾਂ ਕਰਨ ਨਾਲ ਸੰਤੁਲਨ ਖੁਰਾਕ ਨਹੀਂ ਬਣ ਜਾਂਦੀ। ਮਿਸਾਲ ਵਜੋਂ ਫਲੀਆਂ ਕੱਚੀਆਂ ਹਜ਼ਮ ਕਰਨੀਆਂ ਬਹੁਤ ਔਖੀਆਂ ਹਨ ਉਨ੍ਹਾਂ ਨੂੰ ਰਿੰਨ੍ਹ ਕੇ ਹੀ ਖਾਣਾ ਚਾਹੀਦਾ ਹੈ, ਕਈ ਸਬਜ਼ੀਆਂ ਵਿਚ ਕਈ ਹਾਨੀਕਾਰਕ ਤੱਤਵ ਵੀ ਹੁੰਦੇ ਹਨ ਜੋ ਕਿ ਰਿੰਨ ਕੇ ਹੀ ਠੀਕ ਹੋ ਸਕਦੇ ਹਨ। ਬਹੁਤ ਸਾਰੀਆਂ ਕੱਚੀਆਂ ਚੀਜ਼ਾਂ ਆਂਤੜੀਆਂ ਵਿਚ ਜਲਨ ਪੈਦਾ ਕਰਦੀਆਂ ਹਨ ਤੇ ਪੇਟ ਨੂੰ ਖਰਾਬ ਕਰਦੀਆਂ ਹਨ, ਆਂਤੜੀਆਂ ਤੋਂ ਇਲਾਵਾ appendix ਤੇ ਜਿਗਰ ਨੂੰ ਵੀ ਖਰਾਬ ਕਰਦੀਆਂ ਹਨ, ਜਿਗਰ ਵੀ ਬਹੁਤ ਸਾਰੀਆਂ ਚੀਜ਼ਾਂ ਹਜ਼ਮ ਨਹੀਂ ਕਰ ਸਕਦਾ। ਜੇ ਕਦੀ ਤੁਹਾਨੂੰ ਮੇਵੇ ਤੇ ਰਹਿਣਾ ਪਵੇ ਭਾਵ ਬਦਾਮ ਕਾਜੂ ਆਦਿ ਤੇ, ਬਹੁਤ ਛੇਤੀ ਹੀ ਤੁਹਾਡਾ ਮਿਹਦਾ ਖਰਾਬ ਹੋ ਜਾਵੇਗਾ ਬਹੁਤ ਸਾਰਾ ਅਣਪਚਿਆ ਪਦਾਰਥ ਤੁਹਾਡੇ ਅੰਦਰ ਰਹਿ ਜਾਵੇਗਾ, ਜਿਸ ਨਾਲ ਫੇਰ ਉਹ ਬੁਸ ਜਾਵੇਗਾ। ਫੇਰ ਉਸ ਦੀ ਗੈਸ ਬਣ ਜਾਵੇਗੀ ਤੇ ਹੋਰ ਕਈ ਸਮਸਿਆ ਹੋ

ਜਾਣਗੀਆਂ, ਪੇਟ ਖਰਾਬ ਹੋ ਜਾਵੇਗਾ।

ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਮਾਸਾਹਾਰੀ ਹੋ ਕੇ ਸ਼ਾਕਾਹਾਰੀ ਹੋ ਅਸੀਂ ਕਿਸੇ ਮਜ਼ਹਬ ਦੀ ਗੱਲ ਨਹੀਂ ਕਰ ਰਹੇ ਮੈਂ ਤਾਂ ਕੇਵਲ ਪੋਸ਼ਟਿਕ ਆਹਾਰ ਦੀ ਗੱਲ ਹੀ ਕਰ ਰਿਹਾ ਹਾਂ। ਸਬਜ਼ੀਆਂ ਸਾਨੂੰ ਜੋ ਕੁਝ ਵੀ ਹੋਵੇ ਪੌਸ਼ਿਟਕ ਆਹਾਰ ਦਿੰਦੀਆਂ ਹਨ, ਹਰ ਤਰ੍ਹਾਂ ਸੰਪੂਰਣ ਆਹਾਰ ਹਨ ਸਬਜ਼ੀਆਂ। ਜਿਹੜੇ ਆਤਮ ਮਾਰਗ ਤੇ ਚਲਣਾ ਚਾਹੁੰਦੇ ਹਨ ਉਨ੍ਹਾਂ ਲਈ ਸ਼ਾਕਾਹਾਰੀ ਜੀਵਨ ਹੀ ਠੀਕ ਹੈ। ਪਰ ਜੇ ਤੁਸੀਂ ਮਾਸ ਛੱਡ ਕੇ ਘਟੀਆ ਕਿਸਮ ਦਾ ਖਾਣਾ ਖਾਓਗੇ ਉਹ ਤਾਂ ਠੀਕ ਨਹੀਂ, ਜੇ ਤੁਸੀਂ ਕੇਵਲ ਆਈਸ ਕਰੀਮ, ਚੌਕਲੇਟ ਪੇਸਟਰੀਆ ਆਦਿ ਹੀ ਖਾਣਾ ਚਾਹੋ ਫੇਰ ਹਿ ਤਾਂ ਕੋਈ ਪੋਸ਼ਟਿਕ ਖਾਣਾ ਨਹੀਂ ਹੈ। ਜੇ ਤੁਸੀਂ ਸ਼ਾਕਾਹਾਰੀ ਹੋ ਤਾਂ ਯਾਦ ਰੱਖੋ ਫੇਰ ਤੁਸੀਂ ਚੰਗੇ ਗੁਣਾਂ ਵਾਲਾ ਖਾਣਾ ਹੀ ਖਾਓ।

ਸੂਰਜਮੁਖੀ ਦੇ ਬੀਜ, ਬਾਦਾਮ, ਸੋਇਆਬੀਨ, ਰਾਜਮਾਹ, ਹੋਰ ਫਲੀਆਂ, ਰੋਂਗੀ ਆਦਿ ਇਨ੍ਹਾਂ ਵਿਚ ਬਹੁਤ ਪ੍ਰੋਟੀਨ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਈ ਬੀਜ ਤੇ ਮੇਵਾ ਪੋਸ਼ਟਿਕਤਾ ਵਿਚ ਓਨੇ ਹੀ ਗੁਣਕਾਰੀ ਹਨ ਜਿੰਨਾ ਮਾਸ। ਕਈ ਟਿਪਣੀਕਾਰ ਦਸਦੇ ਹਨ ਕਿ ਸ਼ਾਕਾਹਾਰੀ ਕੁਝ ਵੀ ਖਾ ਲੈਣ ਉਨ੍ਹਾਂ ਦੀ ਪ੍ਰੋਟੀਨ ਕਦੇ ਵੀ ਮਾਸਾਹਾਰੀ ਜਿੰਨੀ ਨਹੀਂ ਹੋ ਸਕਦੀ ਕਿਉਂਕਿ ਸ਼ਾਕਾਹਾਰੀ ਵਸਤੂਆਂ ਵਿਚੋਂ ਬਹੁਤ ਥੋੜ੍ਹੀਆਂ ਹੀ ਇਹੋ ਜਿਹੀਆਂ ਚੀਜ਼ਾਂ ਹਨ ਜਿੰਨ੍ਹਾਂ ਵਿਚ ਉਸ ਮਾਤਰਾ ਵਿਚ ਪ੍ਰੋਟੀਨ ਹੈ ਜਿਹੜੀ ਮੀਟ ਵਿਚ ਹੈ। ਇਹ ਠੀਕ ਹੈ। ਇਸ ਦਾ ਸਮਾਧਾਨ ਸਿੱਧਾ ਹੈ ਤੁਸੀਂ ਕਣਕ, ਚੌਲ ਤੇ ਬੀਜ ਨੂੰ ਮਿਲਾ ਕੇ ਖਾਓ, ਦਾਲਾਂ ਖਾਓ, ਪੂਰੇ-ਪੂਰੇ amino acid ਵੀ ਮਿਲ ਜਾਂਦੇ ਹਨ ਇਨ੍ਹਾਂ ਵਿਚ ਕੋਈ ਹਾਨੀਕਾਰਕ ਤੱਤਵ ਵੀ ਨਹੀਂ ਹੁੰਦਾ। ਨਾ ਹੀ ਕੋਈ ਵੱਧ ਧੰਦਿਆਈ ਹੁੰਦੀ ਹੈ ਜਿਹੜੀ ਮੀਟ ਵਿਚ ਹੁੰਦੀ ਹੈ।

ਸ਼ਾਕਾਹਾਰੀ ਹੋਣ ਦੇ ਹੋਰ ਵੀ ਕਈ ਲਾਭ ਹਨ, ਇਨ੍ਹਾਂ ਨੂੰ ਕਬਜ਼ ਬਹੁਤ ਘੱਟ ਹੁੰਦੀ ਹੈ, ਬਵਾਸੀਰ ਬਹੁਤ ਘੱਟ ਹੁੰਦੀ ਹੈ, ਬਲੱਡ ਪਰੈਸ਼ਰ ਵੀ ਘੱਟ ਹੁੰਦਾ ਹੈ ਤੇ ਕਈ ਤਰ੍ਹਾਂ ਦਾ ਕੈਂਸਰ ਵੀ ਨਹੀਂ ਹੁੰਦਾ, ਸ਼ਾਕਾਹਾਰੀ ਖੁਰਾਕ ਦੇ ਚੰਗੇ ਪ੍ਰਭਾਵ ਬਜ਼ੁਰਗਾਂ ਵਿਚ ਦੇਖਣ ਵਿਚ ਆਉਂਦਾ ਹੈ, ਸ਼ਾਕਾਹਾਰੀਆਂ ਦੀ ਆਯੂ ਲੰਮੀ ਹੈ, ਬੁਢਾਪੇ ਵਿਚ ਉਨ੍ਹਾਂ ਦੀ ਸੋਚ ਉਨ੍ਹਾਂ ਦੀ ਯਾਦਾਸ਼ਤ ਠੀਕ ਰਹਿੰਦੀ ਹੈ। ਉਨ੍ਹਾਂ ਦਾ ਆਪਣੇ ਸਰੀਰ ਤੇ ਕੰਟਰੋਲ ਹੋਰ ਸਭ ਕੁਝ ਵਧੇਰੇ ਠੀਕ ਰਹਿੰਦਾ ਹੈ। ਜਦੋਂ ਕਿ ਦੂਸਰੇ ਪਾਸੇ ਬਹੁਤ ਸਾਰੇ ਮਾਸਾਹਾਰੀਆਂ ਵਿਚ ਇਹ ਸਭ ਕੁਝ ਨਹੀਂ ਹੁੰਦਾ ਉਨ੍ਹਾਂ ਵਿਚ ਇਕੋ ਜਿਹੀ ਸਮਰਥਾ ਨਹੀਂ ਰਹਿੰਦੀ, ਜਾਨਵਰਾਂ ਵਿਚ ਵੀ ਮਾਸਾਹਾਰੀਆਂ ਵਿਚ ਘੱਟ ਸਕਤੀ ਹੁੰਦੀ ਹੈ ਭਾਵ ਉਹ ਬੜੇ ਜ਼ੋਰ ਨਾਲ ਲੜ ਜਾਂਦੇ ਹਨ ਪਰ ਬਹੁਤ ਥੋੜ੍ਹੀ ਦੇਰ ਲਈ ਮਿਸਾਲ ਵਜੋਂ ਜਦੋਂ ਸ਼ੇਰ ਤੇ ਹਾਥੀ ਲੜਦੇ ਹਨ ਸ਼ੇਰ ਢਾਈ ਘੰਟੇ ਤੋਂ ਵੱਧ ਨਹੀਂ ਲੜ ਸਕਦਾ। ਹਾਥੀ ਤਿੰਨ ਦਿਨ ਤੱਕ ਲੜ ਸਕਦਾ ਹੈ। ਹਾਥੀ ਸ਼ਾਕਾਹਾਰੀ ਹੈ ਸੋ ਇਹ ਨਹੀਂ ਕਿਹਾ ਜਾ ਸਕਦਾ ਕਿ ਸ਼ਾਕਾਹਾਰੀ ਆਹਾਰ ਸੰਪੂਰਣ ਆਹਾਰ ਨਹੀਂ ਹੈ ਉਸ ਵਿਚ ਪੂਰੇ ਤੱਤਵ ਪੂਰੇ ਗੁਣ ਨਹੀਂ।

ਤੁਸੀਂ ਸ਼ਾਕਾਹਾਰੀ ਹੋ ਜਾਂ ਮਾਸਾਹਾਰੀ ਇਹ ਵਧੇਰੇ ਕਰਕੇ ਤੁਹਾਡੀ ਸੰਸਕ੍ਰਿਤੀ ਤੇ ਨਿਰਭਰ ਕਰਦਾ ਹੈ। ਕਈ ਵਾਰੀ ਤੁਹਾਡੀਆਂ ਸੰਸਕ੍ਰਿਤਕ ਆਦਤਾਂ ਤੁਹਾਡੇ ਸਰੀਰ ਨੂੰ ਸੁਅਸਥ ਬਨਾਉਣ ਵਿਚ ਰੁਕਾਵਟ ਪੈਦਾ ਕਰਦੀਆਂ ਹਨ। ਇਹੋ ਜਿਹੀ ਸੰਸਕ੍ਰਿਤੀ ਵਿਚ ਬਦਲਾਅ ਲਿਆਉਣਾ ਜ਼ਰੂਰੀ ਹੈ, ਸੋਧਣਾ ਜ਼ਰੂਰੀ ਹੈ। ਬਹੁਤ ਸਾਰੇ ਲੋਕੀ ਪਰੰਪਰਾਵਾਂ ਨੂੰ ਚੰਮੜੇ ਰਹਿੰਦੇ ਹਨ ਸੰਸਕ੍ਰਿਤੀ ਨੂੰ ਜੱਫਾ ਪਾ ਕੇ ਬੈਠੇ ਰਹਿੰਦੇ ਹਨ, ਉਹ ਇਨ੍ਹਾਂ ਕੀਮਤਾਂ ਕਦਰਾਂ ਨੂੰ ਜਾਚਣ ਨੂੰ ਤਿਆਰ ਹੀ ਨਹੀਂ ਕਿਸੇ ਤਰ੍ਹਾਂ ਦਾ ਬਦਲਾਵ ਲਿਆਉਣ ਲਈ ਤਿਆਰ ਹੀ ਨਹੀਂ ਚਾਹੇ ਉਹ ਕਿੰਨੀਆਂ ਹੀ ਅਸੁਅਸਥ ਕਿਉਂ ਨਾ ਹੋਣ। ਅੱਜ ਦਾ ਮਨੁੱਖ ਆਪਣੇ ਆਪ ਸਭਿਅ ਅਖਵਾਉਂਦਾ ਹੈ ਪਰ ਅੱਜ ਦੇ ਮਨੁੱਖ ਨੂੰ ਅਨੇਕਾਂ ਹੀ ਅਧੋਗਤੀ ਬਿਮਾਰੀਆਂ ਦਾ ਸ਼ਿਕਾਰ ਹੈ, ਕੀ ਲਾਭ ਹੈ ਇਹੋ ਜਿਹੀ ਸਭਿਅਤਾ ਦਾ ਜੇ ਉਹ ਤੁਹਾਨੂੰ ਬਿਮਾਰ, ਦੁਰਬਲ ਤੇ ਨਾ ਕਾਬਲ ਬਣਾ ਦੇਵੇ।

ਅਧੋਗਤਿ ਦੇ ਇਸ ਪ੍ਰਵਾਹ ਨੂੰ ਰੋਕਣ ਲਈ ਲੋਕੀ ਆਮ ਤੌਰ ਤੇ ਵਿਟਾਮਿਨ ਖਾਂਦੇ ਹਨ, ਹੋਰ ਤਾਕਤ ਵਾਲੀਆਂ ਦਵਾਈਆਂ ਖਾਂਦੇ ਹਨ। ਉਹ ਸੋਚਦੇ ਹਨ ਇਨ੍ਹਾਂ ਨੂੰ ਖਾਣ ਨਾਲ ਉਨ੍ਹਾਂ ਨੂੰ ਤਾਕਤ ਮਿਲੇਗੀ, ਬਿਮਾਰੀਆਂ ਠੀਕ ਹੋਣਗੀਆਂ ਬਹੁਤ ਵਾਰੀ ਲੋਕੀ ਪੁਛਦੇ ਹਨ, ਮੈਨੂੰ ਕਿੰਨੇ ਵਿਟਾਮਿਨ ਖਾਣੇ ਚਾਹੀਦੇ ਹਨ? ਪੁਰਾਤਨ ਖਰੜਿਆਂ ਵਿਚ ਵਿਟਾਮਿਨ ਬਾਰੇ ਕੁਝ ਦਸਿਆ ਹੀ ਨਹੀਂ ਗਿਆ। ਹਾਂ ਪੁਰਾਤਨ ਪੁਸਤਕਾਂ ਵਿਚ ਜੀਵਨ ਸ਼ਕਤੀ ਵਧਾਉਣ ਵਾਲੀਆਂ ਸ਼ਕਤੀ ਦੇਣ ਵਾਲੇ ਤਤਵਾਂ ਬਾਰੇ ਦਸਿਆ ਗਿਆ ਹੈ ਜਿਵੇਂ ਕਈ ਕਿਸਮ ਦੇ ਜੂਸ, ਜੜ੍ਹੀਆਂ ਬੂਟੀਆਂ, ਫਲਾਂ ਦਾ ਜੂਸ ਇਨ੍ਹਾਂ ਵਿਚ ਬਹੁਤ ਮਾਤਰਾ ਵਿਚ ਵਿਟਾਮਿਨ ਤੇ ਰਸਾਇਣ ਹੁੰਦੇ ਹਨ, ਇਨ੍ਹਾਂ ਦਾ ਹੀ ਸੇਵਨ ਕਰਨਾ ਚਾਹੀਦਾ ਹੈ। ਬਨਾਵਟੀ ਜਾਂ ਬਣਾਏ ਗਏ ਰਖੇ ਗਏ ਜੂਸ ਆਦਿ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਮਿਸਾਲ ਵਜੋਂ ਵਿਟਾਮਿਨ ਸੀ ਸੰਤਰੇ ਦੇ ਤਾਜ਼ੇ ਜੂਸ ਵਿਚ ਵੱਧ ਤੋਂ ਵੱਧ ਮਿਲਦਾ ਹੈ, ਇਹ ਸ਼ਕਤੀ ਦਾ ਇਕ ਤੱਤ ਛੇਤੀ ਹਜ਼ਮ ਹੁੰਦੇ ਹਨ।

ਜੇਕਰ ਫਲਾਂ ਦਾ ਸਬਜ਼ੀਆਂ ਦੇ ਰੇਸ਼ੇ ਨੂੰ ਜਾਂ ਕਹਿ ਲਓ ਗੁਦੇ ਨੂੰ ਚੰਗੀ ਤਰ੍ਹਾਂ ਨਾਲ ਸਮਲਿਆ ਜਾਵੇ ਤਾਂ ਉਨ੍ਹਾਂ ਦੀ ਪੌਸ਼ਟਿਕਤਾ ਘੱਟ ਜਾਵੇਗੀ। ਜੂਸ ਕੱਢਦੇ ਸਮੇਂ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਗੁਦੇ ਨੂੰ ਰੇਸ਼ੇ ਨੂੰ ਚੰਗੀ ਤਰ੍ਹਾਂ ਮਲ ਕੇ ਕੱਢ ਲੈਣਾ ਚਾਹੀਦਾ ਹੈ ਤਾਂ ਜੋ ਜੂਸ ਦੇ ਸਾਰੇ ਤੱਤ ਠੀਕ ਰਹਿਣ ਜੋ ਕੁਝ ਵਿਟਾਮਿਨ ਆਦਿ ਹਨ ਉਨ੍ਹਾਂ ਦਾ ਪੂਰਾ ਲਾਭ ਲੈ ਸਕੋ। ਛੇਤੀ ਦੇ ਕਾਰਣ ਲੋਕੀ ਜੂਸ, ਮਸ਼ੀਨਾਂ ਨਾਲ ਕੱਢਦੇ ਹਨ, ਇਨ੍ਹਾਂ ਨਾਲ ਜੂਸ ਤਾਂ ਨਿਕਲਦਾ ਹੈ ਲੋਕੀ ਪੀ ਕੇ ਸੋਚਦੇ ਹਨ ਉਨ੍ਹਾਂ ਨੂੰ ਜੂਸ ਪੀ ਲਿਆ ਹੈ ਪਰ ਇਹ ਬਹੁਤ ਸਾਰੀਆਂ ਮਸ਼ੀਨਾਂ ਠੀਕ ਤੇ ਪੂਰਾ ਜੂਸ ਨਹੀਂ ਕੱਢਦੀਆਂ। ਇਨ੍ਹਾਂ ਨਾਲ ਜੂਸ ਕੱਢਣ ਨਾਲ ਬਹੁਤ ਸਾਰੇ ਵਿਟਾਮਿਨ ਨਸ਼ਟ ਹੋ ਜਾਂਦੇ ਹਨ। ਵਾਸਤਵ ਵਿਚ ਸਬਜ਼ੀਆਂ ਦੇ ਗੂਦੇ ਨੂੰ ਫਲਾਂ ਦੇ ਗੂਦੇ ਨੂੰ ਕੁੱਟ ਕੇ ਮਲ ਕੇ ਫੇਰ ਉਸ ਵਿਚੋਂ ਜੂਸ ਕੱਢਣਾ ਚਾਹੀਦਾ ਹੈ ਇਸ ਤਰ੍ਹਾਂ ਕਰਨ ਨਾਲ ਸਾਰੇ ਵਿਟਾਮਿਨ ਠੀਕ

ਰਹਿੰਦੇ ਹਨ। ਬਹੁਤ ਹੀ ਘੱਟ, ਸ਼ਾਇਦ ਹੀ ਕੋਈ ਐਸੀ ਮਸ਼ੀਨ ਹੋਵੇ ਜਿਹੜੀ ਇਸ ਤਰ੍ਹਾਂ ਨਾਲ ਜੂਸ ਕੱਢ ਸਕੇ। ਇਥੇ ਇਹ ਦੱਸਣਾ ਠੀਕ ਹੋਵੇਗਾ ਕੋਈ ਵੀ ਮਸ਼ੀਨ ਮਨੁੱਖ ਦੇ ਦੰਦਾਂ ਦਾ ਮੁਕਾਬਲਾ ਨਹੀਂ ਕਰ ਸਕਦੀ, ਦੰਦਾਂ ਨਾਲ ਜੋ ਵੀ ਮਸ਼ੀਨ ਨਹੀਂ ਕਰ ਸਕਦੀ, ਦੰਦ ਛੋਟੇ ਤੋਂ ਛੋਟਾ ਰੇਸ਼ਾ ਵੀ ਚਬਾ ਲੈਂਦੇ ਹਨ। ਵਾਸਤਵ ਵਿਚ ਸਬਜ਼ੀਆਂ ਚੰਗੀ ਤਰ੍ਹਾਂ ਚਬਾ ਕੇ ਖਾਣੀਆਂ, ਫਲ ਚੰਗੀ ਤਰ੍ਹਾਂ ਨਾਲ ਚਿੱਥ ਕੇ ਕਾਣੇ ਇਹ ਹੀ ਸਭ ਤੋਂ ਚੰਗੀ ਗੱਲ ਹੋਵੇਗੀ ਇਸ ਤਰ੍ਹਾਂ ਉਨ੍ਹਾਂ ਦੇ ਗੁਣ ਵੀ ਠੀਕ ਰਹਿਣਗੇ। ਇਹ ਯਾਦ ਰਹੇ ਅਣਚਿਥਿਆ ਫਲ, ਸਬਜ਼ੀਆਂ ਕਦੀ ਵੀ ਹਜ਼ਮ ਨਹੀਂ ਹੋਵੇਗੀ। ਜਿਗਰ ਵਿਚ ਦੰਦ ਨਹੀਂ ਲੱਗੇ ਹੋਏ।

ਮਾੜਾ ਖਾਣਾ ਮਾੜੀ ਤਰ੍ਹਾਂ ਬਣਾਇਆ ਭੋਜਨ ਤੁਹਾਡੇ ਸਰੀਰ ਨੂੰ ਮਿਲਣ ਵਾਲੇ ਪੋਸ਼ਟਿਕ ਉਤੇ ਪ੍ਰਭਾਵ ਪਾ ਸਕਦੇ ਹਨ, ਸਰੀਰ ਦੀ ਗਤੀ ਤੇ ਫਰਕ ਪੈ ਸਕਦਾ ਹੈ। ਬਹੁਤ ਸਾਰੇ ਤੇਲ ਘਿਓ ਵਿਚ ਬਣੀ ਰੋਟੀ, ਬਹੁਤ ਭੁੰਨਿਆ ਭੋਜਨ, ਬਹੁਤ ਰਾੜ੍ਹਿਆ ਭੋਜਨ ਇਹ ਸਾਰੇ ਹੀ ਹਾਨੀਕਾਰਕ ਹਨ। ਇਹ ਦੇਖਣ ਵਿਚ ਆਇਆ ਹੈ ਬਹੁਤ ਸਾਰਾ ਤੇਲ ਘਿਓ ਖਾਣੇ ਦੀ ਪੋਸ਼ਟਿਕਤਾ ਨੂੰ ਹੀ ਖਤਮ ਕਰ ਦਿੰਦਾ ਹੈ। ਸੰਸਾਰ ਦੇ ਜਿਨ੍ਹਾਂ ਭਾਗਾਂ ਵਿਚ ਤੇਲ ਘਿਓ ਅਧਿਕ ਮਾਤਰਾ ਵਿਚ ਖਾਧਾ ਜਾਂਦਾ ਹੈ ਉਥੇ ਹਿਰਦੇ ਰੋਗ ਵਧ ਹਨ ਲੋੜ ਤੋਂ ਵੱਧ ਪਕਾਇਆ ਹੋਇਆ ਭੋਜਨ ਬਹੁਤ ਗਲਾਇਆ ਹੋਇਆ ਭੋਜਨ ਵੀ ਹਾਨੀਕਾਰਕ ਹੈ। ਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਤੁਹਾਨੂੰ ਖਾਣੇ ਪ੍ਰਤੀ ਧਿਆਨ ਰੱਖਣਾ ਚਾਹੀਦਾ ਹੈ ਭੋਜਨ ਨੂੰ ਬਹੁਤ ਰਾੜ੍ਹਨਾ ਨਹੀਂ ਚਾਹੀਦਾ। ਬਹੁਤ ਸੇਕਣਾ ਨਹੀਂ ਚਾਹੀਦਾ, ਸੁਆਦ ਲਈ ਉਸਨੂੰ ਭੁੰਨਦੇ ਹੀ ਨਹੀਂ ਰਹਿਣਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਤੁਸੀਂ ਖਾਣੇ ਦੇ ਸਾਰੇ ਪੌਸ਼ਟਿਕ ਪਦਾਰਥ ਹੀ ਨਸ਼ਟ ਕਰ ਦਿੰਦੇ ਹੋ, ਉਸਨੂੰ ਹਾਨੀਕਾਰਕ ਹਜ਼ਮ ਹੋਣ ਲਈ ਔਖਾ ਕਰ ਦਿੰਦੇ ਹੋ। ਵਾਸਤਵ ਵਿਚ ਤੁਸੀਂ ਖਾਣੇ ਦੀ ਜਾਨ ਹੀ ਖਤਮ ਕਰ ਦਿੰਦੇ ਹੋ। ਉਸ ਨਾਲ ਪੇਟ ਤਾਂ ਜ਼ਰੂਰ ਭਰ ਜਾਂਦਾ ਹੈ ਪਰ ਸਰੀਰ ਦੀ ਜ਼ਰੂਰਤ ਪੂਰੀ ਨਹੀਂ ਹੁੰਦੀ ਪੂਰੀ ਪੋਸ਼ਟਿਕਤਾ ਨਹੀਂ ਮਿਲਦੀ ਇਸ ਤਰ੍ਹਾਂ ਕਰਨ ਨਾਲ ਤੁਸੀਂ ਜਾਂ ਤਾਂ ਲੋੜ ਤੋਂ ਵੱਧ ਖਾ ਲੈਂਦੇ ਹੋ ਜਾਂ ਤੁਹਾਡੀ ਭੁੱਖ ਮਰ ਜਾਂਦੀ ਹੈ।

ਜੇਕਰ ਭੋਜਨ ਪੂਰੀ ਤਰ੍ਹਾਂ ਨਾਲ ਬਣਾਇਆ ਨਾ ਗਿਆ ਹੋਵੇ, ਗਲਾਇਆ ਨਾ ਗਿਆ ਹੋਵੇ ਤਾਂ ਵੀ ਔਖਾ ਹੋ ਸਕਦਾ ਹੈ, ਭੋਜਨ ਛੇਤੀ ਹਜ਼ਮ ਨਹੀਂ ਹੋਵੇਗਾ, ਜਿਗਰ ਉਸਨੂੰ ਚੰਗੀ ਤਰ੍ਹਾਂ ਹਜ਼ਮ ਨਹੀਂ ਕਰ ਸਕੇਗਾ। ਇਸ ਲਈ ਤੁਹਾਨੂੰ ਖਾਣਾ ਚੰਗੀ ਤਰ੍ਹਾਂ ਨਾਲ ਚਬਾ ਕੇ ਖਾਣਾ ਚਾਹੀਦਾ ਹੈ। ਖਾਣ ਦਾ ਮੰਤਵ ਕੇਵਲ ਖਾਣਾ ਹੀ ਨਹੀਂ ਹੋਣਾ ਚਾਹੀਦਾ। ਖਾਣ ਦਾ ਮੰਤਵ ਖਾਣੇ ਤੋਂ ਵੱਧ ਤੋਂ ਵੱਧ ਪੋਸ਼ਟਿਕਤਾ ਪ੍ਰਾਪਤ ਕਰਨਾ ਹੋਣਾ ਚਾਹੀਦਾ ਹੈ। ਇਸ ਕਰਕੇ ਭੋਜਨ ਨੂੰ ਜਿੰਨਾ ਚਬਾਓਗੇ ਓਨਾਂ ਹੀ ਤੁਹਾਡੇ ਲਈ ਚੰਗਾ ਹੋਏਗਾ, ਤੁਹਾਡੇ ਜਿਗਰ ਲਈ ਠੀਕ ਹੋਵੇਗਾ। ਜੇ ਤੁਸੀਂ ਆਪਣਾ ਭਾਰ ਘਟਾਣਾ ਚਾਹੁੰਦੇ ਹੋ, ਪਰ ਖਾਣਾ ਘੱਟ ਨਹੀਂ ਕਰਨਾ ਚਾਹੁੰਦੇ, ਤੁਹਾਨੂੰ ਆਪਣਾ ਭੋਜਨ ਖੂਬ ਚਬਾ-ਚਬਾ ਕੇ ਖਾਣਾ ਚਾਹੀਦਾ ਹੈ ਇਕ ਬੁਰਕੀ ਨੂੰ ਘੱਟੋ-ਘੱਟ 35 ਵਾਰੀ ਚਬਾਓ, ਤੁਸੀਂ ਦੇਖੋਗੇ ਇਸ ਦਾ ਕੀ ਪ੍ਰਭਾਵ ਪੈਂਦਾ ਹੈ, ਤੁਸੀਂ ਦੇਖੋਗੇ ਜੇ ਤੁਸੀਂ ਇਸ ਤਰ੍ਹਾਂ ਕਰੋਗੇ ਤੁਸੀਂ ਬਹੁਤਾ ਖਾ ਨਹੀਂ ਸਕੋਗੇ, ਤੁਸੀਂ ਸਹਿਜੇ ਹੀ ਭਾਰ ਘੱਟ ਕਰ ਲਵੋਂਗੇ, ਤੁਸੀਂ ਬਹੁਤ ਖਾ ਰਹੇ ਹੋ ਕਿਉਂਕਿ ਤੁਸੀਂ ਪੂਰੀ ਤਰ੍ਹਾਂ ਚਬਾ ਕੇ ਨਹੀਂ ਕਾ ਰਹੇ, ਤੁਹਾਡੇ ਸਰੀਰ ਨੂੰ ਪੂਰੀ ਪੋਸ਼ਟਿਕਤਾ ਮਿਲ ਹੀ ਨਹੀਂ ਰਹੀ। ਤੁਸੀਂ ਕਹਿ ਸਕਦੇ ਹੋ ਸਰੀਰ ਨੂੰ ਕਿਸੇ ਖਾਸ ਚੀਜ਼ ਦੀ ਲੋੜ ਹੈ ਉਸਨੂੰ ਉਹ ਮਿਲ ਹੀ ਨਹੀਂ ਰਹੀ, ਸੋ ਸਰੀਰ ਹੋਰ-ਹੋਰ ਮੰਗ ਰਿਹਾ ਹੈ।

ਭਾਰ ਘਟਾਣ ਦਾ ਸਭ ਤੋਂ ਚੰਗਾ ਤਰੀਕਾ ਹੈ ਉਹ ਕੁਝ ਖਾਓ ਜਿਹੜਾ ਤੁਹਾਡੇ ਸਰੀਰ ਨੂੰ ਠੀਕ ਬੈਠਦਾ ਹੈ। ਜੇਕਰ ਖਾਣਾ ਤਾਜ਼ਾ ਹੋਵੇ ਚੰਗੀ ਤਰ੍ਹਾਂ ਨਾਲ ਬਣਾਇਆ ਗਿਆ ਹੋਵੇ, ਨਾ ਬਹੁਤ ਪੱਕਿਆ ਹੋਵੇ ਨਾ ਕੱਚਾ ਹੋਵੇ, ਫੇਰ ਚੰਗੀ ਤਰ੍ਹਾਂ ਨਾਲ ਚਬਾ ਕੇ ਖਾਧਾ ਜਾਵੇ, ਤਾਂ ਤੁਸੀਂ ਕਦੇ ਵੀ ਬਹੁਤ ਨਹੀਂ ਖਾਓਗੇ ਲੋੜ ਤੋਂ ਵੱਧ ਨਹੀਂ ਖਾਓਗੇ, ਨਾ ਹੀ ਫੇਰ ਤੁਹਾਡਾ ਭਾਰ ਵਧੇਗਾ। ਵੱਧ ਖਾਣਾ ਸਭ ਤੋਂ ਮਾੜੀ ਗੱਲ ਹੈ ਇਸ ਨਾਲ ਮੋਟਾਪਾ ਵਧਦਾ ਹੈ, ਮੋਟਾਪਾ ਸਭ ਤੋਂ ਭੈੜੀ ਬਿਮਾਰੀ ਹੈ ਇਹ ਹੀ ਨਹੀਂ ਇਹ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ। ਆਮ ਤੌਰ ਤੇ ਲੋਕ ਜਿੰਨਾ ਖਾਂਦੇਹਨ ਉਨ੍ਹਾਂ ਨੂੰ ਓਨੇ ਦੀ ਲੋੜ ਨਹੀਂ ਹੁੰਦੀ, ਤੁਹਾਨੂੰ ਆਪਣੀ ਲੋੜ ਦੇਖਣੀ ਚਾਹੀਦੀ ਹੈ ਜਿੰਨੀ ਭੁੱਖ ਹੋਵੇ ਉਸ ਤੋਂ ਥੋੜ੍ਹਾ ਘੱਟ ਹੀ ਖਾਓ ਫੇਰ ਤੁਸੀਂ ਬਿਲਕੁਲ ਠੀਕ ਰਹੋਗੇ।

ਇਕ ਵਾਰੀ ਜਦੋਂ ਤੁਹਾਨੂੰ ਖਾਣੇ ਬਾਰੇ ਪਤਾ ਲਗ ਜਾਵੇ ਉਸ ਦੇ ਗੁਣਾਂ ਦਾ ਪਤਾ ਲਗ ਜਾਵੇ, ਫੇਰ ਤੁਹਾਨੂੰ ਇਹ ਜਾਨਣਾ ਜ਼ਰੂਰੀ ਹੈ ਕਿ ਖਾਣਾ ਖਾਧਾ ਕਿਵੇਂ ਜਾਵੇ? ਖਾਣ ਵਾਸਤੇ ਚੰਗਾ ਖੁਸ਼ੀ ਦਾ ਵਾਤਾਵਰਣ ਪੈਦਾ ਕਰਨਾ ਬਹੁਤ ਜ਼ਰੂਰੀ ਹੈ ਤੁਹਾਨੂੰ ਕਾਹਲ ਵਿਚ ਜਲਦੀ ਵਿਚ ਤੇ ਤਨਾਅ ਦੀ ਹਾਲਤ ਵਿਚ ਭੋਜਨ ਹੀਂ ਕਰਨਾ ਚਾਹੀਦਾ। ਚੰਗੀ ਖੁਸ਼ੀ ਦੀ ਮਾਨਸਿਕ ਸਥਿਤੀ ਵਿਚ ਹੀ ਭੋਜਨ ਖਾਣਾ ਚਾਹੀਦਾ ਹੈ। ਅੱਜ ਦੇ ਵਿਗਿਆਨਕ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਗੁੱਸੇ ਵਿਚ ਖਾਂਦਾ ਖਾਣਾ ਜ਼ਹਿਰ ਬਣ ਜਾਂਦਾ ਹੈ ਇਸ ਦਾ ਸਬੰਧ ਮਨ ਨਾਲ ਹੈ, ਸੁਭਾਅ ਨਾਲ ਹੈ, ਸਾਰੀਰ ਦੇ ਅੰਦਰ ਦੀਆਂ ਗ੍ਰੰਥੀਆਂ ਨਾਲ ਹੈ ਵਾਸਤਵ ਵਿਚ ਸਾਰੇ ਸਰੀਰ ਨਾਲ ਹੈ। ਬਹੁਤ ਸਾਰੇ ਘਰਾਂ ਵਿਚ ਦੇਖ ਕੇ, ਗੱਲਬਾਤ ਕਰਕੇ ਬਹੁਤ ਸਾਰੇ ਘਰਾਂ ਵਿਚ ਜਾ ਕੇ ਦੇਖਿਆ ਗਿਆ ਹੈ ਕਿ ਮੇਜ਼ ਉਤੇ ਪਰੋਸਿਆ ਖਾਣਾ ਭਾਵੇਂ ਕਿੰਨਾ ਹੀ ਚੰਗਾ ਕਿਉਂ ਨਾ ਹੋਵੇ, ਚੰਗਾ ਬਣਿਆ ਹੋਵੇ, ਪਰ ਜੇ ਖਾਣ ਵਾਲਿਆਂ ਦੀ ਮਨੋਵਿਰਤੀ ਠੀਕ ਨਾ ਹੋਵੇ, ਸ਼ਾਂਤੀ ਨਾ ਹੋਵੇ ਇਕ ਦੂਸਰੇ ਲਈ ਪਿਆਰ ਨਾ ਹੋਵੇ, ਜੇ ਕੋਈ ਚੰਗੀ ਗੱਲ ਬਾਤ ਨਾ ਹੋਵੇ ਤਾਂ ਤੁਹਾਨੂੰ ਅਵੱਸ਼ ਹੀ, ਪੇਟ ਦਾ ਹਾਜ਼ਮੇ ਦਾ ਰੋਗ ਹੋਵੇਗਾ ਚਾਹੇ ਕਬਜ਼ ਬਦਹਜ਼ਮੀ ਕੁਝ ਵੀ।

ਜੇ ਤੁਸੀਂ ਗੁੱਸੇ ਵਿਚ ਹੋ ਉਦਾਸ ਹੋ ਪਰੇਸ਼ਾਨ ਹੋ, ਦੁਖੀ ਹੋ ਤੁਹਾਡੇ ਅੰਦਰ ਦੇ ਹਾਜ਼ਮੇ ਦੇ ਰਸ ਹੀ ਨਹੀਂ ਬਣਨਗੇ। ਤਨਾਓ, ਪਰੇਸ਼ਾਨੀ, ਤਾਂਘ, ਗੁੱਸਾ ਇਹ ਸਭ ਕੁਝ ਤੁਹਾਡੇ

ਸਰੀਰ ਦੇ ਅੰਦਰ ਦੀਆਂ ਗ੍ਰੰਥੀਆਂ ਉਤੇ ਮਾੜਾ ਅਸਰ ਪਾਉਂਦੀਆਂ ਹਨ ਤੇ ਇਨ੍ਹਾਂ ਦਾ ਪੂਰਾ-ਪੂਰਾ ਰਸ ਨਹੀਂ ਪੈਦਾ ਹੁੰਦਾ। ਹੋਰ ਜਦੋਂ ਤੁਸੀਂ ਤਣਾਓ ਵਿਚ ਹੁੰਦੇ ਹੋ ਤੁਹਾਡੀਆਂ ਆਂਤੜੀਆਂ ਜਾਂ ਤਾਂ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ ਜਾਂ ਵਧੇਰੇ ਗਤੀਸ਼ੀਲ ਹੋ ਜਾਂਦੀਆਂ ਹਨ, ਇਸ ਨਾਲ ਵੀ ਤੁਹਾਡੀ ਪਾਚਨ ਸ਼ਕਤੀ ਤੇ ਪ੍ਰਭਾਵ ਪੈਂਦਾ ਹ। ਜਿਹੜਾ ਖਾਣਾ ਪੂਰੀ ਤਰ੍ਹਾਂ ਪਚਿਆ ਨਹੀਂ ਉਹ ਆਂਤੜੀਆਂ ਵਿਚ ਰਹਿ ਗਿਆ ਹੈ ਉਹ ਉਥੇ ਬੁੱਸ ਜਾਵੇਗਾ ਉਹ ਇਸ ਤਰ੍ਹਾਂ ਜ਼ਹਿਰ ਬਣ ਜਾਏਗਾ, ਸਰੀਰ ਨੂੰ ਹਾਨੀਕਾਰਕ ਸਿੱਧ ਹੋਵੇਗਾ। ਇਸ ਕਰਕੇ ਕੇਵਲ ਖਾਣਾ ਕਿਸ ਤਰ੍ਹਾਂ ਦਾ ਹੈ ਇਹ ਹੀ ਦੇਖਣਾ ਜ਼ਰੂਰੀ ਨਹੀਂ, ਕਿਸ ਤਰਵਾਂ ਦੇ ਵਾਤਾਵਰਣ ਵਿਚ ਖਾਧਾ ਜਾ ਰਿਹਾ ਹੈ ਇਹ ਵੀ ਓਨਾ ਹੀ ਜ਼ਰੂਰੀ ਹੈ।

ਚਾਹੇ ਤੁਸੀਂ ਕਿੰਨੇ ਭੁੱਖੇ ਕਿਉਂ ਨਾ ਹੋਵੋ, ਕਦੀ ਵੀ ਉਦੋਂ ਨਾ ਖਾਓ ਜਦੋਂ ਤੁਹਾਨੂੰ ਗੁੱਸਾ ਚੜ੍ਹਿਆ ਹੋਵੇ, ਖਾਣੇ ਦੀ ਜ਼ਹਿਰ ਨਾ ਬਣਾਓ, ਖਾਣੇ ਦੇ ਮੇਜ਼ ਨੂੰ ਲੜਾਈ ਦਾ ਘੇਰਾ ਨਾ ਬਣਾਓ। ਖਾਣਾ ਖਾਣ ਲਈ ਖੁਸ਼ੀ ਦਾ ਵਾਤਾਵਰਣ ਹੋਣਾ ਜ਼ਰੂਰੀ ਹੈ ਖੁਸ਼ੀ ਦੀ ਮਨੋਵਿਰਤੀ ਦਾ ਹੋਣਾ ਬਹੁਤ ਅਵਸ਼ਕ ਹੈ। ਮੇਜ਼ ਤੇ ਬੈਠ ਕੇ ਸੋਹਣੀ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ ਕਿਸੇ ਚੰਗੇ ਮਿਤਰ ਬਾਰੇ, ਸੋਹਣੀ ਗੱਲਬਾਤ ਹੋਣੀ ਚਾਹੀਦੀ ਹੈ, ਸਾਰਾ ਵਾਤਾਵਰਣ ਹੀ ਸੋਹਣਾ ਖੁਸ਼ੀ ਭਰਪੂਰ ਪਿਆਰ ਭਰਿਆ ਹੋਣਾ ਚਾਹੀਦਾ ਹੈ। ਸੋ ਖਾਣਾ ਖਾਂਦੇ ਸਮੇਂ ਖੁਸ਼ ਹੋਣਾ ਪ੍ਰਸੰਨ ਰਹਿਣਾ ਸਿੱਖੋ, ਪ੍ਰਸੰਨਤਾ ਨਾਲ ਤੁਸੀਂ ਸਿਰਜਨਾਤਮਕ ਹੁੰਦੇ ਹੋ। ਇਹ ਗੱਲ ਤੁਹਾਨੂੰ ਪ੍ਰਮਾਤਮਾ ਤੇ ਨਹੀਂ ਛੱਡਣੀ ਚਾਹੀਦੀ, ਹੇ ਪ੍ਰਮਾਤਮਾ ਮੈਨੂੰ ਖੁਸ਼ ਰੱਖ। ਇਹ ਤੁਹਾਨੂੰ ਆਪਣੇ ਅੰਦਰ ਪੈਦਾ ਕਰਨੀ ਚਾਹੀਦੀ ਹੈ ਵਿਭਿੰਨਤਾ ਵਿਸ਼ਵ ਦਾ ਸੁਭਾਅ ਹੈ, ਪਰ ਖੁਸ਼ੀ ਪ੍ਰਸੰਨਤਾ ਮਨੁੱਖ ਦੀ ਆਪਣੀ ਹੈ।

ਪੁਰਾਤਨ ਸਮੇਂ ਲੋਕੀ ਖਾਣ ਤੋਂ ਪਹਿਲਾਂ ਹਮੇਸ਼ਾਂ ਹੀ ਅਰਦਾਸ ਕਰਦੇ ਸੀ, ਪ੍ਰਮਾਤਮਾ ਦਾ ਸ਼ੁਕਰ ਕਰਦੇ ਉਸਨੂੰ ਦੀ ਕ੍ਰਿਪਾ ਮੰਗਦੇ, ਇਹ ਸਾਰੀਆਂ ਪਰੰਪਰਾਵਾਂ ਦਾ ਇਕ ਸਾਂਝਾ ਗੁਣ ਰਿਹਾ ਹੈ। ਇਸ ਅਧਿਆਤਮਕ ਕਰਮ ਦਾ ਸਰੀਰਕ ਸਬੰਧ ਵੀ ਹੈ, ਇਸ ਤਰ੍ਹਾਂ ਅਰਦਾਸ ਕਰਨ ਨਾਲ ਤੁਸੀਂ ਸ਼ਾਂਤ ਹੋ ਜਾਂਦੇ ਹੋ। ਤੁਹਾਡੇ ਅੰਦਰ ਦੇ ਸਰੀਰ ਦੇ ਪਾਚਕ ਰਸ ਤੇ ਮੂੰਹ ਦੇ ਅੰਦਰ ਦਾ ਰਸ ਆਉਣੇ ਸ਼ੁਰੂ ਹੋ ਜਾਂਦੇ ਹਨ ਤੇ ਪਾਚਕ ਸ਼ਕਤੀ ਆਪਣੇ ਕਾਰਜ ਸ਼ੁਰੂ ਕਰ ਦਿਦੀ ਹੈ ਇਸ ਤਰ੍ਹਾਂ ਕਰਨ ਨਾਲ ਤੁਹਾਡਾ ਤਨਾਓ ਵੀ ਖਤਮ ਹੋ ਜਾਂਦਾ ਹੈ ਤੇ ਆਂਤੜੀਆਂ ਕੰਮ ਕਰਨਾ ਲਗ ਪੈਂਦੀਆਂ ਹਨ। ਇਸ ਤਰ੍ਹਾਂ ਨਾਲ ਅਰਦਾਸ ਕਰਨੀ ਚੁੱਪ ਰਹਿ ਕੇ ਨਿਸਲ ਹੋ ਕੇ, ਲੰਮੇ ਸੁਆਸ ਲੈ ਕੇ, ਖਾਣ ਤੋਂ ਪਹਿਲਾਂ ਤੁਹਾਡੇ ਅੰਦਰ ਇਕਸੁਰਤਾ ਇਕਸਾਰਤਾ ਆ ਜਾਂਦੀ ਹੈ, ਸਰੀਰ ਤੇ ਮਨ ਦੋਨੋਂ ਹੀ ਸਾਂਵੇ ਹੋ ਜਾਂਦੇ ਹਨ, ਇਸ ਤਰ੍ਹਾਂ ਕਰਨ ਤੋਂ ਬਾਅਦ ਜਦੋਂ ਭੋਜਨ ਦਾ ਸੇਵਨ ਕਰਦੇ ਹੋ।

ਤੁਹਾਨੂੰ ਭੋਜਨ ਸੁਆਦ ਲਗਦਾ ਹੈ, ਤੁਸੀਂ ਆਰਾਮ ਨਾਲ ਖਾਂਦੇ ਹੋ। ਖਾਣਾ ਕੋਈ ਅੰਦਰ ਸੁੱਟਣ ਵਾਲੀ ਚੀਜ਼ ਨਹੀਂ ਵਾਸਤਵ ਵਿਚ ਛੇਤੀ-ਛੇਤੀ ਖਾਣਾ ਤਾਂ ਹਾਨੀਕਾਰਕ ਹੈ।

ਖਾਣ ਤੋਂ ਬਾਅਦ ਪੰਜ ਦੱਸ ਮਿੰਟ ਆਰਾਮ ਕਰਨਾ ਜ਼ਰੂਰੀ ਹੈ, ਤੁਹਾਨੂੰ ਖੱਬੇ ਪਾਸੇ ਲੇਟ ਜਾਣਾ ਚਾਹੀਦਾ ਹੈ, ਇਸ ਤਰ੍ਹਾਂ ਨਾਲ ਤੁਹਾਡੀ ਸੱਜੀ ਨਾਸਿਕਾ ਚੱਲਣ ਲਗ ਪੈਂਦੀ ਹੈ, ਖੁਲ੍ਹ ਜਾਂਦੀ ਹੈ, ਇਸ ਤਰ੍ਹਾਂ ਨਾਲ ਗਰਮਾਈ ਸਾਰੇ ਸਰੀਰ ਵਿਚ ਜਾਂਦੀ ਹੈ। ਪਾਚਨ ਗਤੀ ਤੀਬਰ ਹੁੰਦੀ ਹੈ, ਇਸ ਤਰ੍ਹਾਂ ਕਰਨਾ ਬਹੁਤ ਹੀ ਲਾਭਕਾਰੀ ਹੈ। ਪਾਣੀ ਜਾਂ ਤਾਂ ਖਾਣ ਤੋਂ ਅੱਧਾ ਘੰਟਾ ਪਹਿਲਾਂ, ਜਾਂ ਅੱਧਾ ਘੰਟਾ ਬਾਅਦ ਵਿਚ ਪੀਣਾ ਚਾਹੀਦਾ ਹੈ, ਰੋਟੀ ਖਾਂਦੇ ਵੇਲੇ ਨਾਲ ਪਾਣੀ ਪੀਣਾ ਠੀਕ ਨਹੀਂ, ਨਾਲ ਪਾਣੀ ਪੀਣਾ ਹਾਨੀਕਾਰਕ ਹੈ ਇਸ ਨਾਲ ਜਿਹੜੇ ਪਾਚਕ ਰਸ ਹਨ ਉਹ ਪਾਣੀ ਨਾਲ ਮਿਲ ਕੇ ਪਤਲੇ ਹੋ ਜਾਂਦੇ ਹਨ ਤੇ ਪਾਚਨ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਪੁਰਾਤਨ ਸਮੇਂ ਤੋਂ ਇਹ ਵੀ ਦੱਸਿਆ ਜਾਂਦਾ ਹੈ ਕਿ ਖਾ ਕੇ ਇਕ ਦਮ ਸੌਣਾ ਵੀ ਹਾਨੀਕਾਰਕ ਹੈ। ਖਾ ਕੇ ਇਕ ਦਮ ਸੌਣ ਨਾਲ ਤੁਹਾਡਾ ਖਾਣਾ ਹਜ਼ਮ ਨਹੀਂ ਹੋਵੇਗਾ ਇਸ ਨਾਲ ਤੁਹਾਡਾ ਖੂਨ ਦਾ ਦੌਰਾ, ਹਿਰਦਾ, ਸਵੈ ਚਾਲਕ ਨਾੜੀ ਤੰਤਰ ਸਭ ਤੇ ਮਾੜਾ ਪ੍ਰਭਾਵ ਪੈਂਦਾ ਹੈ ਤੁਹਾਨੂੰ ਮਾੜੇ ਸੁਪਨੇ ਵੀ ਆਉਣਗੇ। ਸੋ ਇਹੋ ਜਿਹਾ ਕੰਮ ਕਿਉਂ ਕਰੋ ਕਿ ਤੁਹਾਨੂੰ ਇਸ ਤਰ੍ਹਾਂ ਦੇ ਡਰਾਉਣੇ ਸੁਪਨੇ ਆਉਣ?

ਇਸ ਤੋਂ ਇਲਾਵਾ ਜੇ ਤੁਸੀਂ ਬਹੁਤਾ ਨਹੀਂ ਖਾਓਗੇ ਤੁਹਾਨੂੰ ਘੁਰਾੜੇ ਵੀ ਨਹੀਂ ਆਉਣਗੇ, ਜੇ ਤੁਸੀਂ ਚੰਗੀ ਤਰ੍ਹਾਂ ਸੁਆਸ ਲੈਣੇ ਸਿੱਖ ਲਵੋਗੇ ਤਾਂ ਵੀ ਘੁਰਾੜੇ ਮਾਰਨੇ ਬੰਦ ਹੋ ਜਾਣਗੇ। ਘੁਰਾੜੇ ਮਾਰਨ ਦੇ ਦੋ ਕਾਰਨ ਹਨ ਇਕ ਤਾਂ ਜੇ ਤੁਸੀਂ ਮੋਟੇ ਹੋ, ਜਾਂ ਬਹੁਤ ਜ਼ਿਆਦਾ ਥੱਕ ਗਏ ਹੋ। ਦੂਸਰਾ ਵੱਡਾ ਕਾਰਣ ਹੈ ਜਦੋਂ ਤੁਸੀਂ ਰੋਟੀ ਖਾਣ ਤੋਂ ਬਾਅਦ ਛੇਤੀ ਹੀ ਸੌਣ ਚਲੇ ਜਾਂਦੇ ਹੋ, ਤੁਹਾਡੇ ਸੌਣ ਤੋਂ ਤਿੰਨ ਚਾਰ ਘੰਟੇ ਪਹਿਲਾਂ ਖਾਣਾ ਚਾਹੀਦਾ ਹੈ, ਖਾਣਾ ਹਜ਼ਮ ਹੋਣ ਤੋਂ ਬਾਅ ਹੀ ਤੁਹਾਨੂੰ ਸੌਣਾ ਚਾਹੀਦਾ ਹੈ।

ਜੂਸ ਪੀਣਾ ਫਲ ਖਾਣੇ ਵਧੇਰੇ ਲਾਭਦਾਇਕ ਹਨ, ਇਹ ਸਭ ਤੋਂ ਹੋਰ ਕੁਝ ਵੀ ਥੋੜ੍ਹਾ-ਥੋੜ੍ਹਾ ਖਾਣਾ ਚਾਹੀਦਾ ਹੈ, ਦਿਨ ਵਿਚ ਬਹੁਤ ਵਾਰੀ ਖਾਓ, ਥੋੜ੍ਹਾ-ਥੋੜ੍ਹਾ ਖਾਓ ਇਕੋ ਵਾਰੀ ਪੇਟ ਭਰ ਕੇ ਖਾਣਾ ਠੀਕ ਨਹੀਂ, ਬਹੁਤਾ ਖਾਣਾ ਠੀਕ ਨਹੀਂ। ਸਮਾਂ ਨਾ ਹੋਣ ਕਰਕੇ ਜਾਂ ਹੋਰ ਕਾਰਣਾਂ ਕਰਕੇ ਵਪਾਰੀ ਲੋਕ ਰਾਤ ਨੂੰ ਦੇਰ ਨਾਲ ਖਾਂਦੇ ਹਨ, ਇਹ ਸਰੀਰ ਲਈ ਹਜ਼ਮ ਕਰਨਾ ਔਖਾ ਹੋ ਜਾਂਦਾ ਹੈ, ਰਾਤ ਦੀ ਰੋਟੀ ਤਾਂ ਬਹੁਤ ਹੀ ਹਲਕੀ ਹੋਣੀ ਚਾਹੀਦੀ ਹੈ, ਦੇਰ ਨਾਲ ਖਾਣ ਨਾਲ ਸਰੀਰ ਔਖਾ ਹੁੰਦਾ ਹੈ।

ਨਿਯਮਤ ਸਮੇਂ ਖਾਣ ਦਾ ਵੀ ਆਪਣਾ ਮਹੱਤਵ ਹੈ, ਮੈਂ ਜਹਾਜ਼ ਦੀਆਂ air hostess ਨਾਲ ਗੱਲਬਾਤ ਕੀਤੀ ਹੈ ਹੋਰ ਲੇਟ ਕੰਮ ਕਰਨ ਵਾਲਿਆਂ ਨਾਲ ਗੱਲ ਕੀਤੀ ਹੈ, ਇਨ੍ਹਾਂ ਦਾ ਜਿਗਰ ਮੇਹਦਾ ਕੋਈ ਬਹੁਤ ਠੀਕ ਕੰਮ ਕਰਨ ਵਾਲਾ ਨਹੀਂ ਹੁੰਦਾ, ਉਨ੍ਹਾਂ ਦੇ ਸਾਰੇ ਸਰੀਰ ਦੀ ਗਤੀ ਹੀ ਬਹੁਤ ਨਿਯਮਤ ਨਹੀਂ ਰਹਿੰਦੀ। ਸਰੀਰ ਦੇ ਅੰਦਰ ਦੀ ਗਤੀ ਬਾਹਰ ਦੇ ਨਿਯਮ ਨਾਲ ਪ੍ਰਭਾਵਿਤ ਹੁੰਦੀ ਹੈ, ਖਾਣਾ ਤੇ ਸੌਣਾ ਦੋਨੋਂ ਹੀ ਸਰੀਰ ਤੇ ਬਹੁਤ ਹੀ ਅਸਰ ਪਾਉਂਦੇ ਹਨ, ਜੇ ਸਮੇਂ ਸਿਰ ਖਾਧਾ ਜਾਵੇ ਤਾਂ ਸਾਰਾ ਕੁਝ ਹੀ ਨਿਯਮਤ ਰਹਿੰਦਾ ਹੈ ਤੁਹਾਡੀਆਂ ਆਦਤਾਂ ਵੀ ਠੀਕ ਰਹਿੰਦੀਆਂ ਹਨ, ਬੇਟਾਇਮ ਖਾਧਾ ਪੇਟ ਖਰਾਬ ਕਰਦਾ ਹੈ, ਵਧੇਰੇ ਗੈਸ ਬਣਦੀ ਹੈ ਤੇ ਹੋਰ ਕਈ ਬਿਮਾਰੀਆਂ ਹੁੰਦੀਆਂ ਹਨ।

**(ਬਾਕੀ ਪੰਨਾ 64 ਤੇ)**

(ਪੰਨਾ 57 ਦਾ ਬਾਕੀ)

ਸਾਰੇ ਸੂਰਮਿਆਂ ਨੂੰ ਧਨ ਦਾਨ ਹੋਏ। ਭੂਆ ਜੀ ਦੇ ਤ੍ਰੈ ਪੁਤਰਾਂ ਤੇ ਜੋ ਬਚ ਰਹੇ ਤੇ ਬੜੇ ਸੂਰਮੇ ਹੋ ਕੇ ਲੜੇ ਸੇ ਮਿਹਰਾਂ ਹੋਈਆਂ। ਦੋ ਸ਼ਹੀਦ ਹੋਇਆਂ ਨੂੰ ਵਰਦਾਨ ਤੇ 'ਸ਼ਾਹ ਸੰਗ੍ਰਾਮ ਆਦਿ ਨਾਮ ਬਖਸ਼ੇ ਗਏ।

ਪਾਉਂਟੇ ਹੀ ਵੱਡੇ ਸਾਹਿਬਜ਼ਾਦੇ ਦਾ ਜਨਮ ਹੋਇਆ ਸੀ, ਉਨ੍ਹਾਂ ਦੀ ਉਮਰ ਇਸ ਵੇਲੇ ਚਾਰ ਪੰਜ ਮਹੀਨੇ ਦੀ ਸੀ। ਅੱਜ ਦੇ ਦੀਵਾਨ ਵਿਚ ਉਨ੍ਹਾਂ ਦਾ ਨਾਮ ਅਜੀਤ ਸਿੰਘ ਧਰਿਆ ਗਿਆ।

ਲਉਢੇ ਪਹਿਰ ਗੁਰੂ ਜੀ ਇਸ਼ਨਾਨ ਕਰਕੇ ਤਿਆਰ ਹੋ ਰਹੇ ਸਨ ਕਿ ਬੁੱਧੂਸ਼ਾਹ ਨੇ ਆ ਵਿਦਾ ਮੰਗੀ। ਬੁੱਧੂਸ਼ਾਹ ਤੇ ਬਹੁਤ ਆਤਮ ਮਿਹਰਾਂ ਹੋਈਆਂ ਸਨ, ਉਨ੍ਹਾਂ ਦੇ ਸਾਥੀਆਂ ਮੁਰੀਦਾਂ ਨੂੰ ਪੰਜ ਹਜ਼ਾਰ ਮਠਿਆਈ ਵਾਸਤੇ ਬੀ ਬਖਸ਼ਿਸ਼ ਹੋਈ। ਹੁਣ ਆਪ ਕੰਘਾ ਕਰ ਰਹੇ ਸਨ ਕਿ ਬੁੱਧੂ ਸ਼ਾਹ ਨੇ ਇਹ ਦਾਨ ਮੰਗ ਲਿਆ। ਤਦ ਸਤਿਗੁਰੂ ਜੀ ਉਹ ਦਾਨ ਦਸਤਾਰ ਸਣੇ ਦੇ ਦਿਤਾ। ਇਕ ਕਟਾਰ, ਇਕ ਪੁਸ਼ਾਕ, ਇਕ ਹੁਕਮਨਾਮਾ ਬੀ ਬਖਸ਼ਿਆ, ਜਿਸਦੀ ਕਥਾ ਅਦਭੁਤ ਹੈ -

ਬੁੱਧੂ ਸ਼ਾਹ ਨਾਲ ਔਰੰਗਜ਼ੇਬ ਨਾਰਾਜ਼ ਹੋ ਗਿਆ ਸੀ। ਕੁਛ ਸਮੇਂ ਮਗਰੋਂ ਹਾਕਮ ਸਢੌਰ ਅਸਮਾਨ ਖਾਂ ਨੇ ਬੁੱਧੂਸ਼ਾਹ ਤੇ ਹੱਲਾ ਕਰ ਦਿਤਾ ਤੇ ਮਾਰ ਦਿਤਾ ਸੀ। ਤਦੋਂ ਇਹ ਦਸਤਾਰ ਕਟਾਰ ਆਦਿ ਉਨ੍ਹਾਂ ਨੇ ਕੰਧ ਵਿਚ ਸਾਂਭ ਕੇ ਚਿਣ ਦਿਤੇ ਸੇ, ਇਹ 1817 ਬਿਕ੍ਰਮੀ ਵਿਚ ਕੰਧ ਡਿੱਗੀ ਤੇ ਫੇਰ ਚੀਜ਼ਾਂ ਸਹੀ ਸਲਾਮਤ ਮਿਲ ਗਈਆਂ, ਜੋ ਉਨ੍ਹਾਂ ਦੇ ਘਰਾਣੇ ਵਿਚ ਦੱਸੀਦੀਆਂ ਹਨ।

ਇਸ ਤਰ੍ਹਾਂ ਸਾਹਿਬ ਸਾਰੇ ਬੀਰਾਂ ਬਹਾਦਰਾਂ ਦੀ ਸੰਭਾਲ ਕਰਕੇ ਫੇਰ ਮਹੰਤ ਕ੍ਰਿਪਾਲ ਤੇ ਤਰੁੱਠੇ। ਆਪ ਨੇ ਦੂਸਰੀ ਦਸਤਾਰ ਕੇਸਰੀ ਰੰਗ ਦੀ ਬੰਨ੍ਹਣ ਵਾਸਤੇ ਮੰਗਵਾਈ ਤੇ ਅੱਧੀ ਉਹ ਕ੍ਰਿਪਾਲ ਤੇ ਮਹੰਤ ਜੀ ਨੂੰ ਬਖਸ਼ੀ। ਮਹੰਤ ਜੀ ਨੇ ਉਹ ਆਪਣੀ ਟੋਪੀ ਦੇ ਉਪਰ ਦੀ ਬੰਨ੍ਹ ਲਈ। ਇਸ ਪ੍ਰਕਾਰ ਦਇਆ ਰਾਮ ਨੂੰ ਇਕ ਢਾਲ ਬਖਸ਼ੀ। ਤਿੰਨਾਂ ਭਰਾਵਾਂ ਤੇ ਬੜੀ ਖੁਸ਼ੀ ਕੀਤੀ, ਬਹੁਤ ਧਨ ਬੀ ਬਖਸ਼ਿਆ ਮਾਨ ਬੀ ਦਿਤਾ ਤੇ ਅਸੀਸ ਬੀ ਦਿਤੀ।

ਸੂਰਮਿਆਂ ਵਿਚ ਹੁਣ ਚਾਉ ਸੀ ਤੇ ਫਤਹ ਨਾਲ ਵਧੇ ਦਿਲ ਦਾ ਉਮਾਹ ਸੀ ਤੇ ਆਪ ਹੱਲੇ ਕਰਕੇ ਫਤਹਿਸ਼ਾਹ ਤੇ ਜਾ ਪੈਣ ਦਾ ਸੰਕਲਪ ਸੀ। ਪਰ ਲਿਖਿਆ ਹੈ ਕਿ ਇਹ ਗੁਰੂ ਜੀ ਨੇ ਆਪ ਉਨ੍ਹਾਂ ਵਿਚੋਂ ਹਟਾ ਦਿਤਾ। ਇਹ ਉਮਾਹ ਮਦ ਦੀ ਸ਼ਕਲ ਪਕੜਦਾ ਹੈ, ਜੋ ਫੇਰ ਧਰਮ ਅਧਰਮ ਨੂੰ ਛੱਡ ਕੇ ਨੀਵੀਂ ਨੀਤੀ ਵਿਚ ਪੈ ਜਾਂਦਾ ਹੈ ਤੇ ਇਖਲਾਕ ਤੇ ਪੂਰਨ ਜੋਤਿ ਜਗੈ ਘਟ ਮੈਂ ਦੀ ਹਾਨੀ ਕਰਦਾ ਹੈ। ਆਪ ਨੇ ਸਮਝਾਇਆ ਤੇ ਦੱਸਿਆ ਕਿ ਤ੍ਰਿਸ਼ਨਾ ਪੂਰਨ ਦਾ ਰਾਜ ਨਹੀਂ, ਪਰ ਪਰੋਪਕਾਰ ਦਾ ਧਰਮ ਦਾ ਸੁੱਖ ਦੇਣ ਦਾ ਬਲ ਪੈਦਾ ਕਰਨਾ ਹੈ, ਜੋ 'ਭੈ ਕਾਹੂ ਕਉ ਦੇਤ ਨਹਿ' ਤੇ 'ਨਹਿ ਭੈ ਮਾਨਕ ਆਨ' ਦੇ ਆਦਰਸ਼ ਵਾਲਾ ਹੈ।

****


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

SUBSCRIPTION (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

SUBSCRIPTION ਵਿਦੇਸ਼

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........

ਪਤਾ/Address ..........

..........

..........

..........Pin Code..........

Phone.......... E-mail :..........

ਮੈਂ..........ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ..........ਮਿਤੀ..........ਰਾਹੀਂ ਭੇਜ ਰਿਹਾ ਹਾਂ।

ਦਸਖਤ..........

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

(ਪੰਨਾ 62 ਦਾ ਬਾਕੀ)

ਜੇ ਤੁਸੀਂ ਇਨ੍ਹਾਂ ਛੋਟੀਆਂ-ਛੋਟੀਆਂ ਗੱਲਾਂ ਦਾ ਧਿਆਨ ਰੱਖੋਗੇ ਤੁਹਾਨੂੰ ਕਦੀ ਬਦਹਜ਼ਮੀ ਨਹੀਂ ਹੋਵੇਗੀ। ਹੋਰ ਕਈ ਬਿਮਾਰੀਆਂ ਨਹੀਂ ਹੋਣਗੀਆਂ ਤੇ ਤੁਸੀਂ ਸੁਅਸਥ ਜੀਵਨ ਬਤੀਤ ਕਰ ਸਕੋਗੇ, ਇਨ੍ਹਾਂ ਗੱਲਾਂ ਨੂੰ ਹਰ ਇਕ ਨੂੰ ਸਮਝਣਾ ਚਾਹੀਦਾ ਹੈ, ਇਨ੍ਹਾਂ ਗੱਲਾਂ ਕਰਕੇ ਹੀ ਮਨੁੱਖ ਜਾਨਵਰ ਤੋਂ ਵਖਰਾ ਹੈ। ਜੇ ਮਨੁੱਖ ਦੇ ਸਾਮ੍ਹਣੇ ਕੋਈ ਖਾਣ ਦੀ ਚੀਜ਼ ਪਈ ਹੈ ਉਹ ਕਹਿ ਸਕਦਾ ਹੈ ਮੈਂ ਨਹੀਂ ਖਾਣੀ ਇਹ ਮੇਰੇ ਲਈ ਠੀਕ ਨਹੀਂ ਹੈ। ਜੇ ਡਾਕਟਰ ਨੇ ਦਸਿਆ ਹੈ ਇਹ ਨਹੀਂ ਖਾਣਾ ਤਾਂ ਉਹ ਨਹੀਂ ਖਾਣਾ, ਭਾਵੇਂ ਉਹ ਕਿੰਨਾ ਹੀ ਚੰਗਾ ਕਿੰਨਾ ਹੀ ਸੁਆਦ ਕਿਉਂ ਨਾ ਹੋਵੇ। ਪਰ ਜਾਨਵਰ ਇਹ ਨਹੀਂ ਕਰ ਸਕਦਾ, ਛੋਟੇ ਬੱਚੇ ਨਹੀਂ ਕਰ ਸਕਦੇ ਉਨ੍ਹਾਂ ਨੂੰ ਐਨੀ ਸਮਝ ਹੀ ਨਹੀਂ। ਸਮਝਦਾਰ ਲੋਕੀ ਸਮਝ ਜਾਂਦੇ ਹਨ ਉਹ ਕਦੋਂ ਵੱਧ ਖਾ ਰਹੇ ਹਨ ਕਦੋਂ ਉਨ੍ਹਾਂ ਖਾਣ ਨਾਲ ਮੋਹ ਰਿਹਾ ਹੈ, ਉਹ ਛੇਤੀ ਹੀ ਫੇਰ ਆਪਣੇ ਆਪ ਨੂੰ ਖਾਣ ਤੋਂ ਪਰ੍ਹੇ ਕਰ ਲੈਂਦੇ ਹਨ। ਉਹ ਖਾਣਾ ਬਦਲ ਲੈਂਦੇ ਹਨ। ਪੁਰਾਤਨ ਸਮੇਂ ਵਿਚ ਭੋਜਨ ਤਿਆਰ ਕਰਕੇ ਪ੍ਰਮਾਤਮਾ ਨੂੰ ਭੋਗ ਲਵਾ ਕੇ ਉਹ ਖਾਂਦੇ ਸੀ, ਨਾਲ ਹੀ ਪ੍ਰਮਾਤਮਾ ਦਾ ਧੰਨਵਾਦ ਕਰਦੇ ਸੀ ਕਿ ਉਸ ਨੇ ਖਾਣ ਨੂੰ ਦਿਤਾ ਹੈ। ਆਪਣੇ ਆਪ ਨੂੰ ਸੁਅਸਥ ਰੱਖਣਾ ਅਵੱਸ਼ਕ ਹੈ ਇਹ ਸਰੀਰ ਸਾਨੂੰ ਪ੍ਰਮਾਤਮਾ ਦੀ ਦੇਣ ਹੈ। ਸਾਨੂੰ ਸਾਰੇ ਕਾਰਜ ਨਿਰਲਿਪਤ ਹੋ ਕੇ ਕਰਨੇ ਚਾਹੀਦੇ ਹਨ। ਜਿਹੜੇ ਜੀਵਨ ਰਹੱਸ ਜਾਣਦੇ ਹਨ ਉਨ੍ਹਾਂ ਲਈ ਰੋਜ਼ ਦਾ ਜੀਵਨ ਇਕ ਪੂਜਾ ਹੀ ਬਣ ਜਾਂਦੀ ਹੈ।

* * * * *

## ਸੂਚਨਾ

**ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ -**

### Postal Address

**Vishav Gurmat Roohani Mission Charitable Trust, (Hospital A/c), Gurdwara Ishar Parkash**
Ratwara Sahib, P.O. Mullanpur Garibdass, Teh. Kharar
Via : Chandigarh, Distt. S.A.S Nagar (Mohali)
(Pb)-140901(India)

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - 02, 09, 16, 23, 30 ਸਤੰਬਰ

**ਸੰਗਰਾਂਦ** - 17 ਸਤੰਬਰ, ਦਿਨ ਸੋਮਵਾਰ।

**ਪੂਰਨਮਾਸ਼ੀ** - 26 ਸਤੰਬਰ, ਦਿਨ ਬੁੱਧਵਾਰ।
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਮਹੀਨੇ ਦੇ ਆਖਰੀ ਸ਼ਨਿੱਚਰਵਾਰ 29 ਸਤੰਬਰ 2007, ਸਮਾਂ ਦਿਨ ਦੇ - 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |
| 34. | ਅਨੰਦਮਈ ਜੀਵਨ ਜਾਚ | 50/- | |
| 35. | ਪੱਤਰਕਾਰ ਦੇ ਪ੍ਰਸ਼ਨ ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. | ਅਨੁਭਵੀ ਪ੍ਰਵਚਨ | 50/- | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. | ਅੰਦਰਲੀ ਖੋਜ | 130/- | |
| 39. | ਸਿਮਰਤ ਕਹਾਂ ਨਹੀਂ | 135/- | |
| 40. | ਰੂਹਾਨੀ ਪ੍ਰਵਚਨ | 35/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

RNI 61816/95

Postal Regd. No. CHD/0081/2006
PP/CHD-3/0003
PB/0360/2006-08

ਗੁਰਦੁਆਰਾ ਰਤਵਾੜਾ ਸਾਹਿਬ ਟਰਸਟ ਦੇ ਬਾਨੀ ਮਹਾਂਪੁਰਸ਼ਾਂ ਦੀ ਅਭੁੱਲ ਅਤੇ ਨਿਘੀ ਯਾਦ ਵਿਚ



ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ



ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ

# ਸਲਾਨਾ ਬਰਸੀ ਸਮਾਗਮ

## ਰਤਵਾੜਾ ਸਾਹਿਬ ਵਿਖੇ (ਨੇੜੇ ਚੰਡੀਗੜ੍ਹ) 28 ਤੋਂ 31 ਅਕਤੂਬਰ

## ਸਮਾਂ ਅੰਮ੍ਰਿਤਵੇਲੇ 3.00 ਵਜੇ ਤੋਂ ਰਾਤ 11.00 ਵਜੇ ਤੱਕ